ਮੇਰੀ ਸਾਹਿਤਕ ਜੀਵਨੀ

ਸੋਹਣ ਸਿੰਘ ਸੀਤਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਮੇਰੀ ਸਾਹਿਤਕ ਸਵੈ-ਜੀਵਨੀ ਲੜੀ ਨੰ. 1

ਮੇਰੀ ਸਾਹਿੱਤਕ ਸਵੈ-ਜੀਵਨੀ

ਸੋਹਣ ਸਿੰਘ ਸੀਤਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

MERI SAHITIK SWAY-JEEWANI (*Punjabi*)

by

SOHAN SINGH SEETAL
Seetal Bhawan
Model Gram, Ludhiana

1985
ਪਹਿਲੀ ਵਾਰ : 1100
ਮੁੱਲ : 14.50

ਸਰਦਾਰ ਦੇਵਿੰਦਰ ਸਿੰਘ ਕੰਗ, ਐਮ.ਏ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ
ਅਤੇ ਮੇਹਰਬਾਨ ਪ੍ਰਿੰਟਰਜ਼, ਨੇੜੇ ਸੀ. ਐਮ. ਸੀ. ਚੌਕ, ਲੁਧਿਆਣਾ ਵਿਖੇ ਛਪੀ

ਦੋ ਸ਼ਬਦ

ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਬਹੁਪੱਖੀ ਵਿਕਾਸ ਲਈ 1967 ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ । ਉਦੋਂ ਤੋਂ ਇਸ ਵਿਭਾਗ ਵਿਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਅਧੀਨ ਖੋਜ-ਕਾਰਜ ਹੋ ਰਿਹਾ ਹੈ । ਪੰਜਾਬੀ ਦੇ ਸਥਾਪਿਤ ਬਜ਼ੁਰਗ ਲੇਖਕਾਂ ਬਾਰੇ ਇਕ 'ਮੇਰੀ ਸਾਹਿੱਤਕ ਸਵੈ-ਜੀਵਨੀ' ਲੜੀ ਆਰੰਭ ਕੀਤੀ ਗਈ ਹੈ ਤਾਂ ਜੋ ਉਹ ਆਪਣੇ ਪਾਠਕਾਂ ਨੂੰ ਆਪਣੀ ਹਰ ਇਕ ਰਚਨਾ ਦੇ ਪਿਛੋਕੜ, ਪ੍ਰੇਰਣਾ ਅਤੇ ਮਨੋਰਥ ਬਾਰੇ ਖੁਦ ਦਸ ਸਕਣ । ਇਸ ਲੜੀ ਦੀ ਇਹ ਪਹਿਲੀ ਸਵੈ-ਜੀਵਨੀ ਹੈ ।

ਇਸ ਪੁਸਤਕ ਵਿਚ ਸ. ਸੋਹਣ ਸਿੰਘ ਸੀਤਲ ਨੇ ਆਪਣੇ ਸਾਹਿੱਤਕ ਜੀਵਨ ਉਤੇ ਪ੍ਰਕਾਸ਼ ਪਾਇਆ ਹੈ । ਸੀਤਲ ਹੋਰੀਂ ਪੰਜਾਬੀ ਸਾਹਿੱਤ ਵਿਚ ਕਹਾਣੀਕਾਰ, ਨਾਵਲਕਾਰ, ਸਿੱਖ ਇਤਿਹਾਸਕਾਰ ਅਤੇ ਵਾਰ-ਕਾਰ ਦੇ ਰੂਪ ਵਿਚ ਬਹੁਤ ਪ੍ਰਸਿੱਧ ਹਨ ਅਤੇ ਉਨ੍ਹਾਂ ਦੀਆਂ ਇਕ ਸੌ ਤੋਂ ਉਪਰ ਰਚਨਾਵਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਜਨ-ਜੀਵਨ ਦੇ ਨੇੜੇ ਰਹਿ ਕੇ ਬੜੀ ਰਵਾਨੀ ਨਾਲ ਆਪਣੀ ਗੱਲ ਕਹੀ ਹੈ । ਇਸ ਸਵੈ-ਜੀਵਨੀ ਵਿਚ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਦੇ ਲਿਖਣ ਕਾਰਣਾਂ, ਸਰੋਤਾਂ ਜਾਂ ਘਟਨਾਵਾਂ ਉਤੇ ਪ੍ਰਕਾਸ਼ ਪਾਉਂਦੇ ਹੋਇਆਂ ਇਹ ਵੀ ਸਪੱਸ਼ਟ ਕੀਤਾ ਹੈ ਕਿ ਕਿਵੇਂ ਕਿਵੇਂ ਲੋਕ ਉਨ੍ਹਾਂ ਦੇ ਸੰਪਰਕ ਵਿਚ ਆਉਂਦੇ ਰਹੇ ਅਤੇ ਉਹ ਉਨ੍ਹਾਂ ਦੀ ਗੱਲ-ਬਾਤ ਅਤੇ ਵਿਵ-ਹਾਰ ਤੋਂ ਆਪਣੀਆਂ ਰਚਨਾਵਾਂ ਦੇ ਵਿਸ਼ੇ ਲਭਦੇ ਰਹੇ । ਸੀਤਲ ਹੋਰਾਂ ਨੇ ਆਪਣੀ ਸਾਹਿੱਤ-ਸਾਧਨਾ ਦਾ ਇਤਿਹਾਸ ਲਿਖਦੇ ਹੋਇਆਂ ਦਸਿਆ ਹੈ ਕਿ ਅਨੰਤ ਕਠਿਨਾਈਆਂ ਦੇ ਬਾਵਜੂਦ ਲੇਖਕ ਸਾਹਿੱਤ ਸਿਰਜਨਾ ਦੀ ਤੀਬਰ ਇੱਛਾ ਨੂੰ ਆਪਣੇ ਮਨ ਵਿਚ ਕਿਵੇਂ ਪਾਲਦਾ ਰਹਿੰਦਾ ਹੈ ਅਤੇ ਸਮਾਂ ਆਉਣ ਤੇ ਇਹ ਇੱਛਾ ਕਿਵੇਂ ਸਾਹਿੱਤ-ਰਚਨਾ ਦਾ ਰੂਪ ਧਾਰਣ ਕਰ ਲੈਂਦੀ ਹੈ । ਉਹ ਆਪਣੇ ਰਚਨਾ-ਕਾਰਜ ਤੋਂ ਸੰਤੁਸ਼ਟ ਹਨ ਅਤੇ ਸਮੇਂ ਸਮੇਂ ਉਨ੍ਹਾਂ ਨੂੰ ਸਨਮਾਨਾਂ ਰਾਹੀਂ ਉਤਸ਼ਾਹ ਵੀ ਮਿਲਦਾ ਰਿਹਾ ਹੈ । ਉਹ ਸਾਹਿੱਤ ਅਕਾਦਮੀ, ਨਵੀਂ ਦਿੱਲੀ ਵੱਲੋਂ ਵੀ ਸਨਮਾਨਿਤ ਹਨ । ਮੈਂ ਸਮਝਦਾ ਹਾਂ ਕਿ ਕਿਸੇ ਸਾਹਿੱਤਕਾਰ ਨੇ ਸਾਹਿੱਤ ਕਿਉਂ ਰਚਿਆ, ਇਸ ਦੀ ਸਹੀ ਜਾਣਕਾਰੀ ਉਹ ਆਪ ਹੀ ਦੇ ਸਕਦਾ ਹੈ । ਆਲੋਚਕ ਤਾਂ ਕੇਵਲ ਅਨੁਮਾਨ ਤੇ ਹੀ ਸਾਰੀ ਗੱਲ ਉਸਾਰਦੇ ਹਨ ਅਤੇ ਕਈ ਵਾਰ ਉਹ ਆਲੋਚਨਾ ਗੁਮਰਾਹਕੁਨ ਵੀ ਹੁੰਦੀ ਹੈ । ਸੀਤਲ ਹੋਰਾਂ ਨੇ ਇਸ ਪੁਸਤਕ ਰਾਹੀਂ ਵਾਸਤਵਿਕ ਸਥਿਤੀ ਸਾਡੇ ਸਾਹਮਣੇ ਰਖੀ ਹੈ, ਜਿਸ ਕਰਕੇ ਉਨ੍ਹਾਂ ਦੀਆਂ ਰਚਨਾਵਾਂ ਦੇ ਅਧਿਐਨ ਨੂੰ ਠੀਕ ਪ੍ਰਸੰਗ ਵਿਚ ਰਖ ਕੇ ਪੜ੍ਹਿਆ ਜਾ ਸਕਦਾ ਹੈ । ਮੈਨੂੰ ਵਿਸ਼ਵਾਸ ਹੈ ਕਿ 'ਮੇਰੀ ਸਾਹਿੱਤਕ ਸਵੈ-ਜੀਵਨੀ' ਲੜੀ ਦੀ ਇਸ ਪਹਿਲੀ ਪੁਸਤਕ ਦਾ ਸਵਾਗਤ ਹੋਵੇਗਾ ਅਤੇ ਇਸ ਪ੍ਰਕਾਰ ਦੀਆਂ ਹੋਰ ਸਵੈ-ਜੀਵਨੀਆਂ ਛਾਪਣ ਦੀ ਸਾਨੂੰ ਪ੍ਰੇਰਨਾ ਮਿਲੇਗੀ ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਐਸ. ਐਸ. ਜੌਹਲ
ਵਾਈਸ-ਚਾਂਸਲਰ

ਭੂਮਿਕਾ

ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਦਾ ਮੂਲ ਉੱਦੇਸ਼ ਪੰਜਾਬੀ ਭਾਸ਼ਾ, ਸਾਹਿੱਤ ਅਤੇ ਸਭਿਆਚਾਰ ਦਾ ਬਹੁਪੱਖੀ ਵਿਕਾਸ ਕਰਨਾ ਹੈ। ਇਸ ਉੱਦੇਸ਼ ਦੀ ਪੂਰਤੀ ਲਈ ਕਈ ਪ੍ਰਕਾਰ ਦੀਆਂ ਯੋਜਨਾਵਾਂ ਉੱਤੇ ਕੰਮ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਵਿਚੋਂ ਇਕ ਯੋਜਨਾ 'ਪੰਜਾਬੀ ਲੇਖਕ ਲੜੀ' ਅਧੀਨ ਗੁਜ਼ਰ ਚੁੱਕੇ ਪ੍ਰਮੁਖ ਪੰਜਾਬੀ ਲੇਖਕਾਂ ਸੰਬੰਧੀ ਮੋਨੋਗ੍ਰਾਫ਼ ਲਿਖਵਾਉਣ ਦੀ ਹੈ। ਇਸ ਯੋਜਨਾ ਦੇ ਸਮਾਨਾਂਤਰ ਇਕ 'ਪੰਜਾਬੀ ਲੇਖਕ ਸਵੈ-ਜੀਵਨੀ ਲੜੀ' ਵੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਅਧੀਨ ਪੰਜਾਬੀ ਦੇ ਬਜ਼ੁਰਗ ਜੀਵਿਤ ਲੇਖਕਾਂ ਤੋਂ ਉਨ੍ਹਾਂ ਦੀ ਸਾਹਿੱਤ-ਸਾਧਨਾ ਦੇ ਸੰਦਰਭ ਵਿਚ ਸਵੈ-ਜੀਵਨੀਆਂ ਲਿਖਵਾਈਆਂ ਜਾਣੀਆਂ ਹਨ।

ਸਾਹਿੱਤਕ ਜੀਵਨੀ ਦਾ ਲਿਖਣ ਉੱਦੇਸ਼ ਲੇਖਕ ਦਾ ਆਪਣੇ ਜੀਵਨ ਬਾਰੇ ਵਿਵਰਣ ਦੇਣ ਲੱਗਿਆਂ ਉਸ ਨੂੰ ਸਾਹਿੱਤ-ਰਚਨਾ-ਪ੍ਰਕ੍ਰਿਆ ਨਾਲ ਸੰਬੰਧਿਤ ਕਰਨਾ ਹੈ ਅਤੇ ਇਹ ਸਪਸ਼ਟ ਕਰਨ ਦਾ ਯਤਨ ਕਰਨਾ ਹੈ ਕਿ ਕਿਹੜੀ ਰਚਨਾ ਕਦੋਂ, ਕਿੱਥੇ, ਕਿਵੇਂ ਲਿਖੀ ਗਈ ਅਤੇ ਉਸ ਦੇ ਮੂਲ ਵਿਚ ਕਿਹੜੀ ਕਿਹੜੀ ਘਟਨਾ ਜਾਂ ਸਰੋਤ ਕੰਮ ਕਰ ਰਿਹਾ ਸੀ ਜਿਸ ਤੋਂ ਪ੍ਰੇਰਿਤ ਹੋ ਕੇ ਉਹ ਰਚਨਾ ਹੋਂਦ ਵਿਚ ਆਈ। ਲੇਖਕ ਨੇ ਇਨ੍ਹਾਂ ਦਾ ਨਿਰਣਾ ਆਪਣੀਆਂ ਪਸੰਦਗੀਆਂ/ਨਾਪਸੰਦਗੀਆਂ ਦੇ ਆਧਾਰ ਤੇ ਕਰਨਾ ਹੈ। ਇਸ ਪ੍ਰਕਾਰ ਦੀ ਸਵੈ-ਜੀਵਨੀ ਲਿਖਣੀ ਬੜੀ ਕਠਿਨ ਹੈ ਕਿਉਂਕਿ ਇਸ ਵਿਚ ਲੇਖਕ ਨੂੰ ਮਾਨਸਿਕ ਸੰਤੁਲਨ, ਨਿੱਜੀ ਨਿਰੀਖਣ, ਡੂੰਘੇ ਗਿਆਨ ਅਤੇ ਗੰਭੀਰ ਵਿਵੇਕ ਨੂੰ ਪ੍ਰਦਰਸ਼ਿਤ ਕਰਨਾ ਹੁੰਦਾ ਹੈ। ਉਹ ਪਾਠਕ ਨੂੰ ਆਪਣੇ ਅੰਦਰ ਝਾਤੀ ਪੁਆਉਂਦਾ ਹੈ, ਆਪਣੇ ਮਹੱਤਵਪੂਰਣ ਤਜਰਬਿਆਂ ਨੂੰ ਪ੍ਰਕਾਸ਼ਦਾ ਹੈ। ਆਪਣੇ ਸੰਪਰਕ ਵਿਚ ਆਏ ਲੋਕਾਂ ਬਾਰੇ ਪਰਿਚੈ ਦਿੰਦਿਆਂ ਉਨ੍ਹਾਂ ਦੇ ਆਪਣੇ ਉਪਰ ਪਏ ਪ੍ਰਭਾਵਾਂ ਦਾ ਉਲੇਖ ਕਰਦਾ ਹੈ। ਸਮਕਾਲੀ ਲਹਿਰਾਂ/ਪ੍ਰਤਿ-ਲਹਿਰਾਂ ਦਾ ਪਤਾ ਦਿੰਦਾ ਹੈ ਅਤੇ ਇਸ ਤਰ੍ਹਾਂ ਆਪਣੇ ਜੀਵਨ ਦਾ ਸੱਚਾ ਚਿੱਠਾ ਪੇਸ਼ ਕਰਕੇ ਪਾਠਕ ਨਾਲ ਆਪਣੀ ਆਤਮੀਅਤਾ ਸਥਾਪਿਤ ਕਰਦਾ ਹੈ। ਲੇਖਕ ਦੀ ਸਮੁੱਚੀ ਸ਼ਖ਼ਸੀਅਤ ਉਸ ਦੀ ਅਜਿਹੀ ਜੀਵਨੀ ਰਾਹੀਂ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਸਾਹਿੱਤਕ ਸਵੈ-ਜੀਵਨੀ ਵਿਚ ਲੇਖਕ ਦਾ ਆਪਣਾ ਅਤੇ ਆਪਣੀ ਸਾਹਿੱਤ-ਸਾਧਨਾ ਦਾ ਇਤਿਹਾਸ ਖ਼ੁਦ ਉਸ ਦੁਆਰਾ ਲਿਖਿਆ ਹੁੰਦਾ ਹੈ ਜੋ ਨਾ ਕੇਵਲ ਆਪਣੀ ਸਾਹਿੱਤ-ਸਾਧਨਾ ਦਾ, ਸਗੋਂ ਵਸਤੂ-ਸਥਿਤੀ ਦਾ ਸਹੀ ਅਤੇ ਪ੍ਰਮਾਣਿਕ ਬੋਧ ਕਰਾਉਣ ਵਿਚ ਸਮਰੱਥ ਹੁੰਦਾ ਹੈ।

ਪ੍ਰਸਤੁਤ ਪੁਸਤਕ ਸ. ਸੋਹਣ ਸਿੰਘ ਸੀਤਲ ਦੀ ਸਾਹਿੱਤਕ ਸਵੈ-ਜੀਵਨੀ ਹੈ। ਸੀਤਲ ਹੋਰਾਂ ਦਾ ਜਨਮ 1909 ਈ. ਵਿਚ ਹੋਇਆ ਸੀ। ਉਨ੍ਹਾਂ ਨੇ ਹੁਣ ਤਕ ਪੰਜਾਬੀ ਜਗਤ ਨੂੰ 24 ਕਹਾਣੀਆਂ, 79 ਵਾਰਾਂ, 22 ਨਾਵਲ (3 ਨਾਵਲ ਛੋਟੇ ਆਕਾਰ ਦੇ ਹਨ),

ਸਿੱਖ ਇਤਿਹਾਸ ਨਾਲ ਸੰਬੰਧਿਤ 12 ਰਚਨਾਵਾਂ (3 ਬੱਚਿਆਂ ਲਈ) ਅਤੇ ਸਿੱਖ ਇਤਿਹਾਸ ਦੇ ਸੋਮੇ (ਪੰਜ ਭਾਗਾਂ ਵਿਚ) ਲਿਖ ਕੇ ਮਹੱਤਵਪੂਰਣ ਦੇਣ ਦਿੱਤੀ ਹੈ। ਉਨ੍ਹਾਂ ਦੀ ਇਸ ਦੇਣ ਨੂੰ ਮੁੱਖ ਰਖ ਕੇ ਇਹ ਸਾਹਿੱਤਕ ਸਵੈ-ਜੀਵਨੀ ਲਿਖਵਾਈ ਗਈ ਹੈ। ਇਸ ਵਿਚ ਉਨ੍ਹਾਂ ਨੇ ਆਪਣੀ ਰਚਨਾ ਦੇ ਮੁੱਢਲੇ ਤਜਰਬੇ ਤੋਂ ਲੈ ਕੇ ਸਮੇਂ ਸਮੇਂ ਪਏ ਪ੍ਰਭਾਵਾਂ ਦਾ ਉਲੇਖ ਕਰਦੇ ਹੋਇਆਂ ਉਨ੍ਹਾਂ ਪਰਿਸਥਿਤੀਆਂ ਦਾ ਚਿਤ੍ਰਣ ਵੀ ਕੀਤਾ ਹੈ ਜਿਸ ਕਰਕੇ ਰਚਨਾਵਾਂ ਹੋਂਦ ਵਿਚ ਆਈਆਂ। ਲੇਖਕ ਨੇ ਸਾਹਿੱਤਕ ਖੇਤਰ ਵਿਚ ਕੀਤੇ ਨਵੇਂ ਤਜਰਬਿਆਂ ਅਤੇ ਉਨ੍ਹਾਂ ਤੋਂ ਉਪਜੇ ਸੰਤੋਸ਼/ਅਸੰਤੋਸ਼ ਦੇ ਭਾਵਾਂ ਨੂੰ ਪ੍ਰਗਟ ਕਰਦੇ ਹੋਇਆਂ ਆਪਣੀ ਸ੍ਰੇਸ਼ਠ ਰਚਨਾ ਵੱਲ ਵੀ ਸੰਕੇਤ ਕੀਤਾ ਹੈ। ਸ. ਸੋਹਣ ਸਿੰਘ ਸੀਤਲ ਸ਼ੁਰੂ ਤੋਂ ਹੀ ਬੜੇ ਮਿਹਨਤੀ ਤੇ ਸਿਰੜ ਨਾਲ ਕੰਮ ਕਰਨ ਵਾਲੇ ਵਿਦਵਾਨ ਹਨ। ਭਾਵੇਂ ਉਨ੍ਹਾਂ ਦਾ ਪਰਿਵਾਰਕ ਕੰਮ ਖੇਤੀ ਕਰਨਾ ਸੀ, ਪਰ ਉਸ ਤੋਂ ਹਟ ਕੇ ਉਹ ਸਾਹਿੱਤਕਤਾ ਦੇ ਖੇਤਰ ਵਿਚ ਅਜਿਹੇ ਨਿਤਰੇ ਕਿ ਉਨ੍ਹਾਂ ਨੂੰ 'ਯੁਗ ਬਦਲ ਗਿਆ' ਨਾਵਲ ਲਿਖਣ ਅਤੇ ਹੋਰ ਸਾਹਿੱਤਕ ਪ੍ਰਾਪਤੀਆਂ ਕਰਕੇ ਸਾਹਿੱਤ ਅਕੈਡਮੀ, ਨਵੀਂ ਦਿੱਲੀ ਨੇ ਸਨਮਾਨਿਤ ਕੀਤਾ। ਉਨ੍ਹਾਂ ਦੀ ਪੰਜਾਬੀ ਸਾਹਿੱਤ ਨੂੰ ਦਿੱਤੀ ਇਸ ਮਹੱਤਵਪੂਰਣ ਦੇਣ ਦੇ ਫਲਸਰੂਪ ਹੀ ਇਹ ਸਵੈ-ਜੀਵਨੀ ਲਿਖਵਾਈ ਗਈ ਹੈ।

ਮੈਨੂੰ ਵਿਸ਼ਵਾਸ ਹੈ ਕਿ ਸ. ਸੋਹਣ ਸਿੰਘ ਸੀਤਲ ਦੇ ਸਿਰਜੇ ਸਾਹਿੱਤ ਵਿਚ ਰੁੱਚੀ ਰਖਣ ਵਾਲੇ ਵਿਦਵਾਨ ਇਸ ਰਚਨਾ ਤੋਂ ਲਾਭ ਉਠਾਉਣਗੇ।

ਰਤਨ ਸਿੰਘ ਜੱਗੀ
ਪ੍ਰੋਫੈਸਰ ਅਤੇ ਮੁੱਖੀ

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮੇਰੀ ਰਚਨਾ, ਮੇਰਾ ਜੀਵਨ

ਨਾਮ : ਸੋਹਣ ਸਿੰਘ

ਉਪਨਾਮ (ਤਖ਼ੱਲਸ) : 'ਸੀਤਲ'

ਗੋਤ : ਪਨੂੰ, ਜੱਟ ਸਿੱਖ

ਜਨਮ : ਸਨਿੱਚਰਵਾਰ, 7 ਅਗਸਤ, 1909 ਈ.

ਜਨਮ ਅਸਥਾਨ : ਪਿੰਡ ਕਾਦੀਵਿੰਡ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ (ਪਾਕਿਸਤਾਨ)

ਵਿੱਦਿਆ : ਮੈਟਰਿਕ, ਗਿਆਨੀ

ਪਿਤਾ ਦਾ ਨਾਮ : ਸਰਦਾਰ ਖ਼ੁਸ਼ਹਾਲ ਸਿੰਘ

ਮਾਤਾ ਦਾ ਨਾਮ : ਮਾਤਾ ਦਿਆਲ ਕੌਰ

ਪਤਨੀ : ਸਰਦਾਰਨੀ ਕਰਤਾਰ ਕੌਰ (ਜਨਮ 1909 ਈ.)

ਹੁਣ ਰਿਹਾਇਸ਼ : ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ-2 (ਪੰਜਾਬ)

ਇੱਕੋ ਤਸਵੀਰ ਨੂੰ ਦੋ ਵਾਰ ਬਨਾਉਣਾ ਪੈ ਜਾਏ, ਤਾਂ ਚੰਗੇ ਤੋਂ ਚੰਗੇ ਮੁਸੱਵਰ ਨੂੰ ਵੀ ਕਈ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪੈ ਜਾਂਦਾ ਹੈ। ਸਿਰੋਂ ਪਰੇ ਮਿਹਨਤ ਕਰਨ ਦੇ ਬਾਵਜੂਦ ਵੀ ਉਹ ਗੱਲ ਨਹੀਂ ਬਣਦੀ। ਕਿਤੇ ਤਾਂ ਦੋਹਾਂ ਤਸਵੀਰਾਂ ਦਾ ਮੁਹਾਂਦਰਾ ਹੂ-ਬ-ਹੂ ਮਿਲਦਾ ਜਾਪੇਗਾ, ਤੇ ਕਿਤੇ ਦੋਹਾਂ ਦੀ ਨੁਹਾਰ ਬਿਲਕੁਲ ਵੱਖ ਵੱਖ ਨਜ਼ਰ ਆਏਗੀ। ਦਰਸ਼ਕ ਸੋਚਣ ਲਈ ਮਜਬੂਰ ਹੋ ਜਾਏਗਾ, ਕਿ ਇਹ ਇਕੋ ਹੋਂਦ ਦੇ ਦੋ ਰੂਪ ਹਨ, ਜਾਂ ਦੋ ਵੱਖ ਵੱਖ ਹਸਤੀਆਂ ਦੇ।

ਏਹਾ ਮੁਸ਼ਕਲ ਇਸ ਵੇਲੇ ਮੇਰੇ ਸਾਮ੍ਹਣੇ ਹੈ। 26 ਮਈ, 1983 ਈ. ਨੂੰ ਮੈਂ 'ਵੇਖੀ ਮਾਣੀ ਦੁਨੀਆਂ' ਲਿਖੀ, ਤੇ ਸਤੰਬਰ, 1983 ਈ. ਵਿਚ ਉਹ ਛਪ ਕੇ ਪਾਠਕਾਂ ਦੇ ਸਾਮ੍ਹਣੇ ਆ ਗਈ। ਉਹ ਮੇਰੇ ਜੀਵਨ ਉਤੇ ਇਕ ਸਮੁੱਚੀ ਝਾਤ ਹੈ, ਦੁਨੀਆਂ ਵਿਚ ਜੋ ਮੈਂ ਵੇਖਿਆ, ਜੋ ਮਾਣਿਆਂ ਤੇ ਜੋ ਸਮਝਿਆ। ਤੇ ਇਸ ਪੁਸਤਕ ਦਾ ਮਨੋਰਥ ਕੇਵਲ ਮੇਰੇ ਸਾਹਿਤਿਕ ਜੀਵਨ ਤੋਂ ਪਾਠਕਾਂ ਨੂੰ ਜਾਣੂ ਕਰਾਉਣਾ ਹੈ।

ਵਿਰਸੇ ਵਿਚ ਮੈਨੂੰ ਜਾਇਦਾਦ ਤਾਂ ਮਿਲੀ, ਪਰ ਵਿੱਦਿਆ ਨਹੀਂ। ਉਹ ਇਲਾਕਾ ਵਿੱਦਿਆ ਦੇ ਪੱਖੋਂ ਬਹੁਤ ਪਛੜਿਆ ਹੋਇਆ ਸੀ। ਸਾਡੇ ਨਗਰ ਦੀ ਵਸੋਂ ਉਸ ਸਮੇਂ ਇਕ ਹਜ਼ਾਰ ਦੇ ਲਗਭਗ ਸੀ, ਤੇ ਸਾਰਾ ਪਿੰਡ 'ਅੰਗੂਠਾ ਲਾਉਣ ਵਾਲਿਆਂ ਦਾ ਸੀ। ਜਿਹੜੇ ਦੋ ਤਿੰਨ ਬਜ਼ੁਰਗ ਪੜ੍ਹੇ ਹੋਏ ਸਮਝੇ ਜਾਂਦੇ ਸਨ, ਉਹ ਵੀ ਗੁਰਮੁਖੀ ਦਾ ਮੋਟਾ ਟਾਈਪ ਸਹਿਜ-ਸਹਿਜ ਜੋੜ ਕਰ ਕਰ ਕੇ ਪੜ੍ਹ ਸਕਦੇ ਸਨ। ਮੇਰੇ ਪਿਤਾ ਜੀ ਵੀ ਮਸਾਂ ਏਨਾ ਹੀ ਪੜ੍ਹ ਸਕਦੇ ਸਨ। ਉਹਨਾਂ ਪਾਸ ਦੋ ਗ੍ਰੰਥ ਸਨ : ਇਕ ਤਾਂ ਵੈਦਿਕ (ਹਿਕਮਤ) ਦਾ ਗ੍ਰੰਥ ਸੀ 'ਅੰਮ੍ਰਿਤ ਸਾਗਰ' ਤੇ ਇਕ 'ਭਾਈ ਬਾਲੇ ਵਾਲੀ ਜਨਮ ਸਾਖੀ'। ਕਦੇ ਵਿਹਲੇ ਸਮੇਂ ਆਪ ਸਹਿਜ ਸਹਿਜ ਜੋੜ ਕਰਕੇ ਪੜ੍ਹਿਆ ਕਰਦੇ ਸਨ।

ਪਿਤਾ ਜੀ ਪਾਸ ਮੈਨੂੰ ਊੜਾ-ਐੜਾ ਪੜ੍ਹਾਉਣ ਦਾ ਵੀ ਸਮਾਂ ਨਹੀਂ ਸੀ। ਅਮਲੀ ਤੌਰ 'ਤੇ ਪਿਤਾ ਜੀ ਦੇ ਜੀਵਨ ਵਿਚ 'ਵਿਹਲ' ਦੀ ਕੋਈ ਗੁੰਜਾਇਸ਼ ਹੈ ਹੀ ਨਹੀਂ ਸੀ। ਪਰਵਾਰ ਨੂੰ ਪਾਲਣ ਵਾਸਤੇ ਉਹਨਾਂ ਨੂੰ ਚੌਵੀ ਘੰਟੇ ਵਿਚੋਂ ਪੰਦਰਾਂ-ਸੋਲਾਂ ਘੰਟੇ ਸਖ਼ਤ ਕੰਮ ਕਰਨਾ ਪੈਂਦਾ ਸੀ। (ਵੇਖੀ ਮਾਣੀ ਦੁਨੀਆਂ ਵਿਚ ਕਾਫ਼ੀ ਜ਼ਿਕਰ ਆ ਚੁੱਕਾ ਹੈ)

ਅਸੀਂ ਨੇੜੇ ਵੇਖਦੇ ਹਾਂ, ਤਾਂ ਹਰ ਵਸਤੂ ਸਾਨੂੰ ਪੂਰੇ ਆਕਾਰ ਵਿਚ ਨਜ਼ਰ ਆਉਂਦੀ ਹੈ। ਪਰ ਜਿਉਂ ਜਿਉਂ ਨਿਗਾਹ ਦੂਰੀ ਉਤੇ ਟਿਕਦੀ ਜਾਂਦੀ ਹੈ, ਦਿੱਸਣ ਵਾਲੀਆਂ ਚੀਜ਼ਾਂ ਛੋਟੀਆਂ ਤੇ ਧੁੰਦਲੀਆਂ ਹੁੰਦੀਆਂ ਜਾਂਦੀਆਂ ਹਨ।

ਏਹਾ ਹਾਲ ਯਾਦ-ਸ਼ਕਤੀ ਦਾ ਹੈ। ਜਿਉਂ ਜਿਉਂ ਅਸੀਂ ਬੀਤੇ 'ਤੇ ਝਾਤੀ ਮਾਰਦੇ ਹਾਂ, ਨਿੱਜੀ ਯਾਦਾਂ ਵੀ ਧੁੰਦਲੀਆਂ ਹੁੰਦੀਆਂ ਜਾਂਦੀਆਂ ਹਨ। ਜੀਵਨ ਨਾਲ ਉਹਨਾਂ ਦੀ ਸੁਪਨੇ ਜਿੰਨੀ ਹੀ ਸਾਂਝ ਰਹਿ ਜਾਂਦੀ ਹੈ।

ਪਹਿਲੀਆਂ ਯਾਦਾਂ ਉਹ ਹੁੰਦੀਆਂ ਹਨ, ਜੋ ਅਸੀਂ ਆਪ ਤੋਂ ਵੱਡਿਆਂ ਕੋਲੋਂ ਸੁਣਦੇ ਹਾਂ। ਸਹੀ ਅਰਥਾਂ ਵਿਚ ਉਹਨਾਂ ਦਾ ਸਾਨੂੰ ਕੋਈ ਗਿਆਨ ਨਹੀਂ ਹੁੰਦਾ। ਫਿਰ ਵੀ ਉਹ ਸਾਡੀਆਂ ਯਾਦਾਂ ਦਾ ਹਿੱਸਾ ਬਣ ਜਾਂਦੀਆਂ ਹਨ।

ਵਿੱਦਿਆ ਦੀ ਮੇਰੇ ਅੰਦਰ ਕੁਦਰਤੀ ਭੁੱਖ ਸੀ। ਬਹੁਤ ਛੋਟੀ ਉਮਰ ਵਿਚ ਹੀ ਮੈਂ 'ਜਨਮ ਸਾਖੀ' ਖੁਹਲ ਕੇ ਬਹਿ ਜਾਣਾ, ਤੇ ਉਹਦੀਆਂ ਸਤਰਾਂ ਉਤੇ ਇਉਂ ਨਜ਼ਰ ਟਿਕਾਈ ਮਸਤ ਹੋ ਜਾਣਾ, ਜਿਵੇਂ ਕੋਈ ਫ਼ਿਲਾਸਫ਼ਰ ਬੜੀ ਡੂੰਘੀ ਸੋਚ ਵਿਚ ਹੁੰਦਾ ਹੈ। 'ਜਨਮ ਸਾਖੀ' ਨਾਲ ਮੇਰੇ ਮੋਹ ਦਾ ਕਾਰਨ ਸੀ ਉਸ ਵਿਚਲੀਆਂ ਤਿੰਨ-ਰੰਗੀਆਂ ਤਸਵੀਰਾਂ। ਸਭ ਤੋਂ ਪਹਿਲਾਂ ਜਿਲਦ ਉਤੇ ਗੁਰੂ ਨਾਨਕ ਦੇਵ ਜੀ ਦੀ ਤਿੰਨ-ਰੰਗੀ ਤਸਵੀਰ ਸੀ। ਕਿੰਨਾ ਕਿੰਨਾ ਚਿਰ ਮੈਂ ਉਸ ਵੱਲ ਤਕਦੇ ਰਹਿਣਾ। ਤਿੰਨ-ਚਾਰ ਤਸਵੀਰਾਂ ਪੁਸਤਕ ਦੇ ਵਿਚ ਵੀ ਸਨ, ਜੋ ਗੁਰਦੇਵ ਦੇ ਜੀਵਨ ਦੀਆਂ ਵੱਖ ਵੱਖ ਝਾਕੀਆਂ ਦਰਸਾਉਂਦੀਆਂ ਸਨ। ਸਾਰੀਆਂ ਤਸਵੀਰਾਂ ਵੇਖ ਕੇ ਫਿਰ ਮੈਂ ਸਤਰਾਂ ਉਤੇ ਨਜ਼ਰ ਟਿਕਾ ਲੈਣੀ। ਇਕ ਇਕ ਸਤਰ ਉਤੇ ਉਂਗਲੀ ਫੇਰਦੇ ਮੈਂ ਹੇਠਾਂ ਤਕ ਪਹੁੰਚ ਜਾਣਾ।

ਵੱਡੀ ਭੈਣ ਤੇ ਮੇਰੀ ਉਮਰ ਵਿਚ ਤਿੰਨ-ਕੁ ਸਾਲ ਦਾ ਫ਼ਰਕ ਸੀ। ਮੇਰੀ ਖਿਡਾਵੀ ਜਾਂ ਖੇਡ ਦੀ ਸਾਥਣ ਉਹ ਹੁੰਦੀ। ਭੈਣ ਭਰਾ ਦਾ ਪਿਆਰ ਕੁਦਰਤੀ ਹੈ। ਪਰ ਜਿੱਥੇ ਬਹੁਤੀਆਂ ਭੈਣਾਂ ਦਾ ਇਕੋ ਵੀਰ ਹੋਵੇ, ਓਥੇ ਪਿਆਰ ਦੀ ਖਿੱਚ ਵਧੇਰੇ ਹੁੰਦੀ ਹੈ। ਜਿਸਨੂੰ ਅਸੀਂ ਪਿਆਰ ਕਰਦੇ ਹਾਂ, ਉਸਨੂੰ ਖਿਝਾਉਣ ਵਿਚ ਕੁਝ ਅਨੋਖਾ ਅਨੰਦ ਹੁੰਦਾ ਹੈ, ਜੋ ਬੋਲੀ ਰਾਹੀਂ ਪਰਗਟ ਨਹੀਂ ਕੀਤਾ ਜਾ ਸਕਦਾ।

ਕਈ ਵਾਰ ਮੈਂ ਆਪਣੀ ਧੁਨ ਵਿਚ ਮਸਤ ਬੈਠੇ ਹੋਣਾ, ਤਾਂ ਵੱਡੀ ਭੈਣ ਨੇ ਮੇਰੇ ਸਾਮ੍ਹਣੇ ਖੁੱਲ੍ਹੀ ਕਿਤਾਬ ਬੰਦ ਕਰ ਦੇਣੀ। ਮੈਂ ਇਕੋ ਵਾਰ ਚੀਕ ਉਠਣਾ, ''ਮਾ! ਵੇਖ ਲੈ, ਮੈਨੂੰ ਪੜ੍ਹਨ ਨਹੀਂ ਦੇਂਦੀ।''

ਓਦੋਂ ਅਜੇ ਮੈਂ 'ਮਾਂ ਜੀ' ਜਾਂ 'ਮਾਤਾ ਜੀ' ਕਹਿਣਾ ਨਹੀਂ ਸਾਂ ਸਿੱਖਿਆ। ਪਿੰਡ ਦੀ ਸੱਭਯਤਾ ਵਿਚ ਓਦੋਂ ਅਜੇ 'ਜੀ' ਸ਼ਬਦ ਦੀ ਸਹੀ ਵਰਤੋਂ ਆਰੰਭ ਹੀ ਨਹੀਂ ਸੀ ਹੋਈ। ਜੇ ਕਿਸੇ ਨੇ 'ਜੀ' ਦੀ ਵਰਤੋਂ ਕਰਨੀ ਵੀ, ਤਾਂ ਬੜੇ ਓਪਰੇ ਢੰਗ ਨਾਲ। ਕਿਸੇ ਨੂੰਹ ਨੇ ਆਪਣੇ ਬਜ਼ੁਰਗ ਸਾਮ੍ਹਣੇ ਸ਼ਕਾਇਤ ਕਰਦਿਆਂ ਕਹਿਣਾ, ''ਵੇਖ ਜੀ! ਤੇਰਾ ਪੁੱਤਰ ਬਿਨਾਂ ਕਾਰਨ ਸਾਡੇ ਨਾਲ ਲੜਦਾ ਰਹਿੰਦਾ ਜੇ। ਅਸੀਂ ਪੇਕੇ ਤੁਰ ਗਏ, ਤਾਂ ਫੇਰ ਸਾਨੂੰ ਨਾ ਆਖਣਾ।''

ਬਾਲ-ਅਵਸਥਾ, ਅਨਪੜ੍ਹ ਸੱਭਯਤਾ ਦਾ ਅਸਰ, ਮੈਂ ਵੀ 'ਮਾਂ' ਹੀ ਕਹਿੰਦਾ ਸਾਂ।

''ਵੱਡਾ ਪੜ੍ਹਾਕੂ! ਸੁਣਾ ਖਾਂ! ਕੀ ਆਉਂਦਾ ਏ ਤੈਨੂੰ?'' ਭੈਣ ਨੇ ਅੱਗੋਂ ਕੁਛ ਰੁਅਬ ਨਾਲ ਕਹਿਣਾ।

''ਆਹ ਵੇਖ੍ਹਾਂ, ਊੜਾ, ਐੜਾ, ਈੜੀ।'' ਮੈਂ ਇਕ ਇਕ ਅੱਖਰ ਉਤੇ ਉਂਗਲ ਧਰ ਕੇ ਬੜੇ ਭਰੋਸੇ ਨਾਲ ਕਹਿਣਾ।

ਬੁੱਲ੍ਹੇ ਨੇ ਇਕ ਥਾਂ ਕਿਹਾ ਹੈ, ''ਇਕੋ ਅਲਫ਼ ਮੇਰੇ ਦਰਕਾਰ''। ਤੇ ਇਹ ਤਿੰਨੇ ਅੱਖਰ ਵੀ ਇਕੋ ਅਲਫ਼ ਦਾ ਹੀ ਘਰ ਪੂਰਾ ਕਰਦੇ ਹਨ। ਮੇਰੀ ਪੜ੍ਹਾਈ ਵੀ ਅਜੇ ਏਥੋਂ ਤਕ ਹੀ ਸੀਮਿਤ ਸੀ।

"ਦੱਸ ਖਾਂ ਭਲਾ, ਊੜਾ ਕਿਹੜਾ ਵੇ ?" ਭੈਣ ਨੇ ਇਮਤਿਹਾਨ ਲੈਣ ਵਾਲਿਆਂ ਵਾਂਗ ਪੁੱਛਣਾ ।

ਮੈਂ ਝੱਟ ਸਤਰ ਦੇ ਪਹਿਲੇ ਅੱਖਰ ਉੱਤੇ ਉਂਗਲ ਰੱਖ ਦੇਣੀ । ਮੇਰੇ ਵਾਸਤੇ ਉਸ ਸਮੇਂ ਹਰ ਸਤਰ ਦਾ ਪਹਿਲਾ ਅੱਖਰ ਊੜਾ ਸੀ ।

ਇਹਨਾਂ ਯਾਦਾਂ 'ਤੇ ਵਿਚਾਰ ਕਰਕੇ ਅੱਜ ਮੈਂ ਇਸ ਸਿੱਟੇ 'ਤੇ ਪੁਜਦਾ ਹਾਂ, ਕਿ ਮੇਰੇ ਅੰਦਰ ਵਿੱਦਿਆ ਦੀ ਜਮਾਂਦਰੂ ਭੁੱਖ ਸੀ ।

ਉਮਰ ਚਾਰ ਸਾਲ ਤੋਂ ਕੁਛ ਵਡੇਰੀ ਹੋਈ, ਤਾਂ ਮੈਂ ਮਾਤਾ ਜੀ 'ਤੇ ਜ਼ੋਰ ਦੇਣ ਲੱਗ ਪਿਆ, ਕਿ ਮੈਨੂੰ ਕਿਤੇ ਪੜ੍ਹਨੇ ਪਾ ਦੇਣ । ਮੇਰੀ ਇਸ ਖਿੱਚ ਵਿਚ ਹਰ ਮਹੀਨੇ ਉਗਰਾਹੀ ਲੈਣ ਵਾਲੇ ਪਾਂਧੇ ਨੇ ਵੀ ਕੁਛ ਵਾਧਾ ਕਰ ਦਿੱਤਾ । ਉਹ ਕਸੂਰ ਤੋਂ ਆਇਆ ਕਰਦਾ ਸੀ, ਤੇ ਪੁੰਨਿਆ, ਮੱਸਿਆ, ਸੰਗਰਾਂਦ ਦੱਸ ਕੇ ਹਰ ਘਰ ਤੋਂ ਉਗਰਾਹੀ ਕਰ ਲੈ ਜਾਇਆ ਕਰਦਾ । ਬਿਨਾਂ ਆਖਿਆਂ ਵੀ ਉਹਨੇ ਬਾਲਾਂ ਦੇ ਹੱਥ ਵੇਖਣੇ । ਮੇਰਾ ਹੱਥ ਵੇਖ ਕੇ ਉਹਨੇ ਏਸ ਗੱਲ 'ਤੇ ਉਚੇਚਾ ਜ਼ੋਰ ਦੇਣਾ, ਕਿ ਇਹਦੇ ਭਾਗਾਂ ਵਿਚ ਵਿੱਦਿਆ ਬਹੁਤ ਹੈ ।

ਕਈ ਵਾਰ ਮੈਂ ਇਕੱਲੇ ਬੈਠੇ ਕਿੰਨਾ ਕਿੰਨਾ ਚਿਰ ਸੋਚਦੇ ਰਹਿਣਾ, 'ਪਾਂਧਾ ਆਂਹਦਾ ਵੇ, ਇਹਦੇ ਭਾਗਾਂ ਵਿਚ ਵਿੱਦਿਆ ਬਹੁਤ ਹੈ, ਪਰ ਮੈਂ ਵਿੱਦਿਆ ਪੜ੍ਹਾਂ ਕਿੱਥੋਂ ?'

ਛੇਵਾਂ ਸਾਲ ਸ਼ੁਰੂ ਹੋ ਗਿਆ । ਮੈਂ ਮਾਤਾ ਜੀ 'ਤੇ ਜ਼ੋਰ ਦੇਣ ਲੱਗਾ, ਕਿ ਮੈਨੂੰ ਕਿਤੇ ਪੜ੍ਹਨੇ ਪਾ ਦੇਣ ।

ਮਾਤਾ ਜੀ ਨੇ ਕਈ ਵਾਰ ਹਉਕਾ ਲੈ ਕੇ ਕਹਿਣਾ, "ਪੁੱਤ ! ਮੈਂ ਵੀ ਚਾਹੁੰਦੀ ਹਾਂ, ਕਿ ਤੂੰ ਪੜ੍ਹ ਲਿਖ ਕੇ ਕਿਤੇ ਇਸ ਨਰਕ ਵਿਚੋਂ, ਨਿਕਲ ਜਾਵੇਂ, ਪਰ ਤੈਨੂੰ ਪੜ੍ਹਾਈਏ ਕਿੱਥੇ ? ਨੇੜੇ ਸਕੂਲ ਤਾਂ ਹੋਇਆ ਕੋਈ ਨਾ ।"

ਕਿੰਨਾ ਕਿੰਨਾ ਚਿਰ ਮੈਂ ਸੋਚਦਾ ਰਹਿੰਦਾ, ਕਿ ਮਾਤਾ ਜੀ ਉਸ ਜੀਵਨ ਨੂੰ 'ਨਰਕ' ਕਿਉਂ ਕਹਿੰਦੇ ਹਨ । ਕਾਫ਼ੀ ਵਡੇਰਾ ਹੋ ਕੇ ਮੈਨੂੰ ਪਤਾ ਲਗਾ, ਕਿ ਮੇਰੇ ਮਾਤਾ ਪਿਤਾ ਦਾ ਜੀਵਨ ਉਸ ਸਮੇਂ ਨਰਕ ਬਰਾਬਰ ਹੀ ਸੀ । ਸ਼ਰੀਕੇ ਦੀਆਂ ਮੁਸੀਬਤਾਂ, ਤੇ ਇਕੋ ਇਕ ਪੁੱਤਰ ਦੀ ਜ਼ਿੰਦਗੀ ਨੂੰ ਹਰ ਵੇਲੇ ਖ਼ਤਰਾ । ਸਮਾਂ ਆਉਣ ਉਤੇ ਗੁਰੂ ਦੀ ਕਿਰਪਾ ਨਾਲ ਸਭ ਕੁਛ ਠੀਕ ਹੋ ਗਿਆ ।

ਮੇਰੇ ਚੰਗੇ ਭਾਗਾਂ ਨੂੰ ਗੁਰਦੁਆਰੇ ਵਿਚ ਇਕ ਪੜ੍ਹਿਆ ਲਿਖਿਆ ਸਾਧੂ ਆ ਗਿਆ । ਖੇਤਾਂ ਵਿਚ ਨਵਾਂ ਪਿੰਡ ਬੱਝਾ ਸੀ । ਨੱਗਰ ਨਿਵਾਸੀਆਂ ਨੇ ਗੁਰਦੁਆਰਾ ਤਾਂ ਬਣਾ ਲਿਆ, ਪਰ ਸੇਵਾ ਕਰਨ ਵਾਲਾ ਸਾਧੂ ਅਨਪੜ੍ਹ ਹੀ ਸੀ ।

ਨਵੇਂ ਆਏ ਸਾਧੂ—ਹਰੀਦਾਸ—ਨੇ ਨੱਗਰ ਦੇ ਪਤਵੰਤਿਆਂ ਅੱਗੇ ਇਕ ਸ਼ਰਤ ਰੱਖੀ, "ਨੱਗਰ ਨਿਵਾਸੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਸਤੇ ਇਕ ਪੱਕਾ ਕਮਰਾ ਬਣਾ ਦੇਣ ਤੇ ਅਸੀਂ ਪਿੰਡ ਦੇ ਬੱਚਿਆਂ ਨੂੰ ਗੁਰਮੁਖੀ ਪੜ੍ਹਾਇਆ ਕਰਾਂਗੇ । ਨੱਗਰ ਵਿਚੋਂ ਪਰਸਾਦੇ ਸਾਡਾ ਚੇਲਾ ਲੈ ਆਇਆ ਕਰੇਗਾ ।"

ਨੱਗਰ ਨਿਵਾਸੀਆਂ ਨੇ ਇਹ ਸ਼ਰਤ ਮਨ ਲਈ । ਖੇਤਾਂ ਵਿਚ ਨਵੀਂ ਵਸੋਂ ਹੋਣ ਕਰਕੇ ਉਸ ਵੇਲੇ ਗੁਰਦੁਆਰੇ ਦੇ ਦੋ ਕੱਚੇ ਕਮਰੇ ਹੀ ਸਨ । (ਸਾਰਾ ਪਿੰਡ ਹੀ ਕੱਚਾ ਸੀ ।)

ਨੌਂ-ਦਸ ਲੜਕੇ ਗੁਰਮੁਖੀ ਪੜ੍ਹਨ ਬੈਠੇ। ਪਰ ਮਹੀਨੇ ਦੇ ਅੰਦਰ ਹੀ ਸਭੋ ਪੰਜ ਲੱਖ ਫ਼ੌਜ ਰਹਿ ਗਈ। ਬਾਕੀ ਸਾਰੇ 'ਇਕੋ ਅਲਫ਼ ਮੇਰੇ ਦਰਕਾਰ' ਦੇ ਅਸੂਲ 'ਤੇ ਭਰੋਸਾ ਕਰਕੇ ਛੁੱਟੀ ਕਰ ਗਏ।

ਉਹਨਾਂ ਪੰਜਾਂ ਵਿਦਿਆਰਥੀਆਂ ਵਿਚੋਂ ਮੈਂ ਸਭ ਤੋਂ ਛੋਟਾ ਸਾਂ। ਛੇ-ਸੱਤ ਮਹੀਨੇ ਵਿਚ ਸੰਤਾਂ ਨੇ ਸਾਨੂੰ 'ਪੰਜ ਗ੍ਰੰਥੀ' ਪੜ੍ਹਾ ਦਿੱਤੀ, ਤੇ ਗੁਰਮੁਖੀ ਲਿਖਣੀ ਸਿਖਾ ਦਿੱਤੀ। ਸੰਤਾਂ ਦੇ ਸਖ਼ਤ ਦਬਾਂ ਦੇ ਕਾਰਨ ਨਗਰ ਵਾਲਿਆਂ ਨੇ ਗੁਰੂ ਗ੍ਰੰਥ ਸਾਹਿਬ ਵਾਸਤੇ ਇਕ ਖੁਲ੍ਹਾ ਕਮਰਾ ਵੀ ਛੱਤ ਦਿਤਾ। ਪਰ ਸੰਤਾਂ ਦਾ ਸਾਡੇ ਪਿੰਡ ਦਿਲ ਨਾ ਲੱਗਾ ਤੇ ਉਹ ਚੁੱਪ ਕੀਤੇ ਹੀ ਨਗਰ ਛਡ ਕੇ ਕਿਧਰੇ ਚਲੇ ਗਏ।

ਮੇਰੀ ਪੜ੍ਹਾਈ ਦਾ ਪਹਿਲਾ ਦੌਰ ਖ਼ਤਮ ਹੋ ਗਿਆ। ਬਾਕੀ ਸਾਥੀ ਤਾਂ ਓਨੀ ਵਿੱਦਿਆ 'ਤੇ ਹੀ ਸੰਤੁਸ਼ਟ ਸਨ, ਪਰ ਮੇਰੇ ਮਨ ਦੀ ਤ੍ਰਿਪਤੀ ਨਹੀਂ ਸੀ।

ਸਵੇਰੇ ਉਠਦਿਆਂ ਇਸ਼ਨਾਨ ਕਰ ਕੇ ਮੈਂ ਪੰਜ ਗ੍ਰੰਥੀ ਲੈ ਕੇ ਬੈਠ ਜਾਣਾ। ਮੇਰੇ ਮਾਤਾ ਜੀ ਧਾਰਮਿਕ ਰੁਚੀਆਂ ਦੇ ਮਾਲਕ ਸਨ। ਉਹਨਾਂ ਵੱਲੋਂ ਸ਼ਰਤ ਸੀ, ਕਿ ਪਹਿਲਾ ਮੈਂ 'ਜਪੁਜੀ' ਸਾਹਿਬ ਦਾ ਪਾਠ ਕਰ ਲਵਾਂ, ਫਿਰ ਖਾਣ ਪੀਣ ਨੂੰ ਮਿਲੇਗਾ।

ਇਸ ਬੰਦਸ਼ ਦਾ ਇਹ ਲਾਭ ਹੋਇਆ, ਕਿ 'ਜਪੁਜੀ' ਸਾਹਿਬ ਮੈਨੂੰ ਜ਼ਬਾਨੀ ਯਾਦ ਹੋ ਗਿਆ। (ਪਿਛੋਂ ਮੈਂ ਨਿੱਤ-ਨੇਮ ਦੀਆਂ ਬਾਕੀ ਬਾਣੀਆਂ ਵੀ ਯਾਦ ਕਰ ਲਈਆਂ। 'ਨਿੱਤ ਨੇਮ' ਮੇਰੇ ਜੀਵਨ ਦਾ ਹਿੱਸਾ, ਜਾਂ ਆਤਮਕ ਖ਼ੁਰਾਕ ਬਣ ਗਿਆ ਹੈ।)

ਮੇਰੀ ਸਵੇਰ ਦੀ ਖ਼ੁਰਾਕ ਹੋਣੀ, ਇਕ ਛੋਟਾ ਜੇਹਾ ਪਰਾਉਂਠਾ ਤੇ ਦਹੀਂ। ਸ਼ਾਹ ਵੇਲਾ ਛਕਣ ਪਿਛੋਂ ਮੈਂ ਫਿਰ 'ਪੰਜ-ਗ੍ਰੰਥੀ' ਪੜ੍ਹਨ ਬੈਠ ਜਾਣਾ। ਕੁਝ ਪੱਤਰੇ ਪੜ੍ਹਨ ਪਿਛੋਂ ਮੈਂ ਕੋਈ ਨਾ ਕੋਈ 'ਕਿੱਸਾ' ਲੈ ਬੈਠਣਾ।

ਛੇ ਤੋਂ ਗਿਆਰਾਂ ਸਾਲ ਦੀ ਉਮਰ ਤਕ ਮੈਂ ਪੰਜਾਬੀ ਵਿਚ ਬਹੁਤ ਸਾਰੇ ਕਿੱਸੇ ਪੜ੍ਹੇ। ਏਨਾ ਯਾਦ ਹੈ, ਕਿ ਸਭ ਤੋਂ ਪਹਿਲਾਂ ਮੈਂ 'ਕਾਦਰਯਾਰ ਦਾ ਪੂਰਨ ਭਗਤ' ਪੜ੍ਹਿਆ ਸੀ। ਫਿਰ ਤਾਂ ਲਗਭਗ ਸਾਰੇ ਹੀ ਪ੍ਰਚਲਤ ਕਿੱਸੇ ਪੜ੍ਹੇ: ਪੂਰਨ ਕਾਲੀਦਾਸ, ਰੂਪ ਬਸੰਤ ਕਾਲੀਦਾਸ, ਸੋਹਣੀ ਫ਼ਜ਼ਲਸ਼ਾਹ, ਸੋਹਣੀ ਸਦਾ ਰਾਮ, ਹੀਰ ਵਾਰਸ, ਹੀਰ ਭਗਵਾਨ ਸਿੰਘ, ਸੱਸੀ ਪੁੰਨੂੰ, ਚੰਦਰ ਬਦਨ, ਮਿਰਜ਼ਾ ਸਾਹਿਬਾਂ, ਸ਼ਾਹ ਬਹਿਰਾਮ, ਤੇ ਯਾਦ ਨਹੀਂ, ਹੋਰ ਕੀ ਕੀ ਪੜ੍ਹਿਆ। ਦਸ-ਕੁ ਸਾਲ ਦੀ ਉਮਰ ਵਿਚ ਕਰਤਾਰ ਸਿੰਘ ਕਲਾਸਵਾਲੀਏ ਦੇ 'ਸਿਦਕ ਖ਼ਾਲਸਾ, ਤੇਗ ਖ਼ਾਲਸਾ' ਆਦਿ ਸਿੱਖ ਇਤਿਹਾਸ ਨਾਲ ਸੰਬੰਧਤ ਕਿੱਸੇ ਪੜ੍ਹੇ। ਮੇਰੇ ਮਨ 'ਤੇ ਉਹਨਾਂ ਦਾ ਬਹੁਤ ਅਸਰ ਹੋਇਆ।

ਕਿੱਸੇ ਪੜ੍ਹਨ ਵਿਚ ਮੈਂ ਏਨਾ ਮਗਨ ਹੋ ਜਾਂਦਾ, ਕਿ ਕਈ ਵਾਰ ਭੁੱਖ ਤ੍ਰੇਹ ਦਾ ਵੀ ਚੇਤਾ ਨਾ ਰਹਿੰਦਾ। ਕਈ ਵਾਰ ਮੈਂ ਇਸ ਸੋਚ ਵਿਚ ਆਪਣਾ ਆਪ ਭੁੱਲ ਜਾਂਦਾ, ਕਿ ਇਹ ਕਵੀਸ਼ਰ ਲੋਕ ਕਵਿਤਾ ਕਿਵੇਂ ਜੋੜ ਲੈਂਦੇ ਹਨ।

ਏਸੇ ਉਮਰ ਵਿਚ ਮੈਂ ਮਨ-ਘੜਤ ਟੋਟਕੇ ਜੋੜਨ ਲੱਗ ਪਿਆ। ਇਸ ਦਾ ਮੁੱਢ ਬੱਝਾ ਪਿਤਾ ਜੀ ਦੇ ਮੂੰਹੋਂ ਸੁਣੀਆਂ 'ਬਾਤਾਂ' ਤੋਂ। ਕਦੇ ਉਹਨਾਂ ਜ਼ਰਾ ਸਵਖਤੇ ਵਿਹਲੇ ਹੋ ਜਾਣਾ, ਤਾਂ ਮੈਂ ਸੌਣ ਲੱਗਿਆਂ ਉਹਨਾਂ ਕੋਲੋਂ ਸ਼ੌਕ ਨਾਲ ਬਾਤਾਂ ਸੁਣਨੀਆਂ।

ਮਿਸਾਲ ਵਜੋਂ :—

"ਜੇ ਜਾਵਣ ਤਾਂ ਦੁੱਖ ਘਨੇਰਾ, ਆਵਣ ਤਾਂ ਕਲਪਾਵਣ ।
ਰਾਮ ਕਰੇ, ਇਹ ਰਹਿਣ ਸਲਾਮਤ, ਨਾ ਆਵਣ ਨਾ ਜਾਵਣ ।"

ਮੈਂ ਬਥੇਰੇ ਅਕਲ ਦੇ ਘੋੜੇ ਦੁੜਾਉਣੇ, ਪਰ ਸਹੀ ਉੱਤਰ ਨਾ ਲੱਭ ਸਕਣਾ । ਅੰਤ ਪਿਤਾ ਜੀ ਨੇ ਹੀ ਦੱਸਣਾ, "ਅੱਖਾਂ ਆ ਜਾਣ, ਤਾਂ ਕਿੰਨੀ ਤਕਲੀਫ਼ ਹੁੰਦੀ ਹੈ ਤੇ ਜੇ ਅਸਲੋਂ ਚਲੀਆਂ ਜਾਣ, ਤਾਂ ਦੁਨੀਆਂ ਹਨੇਰ ਹੋ ਜਾਂਦੀ ਹੈ । ਸੋ, ਇਹ ਨਵੀਆਂ ਨਰੋਈਆਂ ਹੀ ਰਹਿਣ ਤਾਂ ਸੁਖ ਹੈ ।"

ਇਕ ਬਾਤ ਉਹਨਾਂ ਸੁਨਾਉਣੀ,
"ਦੂਗਲ ਜੀਭ, ਪਰ ਸਰਪ ਨਹੀਂ, ਅਸ਼ਟ ਭੁਜੀ, ਨਹੀਂ ਭਵਾਨੀ
ਉਡ ਕਰ ਮਾਰੇ, ਪੰਖ ਨਹੀਂ, ਬੁੱਝ ਬ੍ਰਹਮ ਗਿਆਨੀ।"

ਉੱਤਰ ! ਉਸ ਦੀਆਂ ਦੋ ਜੀਭਾਂ ਹਨ, ਪਰ ਉਹ ਸੱਪ ਨਹੀਂ । ਉਸ ਦੀਆਂ ਬਾਹੀਂ ਅੱਠ ਹਨ, ਪਰ ਉਹ ਭਵਾਨੀ (ਦੇਵੀ ਦੁਰਗਾ) ਨਹੀਂ । ਉਹ ਉੱਡ ਕੇ ਮਾਰ ਮਾਰਦਾ ਹੈ, ਪਰ ਉਸ ਦੇ ਖੰਭ ਕੋਈ ਨਹੀਂ । ਜਵਾਬ ਹੈ, ਜਾਲਾ ਤਣਨ ਵਾਲੀ ਮੱਕੜੀ ।

ਮੈਂ ਵੀ ਇਸ ਤਰ੍ਹਾਂ ਦੇ ਟੋਟਕੇ ਜੋੜਨ ਲੱਗ ਪਿਆ । ਪਰ ਮੈਂ ਸੰਗਦਿਆਂ ਕਿਸੇ ਨੂੰ ਸੁਣਾਉਂਦਾ ਨਹੀਂ ਸਾਂ । ਸਿਰਫ਼ ਆਪਣੇ ਆਪ ਵਿਚ ਹੀ ਖ਼ੁਸ਼ ਹੋ ਲੈਣਾ । ਕਵਿਤਾ ? ਨਹੀਂ, ਐਵੇ ਬੱਚਿਆਂ ਦੇ ਖੂਹ ਕਿਆਰੀਆਂ ਬਣਾ ਕੇ ਖੇਡਣ ਵਾਲੀ ਖੇਡ ਸੀ ।

2

1914 ਈ. ਵਿਚ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ । ਬਹੁਤ ਸਾਰੀਆਂ ਸਿਆਸੀ ਪਾਰਟੀਆਂ ਤਨੋ ਮਨੋ ਅੰਗਰੇਜ਼ ਦੀ ਮਦਦ ਵਿਚ ਜੁੱਟ ਪਈਆਂ । ਉਹਨਾਂ ਦਾ ਖ਼ਿਆਲ ਸੀ, ਕਿ ਜੰਗ ਜਿੱਤ ਜਾਣ ਦੀ ਖ਼ੁਸ਼ੀ ਵਿਚ ਅੰਗਰੇਜ਼ ਤੁਹਫ਼ੇ ਵਜੋਂ ਥਾਲ ਵਿਚ ਪਰੋਸ ਕੇ ਸ੍ਵੈ-ਰਾਜ ਸਾਡੀ ਭੇਟਾ ਕਰ ਦੇਣਗੇ ।

ਇਕ 'ਗ਼ਦਰ' ਪਾਰਟੀ ਹੀ ਸੀ, ਜੋ ਉਸ ਸਮੇਂ ਅੰਗਰੇਜ਼ ਦੇ ਵਿਰੁੱਧ ਸੀ । ਪਾਰਟੀ ਦਾ ਨਿਸ਼ਾਨਾ ਸੀ, ਕਿ ਫ਼ੌਜਾਂ ਨੂੰ ਪ੍ਰੇਰ ਕੇ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਹਥਿਆਰ-ਬੰਦ ਬਗ਼ਾਵਤ ਕਰਾਈ ਜਾਏ । ਪਰ ਭਾਰਤ ਦੇ ਆਮ ਲੋਕਾਂ ਵਿਚ ਅਜੇ ਏਨੀ ਜਾਗਰਤੀ ਨਹੀਂ ਸੀ ਆਈ । ਜਨਤਾ ਨੇ ਸਾਥ ਨਾ ਦਿੱਤਾ । ਸੋ ਪਾਰਟੀ ਆਪਣੇ ਮਨੋਰਥ ਵਿਚ ਸਫ਼ਲ ਨਾ ਹੋਈ । ਪਾਰਟੀ ਦਾ ਪਰਮੁਖ ਲੀਡਰ ਸ. ਕਰਤਾਰ ਸਿੰਘ 'ਸਰਾਭਾ' 16 ਨਵੰਬਰ, 1915 ਈ. ਨੂੰ ਫਾਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ ।

ਉਸ ਮਹਾਨ ਯੁੱਧ ਵਿਚ ਅੰਗਰੇਜ਼ ਜਿੱਤ ਗਏ । ਭਾਰਤੀ ਦੇਸ-ਭਗਤ ਲੱਗੇ ਸ੍ਵੈ-ਰਾਜ ਦੀ ਉਡੀਕ ਕਰਨ । ਤੇ ਉਹਨਾਂ ਨੂੰ ਕੀਤੀ ਸੇਵਾ ਬਦਲੇ ਮਿਲਿਆ ਕੀ ? ਰੋਲਟ ਐਕਟ, ਕਾਲਾ ਕਾਨੂੰਨ, ਜਿਸਦਾ ਸਿੱਟਾ, ਅੰਗਰੇਜ਼-ਭਗਤ ਪਾਰਟੀਆਂ ਵੀ ਸਰਕਾਰ ਦੇ ਵਿਰੁੱਧ ਹੋ ਗਈਆਂ । ਆਮ ਸਟੇਜ ਉਤੇ ਅੰਗਰੇਜ਼ ਦੀ ਮੁਖ਼ਾਲਫ਼ਤ ਸ਼ੁਰੂ ਹੋ ਗਈ । ਗਰਮ ਗਰਮ ਤਕਰੀਰਾਂ ਸ਼ੁਰੂ ਹੋ ਗਈਆਂ । ਗੋਰੀ ਸਰਕਾਰ ਵੀ ਸਖ਼ਤ ਹੋ ਗਈ । ਜ਼ਰਾ-ਕੁ ਕੋਈ ਜ਼ਬਾਨ ਖ਼ੁਹਲਦਾ, ਤਾਂ ਫੜ ਕੇ ਜੇਹਲ ਵਿਚ ਬੰਦ ਕਰ ਦਿੱਤਾ ਜਾਂਦਾ ।

ਮਿਸਾਲ ਵਜੋਂ : ਇਕ ਨਰਮ-ਖ਼ਿਆਲੀਆ ਦਿਲ ਦੀ ਹਵਾੜ ਕਢਣ ਵਾਸਤੇ ਸਟੇਜ

ਉਤੇ 'ਇਕਬਾਲ' ਦਾ ਇਹ ਸ਼ੇਅਰ ਸੁਣਾ ਬੈਠਾ :

''ਤੁੰਦੀਏ-ਬਾਦਿ-ਮੁਖ਼ਾਲਿਫ਼[1] ਸੇ ਨ ਘਬਰਾ ਐ ਉਕਾਬ[2],
ਯਹਿ ਤੋ ਚਲਤੀ ਹੈ ਤੁਝੇ ਊਂਚਾ ਉੜਾਨੇ ਕੇ ਲੀਏ।''

ਬੱਸ, ਛੇ ਮਹੀਨੇ ਵਾਸਤੇ ਉਸ ਸ਼ਰੀਫ਼ ਨੂੰ ਜੇਲ੍ਹ ਵਿਚ ਆਰਾਮ ਕਰਨ ਵਾਸਤੇ ਭੇਜ ਦਿੱਤਾ ਗਿਆ।

ਸ. ਕਿਸ਼ਨ ਸਿੰਘ 'ਉਰਾੜਾ' ਸਾਡੇ ਪਿੰਡ ਵਿਆਹੇ ਹੋਏ ਸਨ। ਉਹਨਾਂ ਕਿਤੇ ਦੋ ਦਿਨ ਵਾਸਤੇ ਆ ਜਾਣਾ, ਤਾਂ ਬਹੁਤ ਸਾਰੇ ਲੋਕ ਉਹਨਾਂ ਕੋਲ ਗੁਰਦੁਆਰੇ ਇਕੱਠੇ ਹੋ ਜਾਣੇ। ਉਹਨਾਂ ਕਰਤਾਰ ਸਿੰਘ ਕਲਾਸਵਾਲੀਏ ਦਾ ਲਿਖਿਆ 'ਸਿਦਕ ਖ਼ਾਲਸਾ' ਪੜ੍ਹਨਾ। ਆਵਾਜ਼ ਬੜੀ ਮਿੱਠੀ ਤੇ ਰਸ-ਦਾਇਕ ਸੀ। ਉਹ ਸੁਭਾਉ ਦੇ ਵੀ ਬੜੇ ਮਿਲਾਪੜੇ ਸਨ। ਇਸ ਲਈ ਸਾਰੇ ਨੱਗਰ ਵਿਚ ਉਹਨਾਂ ਦਾ ਬਹੁਤ ਆਦਰ-ਮਾਣ ਸੀ।

ਇਕ ਥਾਂ ਤਕਰੀਰ ਕਰਨ ਦੇ ਜੁਰਮ ਵਿਚ ਉਹ ਛੇ ਮਹੀਨੇ ਕੈਦ ਹੋ ਗਏ। ਸਾਡੇ ਸਾਰੇ ਨੱਗਰ ਨੇ ਇਸ ਨੂੰ ਬਹੁਤ ਮਹਿਸੂਸ ਕੀਤਾ। ਮੇਰੇ ਕੋਮਲ ਮਨ 'ਤੇ ਇਸਦਾ ਬਹੁਤ ਅਸਰ ਹੋਇਆ। ਉਹਨਾਂ ਦੀ ਜੇਲ੍ਹ-ਯਾਤਰਾ ਬਾਰੇ ਮੈਂ ਕਵਿਤਾ ਲਿਖੀ। ਏਨਾ ਹੀ ਯਾਦ ਹੈ, ਕਿ ਉਹ 'ਕੋਰੜਾ ਛੰਦ' ਦੀ ਤਰਜ਼ ਉਤੇ ਸੀ। ਕਿਉਂਕਿ 'ਸਦਾ ਰਾਮ' ਦੀ ਸੋਹਣੀ ਤੇ 'ਸ਼ਾਮੋ ਨਾਰ' ਦਾ ਕਿੱਸਾ ਪੜ੍ਹਨ ਕਰਕੇ ਮੇਰੇ ਦਿਮਾਗ਼ ਵਿਚ ਓਹਾ ਲੈਅ ਸਮਾਈ ਹੋਈ ਸੀ।

ਗੁਰਦੁਆਰੇ ਵਿਚ ਸ਼ਾਮ ਨੂੰ ਕੋਈ ਇਕੱਠ ਸੀ। ਮੈਂ ਉਹ ਕਵਿਤਾ ਖਲੋ ਕੇ ਸੁਣਾਈ। ਸਾਰਿਆਂ ਉਸ ਨੂੰ ਬਹੁਤ ਪਸੰਦ ਕੀਤਾ। ਪਰ ਮੈਂ ਆਪਣੇ ਆਪ ਨੂੰ ਧੋਖਾ ਦੇਣ ਲਈ ਤਿਆਰ ਨਹੀਂ। ਉਹ ਪਰਸੰਸਾ ਸ. ਕਿਸ਼ਨ ਸਿੰਘ ਦੇ ਸਤਿਕਾਰ ਵਜੋਂ ਸੀ, ਮੇਰੀ ਕਵਿਤਾ ਦੇ ਗੁਣਾਂ ਵਜੋਂ ਨਹੀਂ ਸੀ। ਉਹ ਕਵਿਤਾ ਐਵੇਂ ਮੁਢਲਾ ਅਭਿਆਸ ਸੀ। ਫਿਰ ਵੀ ਉਹ ਕਵਿਤਾ ਹੀ ਸੀ, 'ਅਕਵਿਤਾ' ਨਹੀਂ। ਅਫ਼ਸੋਸ, ਉਸ ਦੀ ਕਾਪੀ ਮੇਰੇ ਪਾਸ ਹੈ ਨਹੀਂ, ਨਹੀਂ ਤਾਂ ਮੈਂ ਆਪਣੇ ਪਾਠਕਾਂ ਤੋਂ ਲੁਕਾਉਂਦਾ ਕਦੇ ਨਾ।

ਉਪਰ-ਥੱਲੇ ਬਹੁਤ ਸਾਰੀਆਂ ਮਾਰੂ ਘਟਨਾਵਾਂ ਵਾਪਰੀਆਂ। ਰੋਲਟ ਬਿੱਲ, ਮਾਰਸ਼ਲ-ਲਾਂ, ਜੱਲਿਆਂ ਵਾਲੇ ਬਾਗ਼ ਦਾ ਸਾਕਾ, ਤੇ ਨਿਹੱਥਿਆਂ ਉਤੇ ਅਕਹਿ ਤੇ ਅਸਹਿ ਅਤਿਆ-ਚਾਰ। ਇਹਨਾਂ ਅਤਿਆਚਾਰਾਂ ਦਾ ਮੇਰੇ ਕੋਮਲ ਹਿਰਦੇ ਉਤੇ ਬਹੁਤ ਮਾਰੂ ਅਸਰ ਹੋਇਆ। ਮੈਂ ਸਰਕਾਰ ਦੇ ਖ਼ਿਲਾਫ਼ ਛੋਟੀਆਂ ਛੋਟੀਆਂ ਕਵਿਤਾਵਾਂ ਲਿਖਦਾ, ਪਰ ਸੰਗਦਾ ਕਿਸੇ ਨੂੰ ਸੁਣਾਉਂਦਾ ਨਾ।

ਗੁਰਦੁਆਰਿਆਂ ਦੇ ਸੁਧਾਰ ਵਾਸਤੇ 15 ਨਵੰਬਰ, 1920 ਈ. ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ, ਤੇ 14 ਦਸੰਬਰ, 1920 ਈ: ਨੂੰ 'ਸ਼ਰੋਮਣੀ ਅਕਾਲੀ ਦਲ' ਹੋਂਦ ਵਿਚ ਆਇਆ।

ਸਰਕਾਰ ਨੇ ਗੁਰਦੁਆਰਿਆਂ ਦੇ ਮਹੰਤਾਂ ਨੂੰ ਚੁੱਕ ਦਿੱਤਾ। ਸਿੱਟੇ ਵਜੋਂ 25 ਜਨਵਰੀ, 1921 ਨੂੰ ਤਰਨ ਤਾਰਨ ਦਾ ਸਾਕਾ ਹੋ ਗਿਆ। 20 ਫ਼ਰਵਰੀ, 1921 ਨੂੰ ਨਨਕਾਣਾ

---

1. ਵਿਰੋਧੀ ਤੇਜ਼ ਹਵਾਂ।
2. ਬਾਜ਼।

ਸਾਹਿਬ ਦਾ ਮਾਰੂ ਸਾਕਾ ਹੋਇਆ, ਜਿਸਨੇ ਸਾਰੀ ਸਿੱਖ ਕੌਮ ਨੂੰ ਹਲੂਣ ਦਿਤਾ। 7 ਅਗਸਤ, 1922 ਨੂੰ ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ ਹੋ ਗਿਆ, ਤੇ 15 ਸਤੰਬਰ, 1923 ਨੂੰ ਜੈਤੋ ਵਿਚ ਮੋਰਚਾ ਲੱਗ ਗਿਆ। (ਅਕਾਲੀ ਲਹਿਰ ਦਾ ਪੂਰਾ ਵੇਰਵਾ ਮੇਰੇ ਨਾਵਲ 'ਤੂਤਾਂ ਵਾਲਾ ਖੂਹ' ਵਿਚ ਆ ਚੁਕਾ ਹੈ।)

ਜੈਤੋ ਨੂੰ ਰੋਜ਼ ਜਾਣ ਵਾਲੇ ਪੰਜੀਆਂ ਸਿੰਘਾਂ ਦਾ ਜੱਥਾ ਸਾਡੇ ਪਿੰਡ ਵਿਚ ਦੀ ਲੰਘਦਾ ਸੀ। ਜਥਾ ਸਵੇਰੇ ਦਸ ਵਜੇ ਆ ਜਾਂਦਾ ਤੇ ਸ਼ਾਮ ਨੂੰ ਚਾਰ ਵਜੇ ਅਗਲੇ ਪਿੰਡ ਵੱਲ ਤੁਰ ਜਾਂਦਾ। ਦੁਪਹਿਰ ਦਾ ਲੰਗਰ ਛਕਣ ਪਿਛੋਂ ਗੁਰਦੁਆਰੇ ਵਿਚ ਰੋਜ਼ ਦੀਵਾਨ ਸਜਦਾ। ਉਦਾਲੇ ਦੇ ਪਿੰਡਾਂ ਦੇ ਬਹੁਤ ਸਾਰੇ ਲੋਕ ਆ ਜਾਂਦੇ। ਸੰਗਤ ਦੀ ਹਾਜ਼ਰੀ ਵਾਹਵਾ ਹੋ ਜਾਂਦੀ। ਬੜੀਆਂ ਗਰਮ ਤਕਰੀਰਾਂ ਤੇ ਕਵਿਤਾਵਾਂ ਪੜ੍ਹੀਆਂ ਜਾਂਦੀਆਂ। ਇਕ ਦਿਨ ਮੈਂ ਵੀ ਇਕ ਕਵਿਤਾ ਪੜ੍ਹੀ। ਉਸ ਬਾਰੇ ਏਨਾ ਯਾਦ ਹੈ, ਕਿ ਉਹ ਬੈਂਤ ਦੀ ਤਰਜ਼ ਸੀ। ਕੀ ਪਤਾ ਸੀ, ਕਿ ਕੁਦਰਤ ਨੇ ਮੈਨੂੰ ਪੂਰੀ ਤਰ੍ਹਾਂ ਲੇਖਕ ਬਣਾ ਦੇਣਾ ਹੈ। ਨਹੀਂ ਤਾਂ ਮੈਂ ਉਹ ਮੁਢਲੀਆਂ ਲਿਖਤਾਂ ਵੀ ਸੰਭਾਲ ਕੇ ਰੱਖਣ ਦਾ ਯਤਨ ਕਰਦਾ।

ਹਰ ਜਥੇ ਨਾਲ ਸਾਦਾ ਕਪੜਿਆਂ ਵਿਚ ਡਾਇਰੀ ਦੇਣ ਵਾਲੇ ਹੁੰਦੇ ਸਨ। ਉਹਨਾਂ ਦੀ ਕਿਰਪਾ ਨਾਲ ਮੇਰੇ ਵਾਰੰਟ ਗ੍ਰਿਫਤਾਰੀ ਨਿਕਲ ਆਏ। ਦਸਾਂ ਕੁ ਦਿਨਾਂ ਪਿਛੋਂ ਪੁਲੀਸ ਪਿੰਡ ਵਿਚ ਚੱਕਰ ਲਾਉਣ ਲਗ ਪਈ। ਪੁਲੀਸ ਵਾਲੇ ਜਿਸ ਨੂੰ ਵੀ ਪੁਛਣ, ਉਹ ਕਹੇ, ਸਾਡੇ ਪਿੰਡ ਸੋਹਣ ਸਿੰਘ ਹੈ ਹੀ ਕੋਈ ਨਹੀਂ। ਉਹ ਕਵਿਤਾ ਪੜ੍ਹਨ ਵਾਲਾ ਸੋਹਣ ਸਿੰਘ ਗੱਭਰੂ ਕਿਸੇ ਹੋਰ ਪਿੰਡ ਦਾ ਸੀ। ਅਸੀਂ ਉਸ ਨੂੰ ਨਹੀਂ ਜਾਣਦੇ। ਮੁੱਕਦੀ ਗੱਲ, ਨੱਗਰ-ਨਿਵਾਸੀਆਂ ਦੀ ਹਮਦਰਦੀ ਦਾ ਸਦਕਾ ਮੈਂ ਜੇਹਲ ਦੀ ਦਾਲ ਪੀਣ ਦਾ ਆਨੰਦ ਮਾਨਣ ਤੋਂ ਬਚ ਗਿਆ।

ਇਥੇ ਵੀ ਮੈਂ ਕਿਸੇ ਭੁਲੇਖੇ ਵਿਚ ਨਹੀਂ। ਉਹ ਹਮਦਰਦੀ ਅਕਾਲੀ ਲਹਿਰ ਨਾਲ ਸੀ, ਮੇਰੇ ਨਾਲ ਨਹੀਂ। ਪਿੰਡ ਵਿਚ ਮੇਰੇ ਪਿਤਾ ਜੀ ਦਾ ਵਿਰੋਧੀ ਧੜਾ ਹੈਗਾ ਸੀ। ਉਹ ਮੈਨੂੰ ਕਿਸੇ ਮੁਸੀਬਤ ਵਿਚ ਫਸਾ ਕੇ ਖੁਸ਼ ਹੁੰਦੇ। ਪਰ ਓਥੇ ਸਵਾਲ ਅਕਾਲੀ ਮੋਰਚੇ ਦਾ ਸੀ। ਇਸ ਲਈ ਮੈਨੂੰ ਗ੍ਰਿਫਤਾਰ ਕਰਾ ਕੇ ਕੋਈ ਕਲੰਕ ਖੱਟਣ ਨੂੰ ਤਿਆਰ ਨਹੀਂ ਸੀ। ਪਿੰਡ ਦਾ ਨੰਬਰਦਾਰ ਬਾਬਾ ਈਸ਼ਰ ਸਿੰਘ ਹੈ ਹੀ ਏਨਾ ਸਾਊ ਸੀ, ਕਿ ਉਹਨੇ ਸਾਰੀ ਉਮਰ ਕਿਸੇ ਦੇ ਵਿਰੁੱਧ ਗਵਾਹੀ ਨਹੀਂ ਸੀ ਦਿੱਤੀ।

ਕਵਿਤਾ ਲਿਖਣ ਦਾ ਝੱਸ ਮੇਰਾ ਜਾਰੀ ਰਿਹਾ। 1924 ਈ. ਵਿਚ ਉਸ ਸਮੇਂ ਨਿਕਲਣ ਵਾਲੇ ਅਖ਼ਬਾਰ 'ਅਕਾਲੀ' ਵਿਚ ਮੇਰੀ ਇਕ ਕਵਿਤਾ ਛਪੀ। ਮੈਨੂੰ ਉਸ ਦੀ ਏਨੀ ਖ਼ੁਸ਼ੀ ਹੋਈ, ਜਿੰਨੀ ਆਦਣੇ ਹੋਏ ਅਮੀਰ ਦੇ ਘਰ ਪਹਿਲਾ ਪੁੱਤਰ ਜੰਮਣ ਦੀ ਹੁੰਦੀ ਹੈ। ਅਫ਼ਸੋਸ, ਉਸਦੀ ਕਾਪੀ ਵੀ ਮੇਰੇ ਪਾਸ ਨਹੀਂ। ਇਹ ਤਾਂ ਸਪਸ਼ਟ ਹੈ, ਕਿ ਉਹ ਕਵਿਤਾ ਛਪਣ ਯੋਗ ਹੋਵੇਗੀ, ਤਾਂ ਹੀ ਰੋਜ਼ਾਨਾ ਅਖ਼ਬਾਰ ਵਿਚ ਛਪੀ ਹੋਵੇਗੀ।

3

1920 ਈ. ਵਿਚ ਪਿੰਡ ਦਾ ਇਕੋ ਇਕ ਹਟਵਾਣੀਆਂ ਬੂਟੇਸ਼ਾਹ ਕੁਝ ਲੋਕਾਂ ਦੇ ਪੈਸੇ ਮਾਰ ਕੇ ਨੱਸ ਗਿਆ। ਪਿੱਛੋਂ ਉਹ ਦੋ ਕਮਰਿਆ ਦਾ ਛੋਟਾ ਜਿਹਾ ਮਕਾਨ ਤੇ ਦੋ ਬੂਹਿਆਂ

ਵਾਲੀ ਖੁੱਲ੍ਹੀ ਦੁਕਾਨ ਛਡ ਗਿਆ। ਦੁਕਾਨ ਦੇ ਅੱਗੇ ਸੱਤ-ਅੱਠ ਫੁੱਟ ਚੌੜਾ ਬਰਾਂਡਾ ਸੀ। ਸਭ ਕੁਛ ਪੱਕੀਆਂ ਇੱਟਾਂ ਦਾ ਬਣਿਆ ਹੋਇਆ ਸੀ। ਉਸ ਮਕਾਨ ਵਿਚ ਭਾਈ ਸੋਹਣ ਸਿੰਘ ਜੀ ਆ ਵੱਸੇ। ਉਹਨਾਂ ਦੇ ਆਉਣ ਨਾਲ ਪਿੰਡ ਦੀਆਂ ਦੋ ਲੋੜਾਂ ਪੂਰੀਆਂ ਹੋ ਗਈਆਂ। ਇਕ ਤਾਂ ਉਹਨਾਂ ਦੁਕਾਨ ਸੰਭਾਲ ਲਈ। ਲੋਕਾਂ ਨੂੰ ਨਿੱਤ-ਵਰਤੋਂ ਦਾ ਸੌਦਾ ਮਿਲਣ ਲੱਗ ਪਿਆ। ਤੇ ਦੂਸਰਾ ਖ਼ਬਰ ਪੱਤਰ ਪੜ੍ਹਨ ਦੀ ਸਹੂਲਤ ਹੋ ਗਈ। ਭਾਈ ਸਾਹਿਬ ਸਕੂਲ ਵਿਚ ਤਾਂ ਸ਼ਾਇਦ ਚਾਰ-ਪੰਜ ਜਮਾਤਾਂ ਹੀ ਪੜ੍ਹੇ ਸਨ, ਪਰ ਉਹਨਾਂ ਦਾ ਉਰਦੂ ਤੇ ਗੁਰਮੁਖੀ ਪੜ੍ਹਨ ਦਾ ਮੁਹਾਵਰਾ ਗੂੜ੍ਹਾ ਸੀ। ਉਹਨਾਂ ਦੀ ਦੁਕਾਨ ਦੇ ਸਾਮ੍ਹਣੇ ਸਾਡਾ ਖੇਤ ਸੀ। ਮੈਂ ਵੀ ਕਦੇ ਕਦਾਈਂ ਇਹਨਾਂ ਕੋਲ ਜਾ ਬਹਿਣਾ। ਗੁਰਮੁਖੀ ਦਾ ਅਖ਼ਬਾਰ ਜਾਂ ਕਿਤਾਬ ਤਾਂ ਮੈਂ ਪੜ੍ਹ ਸਕਦਾ ਸਾਂ, ਪਰ ਉਰਦੂ ਦਾ ਅਖ਼ਬਾਰ ਜਾਂ ਕੋਈ ਕਿਤਾਬ ਵੇਖ ਕੇ ਮੇਰੇ ਜੀਅ ਨੂੰ ਬੜਾ ਕੁਛ ਹੋਣਾ। ਏਥੋਂ ਮੇਰੇ ਅੰਦਰ ਉਰਦੂ ਪੜ੍ਹਨ ਦਾ ਲਾਲਚ ਪੈਦਾ ਹੋ ਗਿਆ। ਪਰ ਸਵਾਲ ਸੀ ਕਿ ਉਰਦੂ ਪੜ੍ਹਾਂ ਕਿਸ ਪਾਸੋਂ।

ਮਾਤਾ ਪਿਤਾ ਪਾਸ ਮੈਂ ਫਿਰ ਬੇਨਤੀਆਂ ਕਰਨ ਲਗਾ, ਕਿ ਮੈਨੂੰ ਸਕੂਲੇ ਪੜ੍ਹਨ ਪਾ ਦਿੱਤਾ ਜਾਵੇ। ਕਸੂਰ ਸਾਥੋਂ ਚਾਰ ਮੀਲ ਦੂਰ ਸੀ। ਏਨੀ ਦੂਰ ਇਕੱਲੇ ਨੂੰ ਭੇਜਣ ਵਾਸਤੇ ਮੇਰੇ ਮਾਪੇ ਤਿਆਰ ਨਹੀਂ ਸਨ। ਗਿਆਰਾਂ ਬਾਰਾਂ ਸਾਲ ਦੀ ਉਮਰ ਵਿਚ ਮੈਂ ਚਾਰ ਮੀਲ ਜਾਣ-ਆਉਣ ਵਾਸਤੇ ਤਿਆਰ ਸਾਂ, ਪਰ ਮੇਰੇ ਮਾਤਾ ਪਿਤਾ ਭੇਜਣ ਲਈ ਰਜ਼ਾਮੰਦ ਨਹੀਂ ਸਨ। ਉਹਨਾਂ ਦੇ ਅੰਦਰ ਭੈ ਸੀ, ਕਿ ਕੋਈ ਦੁਸ਼ਮਣ ਮੈਨੂੰ ਮਾਰ ਨਾ ਦੇਵੇ।

ਮੇਰੇ ਚੰਗੇ ਭਾਗਾਂ ਨੂੰ ਕਰਨਾਲ ਦੇ ਰਹਿਣ ਵਾਲੇ ਸ੍ਰੀ ਮੁਰਲੀ ਰਾਮ ਜੀ ਕੁਛ ਸਮੇਂ ਵਾਸਤੇ ਸਾਡੇ ਪਿੰਡ ਆ ਵੱਸੇ। ਜਾਤ ਬਰਾਦਰੀ ਦੇ ਪੱਖੋਂ ਉਹ ਖੱਤਰੀ ਸਨ, ਪਰ ਕੰਮ ਰਾਜਗਿਰੀ ਦਾ ਕਰਦੇ ਸਨ। ਮੈਂ ਉਹਨਾਂ ਪਾਸ ਬੇਨਤੀ ਕੀਤੀ, ਜੇ ਉਹ ਰਾਤ ਨੂੰ ਮੈਨੂੰ ਦੋ ਘੜੀਆਂ ਉਰਦੂ ਪੜ੍ਹਾ ਦਿਆ ਕਰਨ। ਉਸ ਨੇਕ ਇਨਸਾਨ ਨੇ ਮੇਰੀ ਬੇਨਤੀ ਪਰਵਾਨ ਕਰ ਲਈ, ਤੇ ਮੈਂ ਰਾਤ ਸਮੇਂ ਉਹਨਾਂ ਕੋਲ ਪੜ੍ਹਨਾ ਸ਼ੁਰੂ ਕਰ ਦਿੱਤਾ। ਜ਼ਬਾਨੀ ਪੜ੍ਹਨ ਦੇ ਨਾਲ ਨਾਲ ਉਹਨਾਂ ਫੱਟੀ ਉਤੇ ਲਿਖਣਾ ਵੀ ਸਿਖਾਇਆ। ਮੈਂ ਛੇ-ਸੱਤ ਮਹੀਨੇ ਉਹਨਾਂ ਕੋਲ ਪੜ੍ਹਦਾ ਰਿਹਾ। ਕਾਇਦਾ ਖ਼ਤਮ ਕਰਕੇ, ਮੁਨਸ਼ੀ ਗੁਲਾਬ ਸਿੰਘ ਦੀ ਛਪੀ 'ਮਾਂ-ਬੱਚੇ' ਵਾਲੀ ਪਹਿਲੀ ਕਿਤਾਬ ਪੜ੍ਹਨੀ ਸ਼ੁਰੂ ਕਰ ਦਿੱਤੀ। ਮਹੀਨੇ ਡੇਢ ਮਹੀਨੇ ਵਿਚ ਉਹ ਮੁਕਾ ਕੇ ਮੈਂ ਦੂਸਰੀ ਕਿਤਾਬ ਸ਼ੁਰੂ ਕਰ ਦਿੱਤੀ।

ਸੱਚ-ਮੁੱਚ ਹੀ ਕੁਦਰਤ ਨੇ ਮੇਰੇ ਭਾਗਾਂ ਵਿਚ ਕੁਝ ਵਿੱਦਿਆ ਲਿਖੀ ਸੀ। ਜਨਵਰੀ, 1923 ਈ: ਵਿਚ ਲਾਗਲੇ ਪਿੰਡ 'ਵਰਨ' ਵਿਚ ਪ੍ਰਾਇਮਰੀ ਸਕੂਲ ਖੁੱਲ੍ਹ ਗਿਆ।

ਉਸ ਸਮੇਂ ਮਹਿਕਮਾ ਤਾਲੀਮ ਨੇ ਇਕ ਨਵੀਂ ਸਕੀਮ ਸ਼ੁਰੂ ਕੀਤੀ। ਗਰੀਬ ਘਰਾਂ ਦੇ ਲੜਕੇ ਅੱਠਵੀਂ ਪਾਸ ਕਰਕੇ ਇਕ ਸਾਲ ਦਾ ਟਰੇਨਿੰਗ ਕੋਰਸ 'ਨਾਰਮਲ ਕਲਾਸ' ਪਾਸ ਕਰ ਲੈਂਦੇ। ਚਲਦੇ ਸਕੂਲਾਂ ਵਿਚ ਤਾਂ ਉਹਨਾਂ ਵਾਸਤੇ ਥਾਂ ਨਹੀਂ ਸੀ। ਸੋ ਮਹਿਕਮਾ ਕਿਸੇ ਨਵੇਂ ਪਿੰਡ ਵਿਚ ਸਕੂਲ ਖੋਹਲ ਦੇਂਦਾ। ਸ਼ਰਤ ਇਹ ਹੁੰਦੀ, ਕਿ ਜੇ ਨਾਰਮਲ ਪਾਸ ਮੁਨਸ਼ੀ ਓਥੇ ਵਿਦਿਆਰਥੀਆਂ ਦੀ ਹਾਜ਼ਰੀ ਪੂਰੀ ਕਰ ਲਵੇ, ਤਾਂ ਉਹਦੀ ਨੌਕਰੀ ਕਾਇਮ। ਹਾਜ਼ਰੀ ਪੂਰੀ ਨਾ ਹੋਵੇ, ਤਾਂ ਉਹ ਕੱਚਾ ਸਕੂਲ ਵੀ ਖ਼ਤਮ, ਤੇ ਮੁਨਸ਼ੀ ਦੀ ਨੌਕਰੀ ਵੀ

ਖ਼ਤਮ । ਇਸ ਕਰੜੀ ਸ਼ਰਤ ਦੇ ਕਾਰਨ ਨਵਾਂ ਮਾਸਟਰ ਮਿਹਨਤ ਕਰਕੇ ਆਲੇ ਉਦਾਲਿਓਂ ਵਿਦਿਆਰਥੀਆਂ ਦੀ ਹਾਜ਼ਰੀ ਪੂਰੀ ਕਰਦਾ ।

ਸਾਡੇ ਪੁਰਾਣੇ ਪਿੰਡ 'ਕਾਦੀਵਿੰਡ' ਦੇ ਅਗ੍ਹਾਂ ਪੰਜ ਪਿੰਡ (ਤਰਗੇ, ਵਰਨ, ਬੱਲਾਂ ਵਾਲਾ, ਨੱਥੂ ਵਾਲਾ ਤੇ ਕਾਦੀਵਿੰਡ) ਬਣ ਗਏ ਸਨ । 'ਵਰਨ' ਸਾਰਿਆਂ ਪਿੰਡਾਂ ਦੇ ਵਿਚਕਾਰ ਸੀ । ਮੁਣਸ਼ੀ ਨੇ ਹਿੰਮਤ ਕਰਕੇ ਬਾਕੀ ਚੌਹਾਂ ਪਿੰਡਾਂ ਵਿਚੋਂ ਵੀ ਵਿਦਿਆਰਥੀ ਇਕੱਠੇ ਕਰ ਲਏ । ਛੇ-ਸੱਤ ਲੜਕੇ ਸਾਡੇ ਪਿੰਡੋਂ ਵੀ ਜਾਣ ਲਗ ਪਏ । ਮਨ ਤਕੜਾ ਕਰਕੇ ਮਾਪਿਆਂ ਨੇ ਮੈਨੂੰ ਵੀ ਸਕੂਲੇ ਜਾਣ ਦੀ ਆਗਿਆ ਦੇ ਦਿੱਤੀ । 12 ਫ਼ਰਵਰੀ, 1923 ਈ. ਨੂੰ ਮੈਂ ਸਕੂਲ ਵਿਚ ਜਾ ਦਾਖ਼ਲ ਹੋਇਆ । ਉਰਦੂ ਦੀਆਂ ਦੋ ਕਿਤਾਬਾਂ ਮੈਂ ਪੜ੍ਹ ਚੁਕਾਂ ਸਾਂ, ਇਸ ਵਾਸਤੇ ਮੁਣਸ਼ੀ ਨੇ ਮੈਨੂੰ ਦੂਸਰੀ ਜਮਾਤ ਵਿਚ ਦਾਖ਼ਲ ਕੀਤਾ । ਬਾਕੀ ਸਭ ਪਹਿਲੀ ਵਿਚ ਹੀ ਸਨ । ਅਪ੍ਰੈਲ ਵਿਚ ਮੈਂ ਤੀਸਰੀ ਜਮਾਤ ਵਿਚ ਹੋ ਗਿਆ । ਸਤੰਬਰ ਵਿਚ ਮਹਿਕਮੇ ਪਾਸੋਂ ਮਨਜ਼ੂਰੀ ਲੈ ਕੇ ਉਸਤਾਦ ਨੇ ਮੈਨੂੰ ਚੌਥੀ ਵਿਚ ਕਰ ਦਿੱਤਾ । 1924 ਦੇ ਮਾਰਚ ਵਿਚ ਮੈਂ ਚੌਥੀ ਪਾਸ ਕਰ ਲਈ । ਅਪ੍ਰੈਲ ਵਿਚ ਮੈਂ ਗੌਰਮਿੰਟ ਹਾਈ ਸਕੂਲ ਕਸੂਰ, ਪੰਜਵੀਂ ਵਿਚ ਜਾ ਦਾਖ਼ਲ ਹੋਇਆ ।

ਉਸ ਸਮੇਂ ਵੀ ਮੈਂ ਪੰਜਾਬੀ ਵਿਚ ਕੁਛ ਤੁਕ-ਬੰਦੀ ਕਰਦਾ ਰਹਿੰਦਾ ਸਾਂ । ਮੈਂ ਛੇਵੀਂ ਵਿਚ ਪੜ੍ਹਦਾ ਸਾਂ । ਸਾਲਾਨਾ ਇਮਤਿਹਾਨ ਤੋਂ ਕੁਛ ਸਮਾਂ ਪਹਿਲਾਂ ਸਕੂਲ ਵਿਚ ਡੀ. ਆਈ. (ਡਿਸਟਰਿਕਟ ਸਕੂਲ ਇਨਸਪੈਕਟਰ)ਤੇ ਦੋ ਏ.ਡੀ.ਆਈ (ਅਸਿਸਟੈਂਟ ਇਨਸ-ਪੈਕਟਰ) ਆਏ । ਹੈਡਮਾਸਟਰ ਤੇ ਬਾਕੀ ਟੀਚਰਾਂ ਨੇ ਉਹਨਾਂ ਦਾ ਬਹੁਤ ਸਵਾਗਤ ਕੀਤਾ । ਇਨਸਪੈਕਸ਼ਨ ਪਿੱਛੋਂ ਸਾਰੇ ਵਿਦਿਆਰਥੀਆਂ ਤੇ ਉਸਤਾਦਾਂ ਦਾ ਖੁੱਲ੍ਹਾ ਜਲਸਾ ਹੋਇਆ । ਕੁਛ ਵਿਦਿਆਰਥੀਆਂ ਨੇ ਅਫ਼ਸਰਾਂ ਦੀ ਤਾਰੀਫ਼ ਵਿਚ ਉਰਦੂ ਦੀਆਂ ਗ਼ਜ਼ਲਾਂ ਗਾਈਆਂ । ਆਪਣਾ ਸ਼ੌਕ ਪੂਰਾ ਕਰਨ ਵਾਸਤੇ ਮੈਂ ਵੀ ਪੰਜਾਬੀ ਵਿਚ ਇਕ ਕਵਿਤਾ ਪੜ੍ਹੀ । ਅਫ਼ਸਰਾਂ ਤੇ ਉਸਤਾਦਾਂ ਦੀ ਤਾਰੀਫ਼ ਦੇ ਨਾਲ ਮੈਂ ਵਿਦਿਆਰਥੀਆਂ ਦੀਆਂ ਕੁਛ ਔਕੜਾਂ ਵੱਲ ਵੀ ਇਸ਼ਾਰੇ ਕੀਤੇ । ਮੈਨੂੰ ਏਨਾ ਯਾਦ ਹੈ, ਕਿ ਉਸ ਸਮੇਂ ਦੇ ਇਮਤਿਹਾਨ ਦੇ ਢੰਗ ਬਾਰੇ ਕੁਛ ਆਲੋਚਨਾ ਵੀ ਸੀ । ਪਿੱਛੋਂ ਇਨਸਪੈਕਟਰ ਨੇ ਮੇਰੀ ਕੁਛ ਤਾਰੀਫ਼ ਵੀ ਕੀਤੀ । ਬਾਕੀ ਲੜਕਿਆਂ ਨੇ ਪ੍ਰਸਿਧ ਉਰਦੂ ਸ਼ਾਇਰਾਂ ਦੇ ਕਲਾਮ ਸੁਣਾਏ ਸਨ, ਪਰ ਮੇਰੀ ਕਵਿਤਾ ਆਪਣੀ ਰਚੀ ਹੋਈ ਸੀ । ਇਹ ਆਪਣੇ ਆਪ ਵਿਚ ਹੀ ਇਕ ਵਡਿਆਈ ਸੀ । ਤੇ ਪਿੱਛੋਂ ਇਨਸਪੈਕਟਰ ਨੇ ਦੱਬੀ ਜੇਹੀ ਜ਼ਬਾਨ ਨਾਲ ਇਸ ਵੱਲ ਕੁਛ ਇਸ਼ਾਰਾ ਵੀ ਕੀਤਾ ।

ਅਗਲੇ ਦਿਨ ਹੈੱਡ ਮਾਸਟਰ ਨੇ ਦਫ਼ਤਰ ਵਿਚ ਬੁਲਾ ਕੇ ਮੇਰਾ ਕੁਛ ਹੌਸਲਾ ਵੀ ਵਧਾਇਆ, ਤੇ ਨਾਲ ਹੀ ਹਦਾਇਤ ਵੀ ਕੀਤੀ, ਕਿ ਮੈਨੂੰ ਇਮਤਿਹਾਨਾਂ ਬਾਰੇ ਨੁਕਤਾਚੀਨੀ ਨਹੀਂ ਸੀ ਕਰਨੀ ਚਾਹੀਦੀ । ਉਹਨਾਂ ਦੀ ਸਾਰੀ ਵਾਰਤਾ ਦਾ ਥੋੜੇ ਵਿਚ ਇਹ ਅਰਥ ਬਣਦਾ ਸੀ । "ਤਾਰੀਫ਼ ਸੁਣ ਕੇ ਹਰ ਕੋਈ ਖ਼ੁਸ਼ ਹੁੰਦਾ ਹੈ, ਪਰ ਨੁਕਤਾਚੀਨੀ ਸੁਣ ਕੇ ਕੋਈ ਵੱਡੇ ਦਿਲ ਵਾਲਾ ਹੀ ਬਰਦਾਸ਼ਤ ਕਰਦਾ ਹੈ ।" ਇਸ ਹਕੀਕਤ ਵੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਭਾਵੇਂ 'ਇਕਬਾਲ' ਨੇ ਇਸ ਮਸਲੇ 'ਤੇ ਬੜਾ ਸੁੰਦਰ ਸ਼ੇਅਰ ਕਿਹਾ ਹੈ :

"ਬੁਰਾ ਸਮਝੂੰ ਇਨ੍ਹੇਂ, ਮੁਝ ਸੇ ਤੋ ਐਸਾ ਹੋ ਨਹੀਂ ਸਕਤਾ,
ਕਿ ਮੈਂ ਖ਼ੁਦ ਭੀ ਤੋ ਹੂੰ 'ਇਕਬਾਲ' ਅਪਨੇ ਨੁਕਤਾਚੀਨੋਂ ਮੇਂ ।"

ਖ਼ੈਰ, ਉਸ ਦਿਨ ਤੋਂ ਸਕੂਲ ਵਿਚ ਮੇਰਾ ਨਾਮ ਬਣ ਗਿਆ। ਸਭ ਤੋਂ ਵਧੇਰੇ ਅਸਰ ਹੋਇਆ ਉਰਦੂ ਦੇ ਉਸਤਾਦ ਮੌਲਵੀ ਫ਼ਕੀਰ ਹੁਸੈਨ 'ਤੇ। ਪੰਜਵੀਂ ਛੇਵੀਂ ਵਾਸਤੇ ਹੋਰ ਉਸਤਾਦ, ਆ ਗਏ ਤੇ ਫ਼ਕੀਰ ਹੁਸੈਨ ਜੀ ਦੇ ਜ਼ਿੰਮੇ ਸੱਤਵੀ ਤੋਂ ਲੈ ਕੇ ਦਸਵੀ ਤਕ ਹੋ ਗਈ।

ਮੇਰਾ ਪੜ੍ਹਾਈ ਦਾ ਢੰਗ ਕੁਛ ਆਪਣਾ ਹੀ ਸੀ। ਕੋਰਸ ਦੀਆਂ ਕਿਤਾਬਾਂ ਨੂੰ ਮੈਂ ਬਹੁਤਾ ਘੋਟਾ ਨਹੀਂ ਸੀ ਲਾਇਆ ਕਰਦਾ। ਪਰ ਹੋਰ ਹੋਰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਮੌਲਵੀ ਫ਼ਕੀਰ ਹੁਸੈਨ ਦੇ ਜ਼ੋਰ ਦਾ ਸਦਕਾ ਮੈਨੂੰ ਲਾਇਬਰੇਰੀ ਦੀਆਂ ਸਹੂਲਤਾਂ ਮਿਲ ਗਈਆਂ। ਸਕੂਲ ਦੀ ਲਾਇਬਰੇਰੀ ਵਿਚ ਪੰਜਾਬੀ ਦੀਆਂ ਕਿਤਾਬਾਂ ਐਵੇਂ ਉਂਗਲਾਂ 'ਤੇ ਗਿਣਨ ਜੋਗੀਆਂ ਸਨ। ਉਹ ਮੈਂ ਅੱਠਾਂ ਦਸਾਂ ਦਿਨ ਵਿਚ ਪੜ੍ਹ ਲਈਆਂ। ਸ਼ਹਿਰੋਂ ਬਾਹਰ ਹੁੰਦਿਆਂ ਹੀ ਮੈਂ ਕਿਤਾਬ ਪੜ੍ਹਨੀ ਸ਼ੁਰੂ ਕਰ ਦੇਣੀ, ਤੇ ਘਰ ਤਕ ਅਪੜਦਿਆਂ ਅੱਧੀ-ਕੁ ਮੁਕਾ ਲੈਣੀ। ਅਗਲੇ ਦਿਨ ਸਕੂਲ ਨੂੰ ਜਾਂਦਿਆਂ ਫਿਰ ਪੜ੍ਹਦੇ ਜਾਣਾ। ਭਾਈ ਮੋਹਨ ਸਿੰਘ ਜੀ ਵੈਦ (ਤਰਨ ਤਾਰਨ) ਦੇ ਇਕ ਦੋ ਨਾਵਲ ਮੈਂ ਉਸ ਸਮੇਂ ਪੜ੍ਹੇ। ਪੰਜਾਬੀ ਤੋਂ ਪਿਛੋਂ ਉਰਦੂ ਕਿਤਾਬਾਂ ਦੀ ਵਾਰੀ ਆ ਗਈ।

ਇਕ ਹੋਰ 'ਵਿਸ਼ੇਸ਼ਤਾ' ਬਾਰੇ ਵੀ ਦੱਸ ਲਵਾਂ। ਸੱਤਵੀਂ ਅੱਠਵੀਂ ਵਿਚ ਤਿੰਨ ਪੁਰਾਤਨ ਭਾਸ਼ਾਵਾਂ (ਅਰਬੀ, ਫ਼ਾਰਸੀ, ਸੰਸਕ੍ਰਿਤ) ਵਿਚੋਂ ਇਕ ਪੜ੍ਹਨੀ ਲਾਜ਼ਮੀ ਸੀ। ਸੱਤਵੀਂ ਵਿਚ ਮੈਂ ਸੰਸਕ੍ਰਿਤ ਲੈ ਲਈ। ਬਾਕੀ ਪੰਡਤਾਂ ਦਿਆਂ ਮੁੰਡਿਆਂ ਨਾਲ ਮੈਂ ਵੀ ਸਾਲ ਭਰ 'ਰਾਮੋ ਰੱਛਤੀ' ਰਟਦਾ ਰਿਹਾ। ਅੱਠਵੀਂ ਵਿਚ ਮੈਂ ਸੰਸਕ੍ਰਿਤ ਛਡ ਕੇ ਫ਼ਾਰਸੀ ਲੈ ਲਈ। ਇਕ ਸਾਲ ਵਿਚ ਸੰਸਕ੍ਰਿਤ ਕਿੰਨੀ-ਕੁ ਆ ਜਾਣੀ ਸੀ। ਪਰ ਉਸ ਦੇ ਨਫ਼ੇ ਵਜੋਂ ਹਿੰਦੀ ਮੇਰੇ ਪੱਲੇ ਰਹਿ ਗਈ। ਪਿਛੋਂ ਮੈਂ ਹਿੰਦੀ ਵਿਚ ਬਹੁਤ ਸਾਰੇ ਅਨੁਵਾਦ ਪੜ੍ਹੇ। ਤੇ ਫ਼ਾਰਸੀ ਦੇ ਥੋੜ੍ਹੇ ਜੇਹੇ ਅਧਿਐਨ ਦਾ ਸਿੱਟਾ ਉਰਦੂ ਸ਼ਬਦਾਂ ਦਾ ਉਚਾਰਨ ਕਿਸੇ ਹੱਦ ਤਕ ਸਹੀ ਹੋ ਗਿਆ।

ਸਭ ਤੋਂ ਵਧੇਰੇ ਲਾਭ ਹੋਇਆ ਮੌਲਵੀ ਫ਼ਕੀਰ ਹੁਸੈਨ ਦੀ ਹਮਾਇਤ ਦਾ। ਉਸਦੀ ਪ੍ਰੇਰਨਾ ਨਾਲ ਮੈਂ ਉਰਦੂ ਵਿਚ ਸ਼ੇਅਰ ਲਿਖਣੇ ਸ਼ੁਰੂ ਕੀਤੇ। ਇਕ ਦੋ-ਤੁਕ ਬੰਦੀਆਂ ਸੁਣ ਕੇ ਉਹਨੇ ਮੈਨੂੰ ਇਕ ਕਾਫ਼ੀ ਵੱਡੀ ਸਾਰੀ ਕਿਤਾਬ 'ਬਹਿਰ-ਉਲ-ਫ਼ਸਾਹਤ ਦਿੱਤੀ। ਜਿੱਥੋਂ ਤਕ ਯਾਦ ਸ਼ਕਤੀ ਸਾਥ ਦੇ ਰਹੀ ਹੈ, ਉਹ ਵੱਡੇ ਸਾਈਜ਼ ਵਿਚ ਇਕ ਹਜ਼ਾਰ ਸਫ਼ੇ ਦੇ ਕਰੀਬ ਸੀ। ਉਸ ਵਿਚ ਫ਼ਾਰਸੀ (ਉਰਦੂ) ਬਹਿਰਾਂ ਦਾ ਪੂਰਨ ਵਿਸਥਾਰ ਸੀ। ਇਉਂ ਸਮਝੋ, ਉਹ ਫ਼ਾਰਸੀ ਦਾ ਸੰਪੂਰਨ ਪਿੰਗਲ ਸੀ। (ਪਿਛੋਂ ਗਿਆਨੀ ਦਾ ਇਮਤਿਹਾਨ ਦੇਣ ਸਮੇਂ ਹਿੰਦੀ ਪੰਜਾਬੀ ਦਾ ਪਿੰਗਲ ਤੇ 'ਅਲੰਕਾਰ' ਵੀ ਪੜ੍ਹੇ। ਉਸ ਸਮੇਂ ਇਹ ਕੋਰਸ ਵਿਚ ਸ਼ਾਮਲ ਸਨ।)

ਏਥੇ ਹੀ ਬੱਸ ਨਹੀਂ,ਸੱਤਵੀਂ ਅੱਠਵੀਂ ਵਿਚ ਮੈਂ ਬਹੁਤ ਸਾਰੇ ਮਸ਼ਹੂਰ ਉਰਦੂ ਸ਼ਾਇਰਾਂ ਦੇ ਦੀਵਾਨ ਪੜ੍ਹੇ। ਜਿੱਥੇ 'ਮੀਰ' ਤੇ 'ਦਰਦ' ਸਾਦਾ ਭਾਸ਼ਾ ਲਿਖਣ ਵਿਚ ਆਪਣੀ ਮਿਸਾਲ ਆਪ ਹਨ, ਓਥੇ ਗ਼ਾਲਿਬ ਔਖੀ ਭਾਸ਼ਾ ਲਿਖਣ ਵਿਚ ਪ੍ਰਸਿਧ ਹੈ। 'ਗ਼ਾਲਿਬ' ਦਾ ਦੀਵਾਨ ਮੈਂ ਤਸ਼ਰੀਹ ਨਾਲ (ਟੀਕਾ) ਪੜ੍ਹਿਆ। ਉਸ ਸਮੇਂ ਮੈਨੂੰ ਉਰਦੂ ਦੇ ਬੇਅੰਤ ਸ਼ੇਅਰ ਜ਼ਬਾਨੀ ਯਾਦ ਸਨ।

ਇਹਨਾਂ ਦੋ ਸਾਲਾਂ ਵਿਚ ਮੈਂ ਉਰਦੂ ਵਿਚ ਲਿਖਣ ਦਾ ਵੀ ਮਾੜਾ ਮੋਟਾ ਯਤਨ

ਕਰਦਾ ਰਿਹਾ। ਮੈਂ ਨਸਰ ਤਾਂ ਚੰਗੀ ਲਿਖ ਲੈਂਦਾ ਸਾਂ, ਪਰ ਨਜ਼ਮ ਐਵੇਂ ਤੁਕ-ਬੰਦੀ ਹੀ ਸੀ। ਨਮੂਨੇ ਵਜੋਂ ਕੁਛ ਸ਼ੇਅਰ ਹੇਠਾਂ ਦੇ ਦੇਂਦਾ ਹਾਂ।

ਕਿਸੇ ਉਰਦੂ ਸ਼ਾਇਰ ਦਾ ਇਕ ਸ਼ੇਅਰ ਪੜ੍ਹਿਆ,

"ਹਮ ਰੋਨੇ ਪੇ ਆ ਜਾਏਂ, ਤੋਂ ਦਰਿਆ ਹੀ ਬਹਾ ਦੇ,
ਸ਼ਬਨਮ[1] ਕੀ ਤਰਹ ਹਮੇਂ ਰੋਨਾ ਨਹੀਂ ਆਤਾ।"

ਇਸ ਦੇ ਅਸਰ ਅਧੀਨ ਮੈਂ ਲਿਖਿਆ,

"ਕਹੀਂ ਅੱਸ਼ਕਿ[2] ਆਖੋਂ ਸੇ ਨ ਹੋ ਸੀਮਾਬ[3] ਯਾਂ ਜਾਰੀ,
ਲਗੇ ਕਿਸ਼ਤੀ ਫ਼ਲਕ[4] ਸੇ, ਨੂਹ[5] ਕਾ ਤੂਫ਼ਾਂ ਨ ਬਹਿ ਜਾਏ।
ਸ਼ਬੇ-ਫ਼ੁਰਕਤ[6] ਮੇਂ ਰੋਤੇ ਭੀ ਮੁਝੇ ਯਹਿ ਖ਼ੌਫ਼ ਆਤਾ ਹੈ
ਕਹੀਂ ਯੋਰਪ ਨਾ ਬਹਿ ਜਾਏ, ਯਾ ਹਿੰਦੁਸਤਾਂ ਨ ਬਹਿ ਜਾਏ।
ਜਲੇ ਦਿਲ ਸੇ ਜੋ ਇਕ ਕਤਰਾ ਏ ਖੂੰ ਆਖੋਂ ਸੇ ਬਹਿ ਨਿਕਲਾ
ਯਹਿ ਤਖ਼ਤਾ-ਇ ਜ਼ਮੀਂ ਡਰ ਹੈ, ਦਰੇ ਦਰਮਾਂ[7] ਨ ਬਹਿ ਜਾਏ।"

ਇਕ ਨਮੂਨਾ 'ਹੋਰ ਹਾਜ਼ਰ ਹੈ,

"ਕਿਸ ਸੇ ਕਹੂੰ ਭਲਾ ਮੈਂ, ਗੁਜ਼ਰੇ ਜੋ ਹਾਲ ਅਪਨਾ
ਵੁਹ ਰੰਜ ਕੀ ਹਕੀਕਤ, ਦਿਲ ਕਾ ਮਲਾਲ[8] ਅਪਨਾ
ਆਖੋਂ ਸੇ ਕਿਉਂ ਖ਼ੁਦਾਇਆ, ਹਰਦਮ ਯਿ ਬਹਿ ਰਹਾ ਹੈ
ਆਂਸੂ ਸਫ਼ੈਦ ਬਨ ਕੇ ਯਹਿ ਖ਼ੂਨ ਲਾਲ ਅਪਨਾ
ਵੁਹ ਸੂਰਤੇਂ ਪਿਆਰੀ, ਵੁਹ ਫੂਲ ਗੁਲਸ਼ਨੋਂ ਕੇ
ਜਿਨ ਹੋ ਹੂਆ ਹੈ ਯਾ ਰਬ, ਮੁਸ਼ਕਲ ਵਸਾਲ[9] ਅਪਨਾ"

ਭਾਰਤੀ ਸਾਹਿਤ ਵਿਚ ਇਸਤਰੀ ਵੱਲੋਂ ਪੁਰਸ਼ ਵਾਸਤੇ ਪ੍ਰੇਮ ਪ੍ਰਗਟ ਕੀਤਾ ਜਾਂਦਾ ਹੈ। ਭਾਵ, ਇਸਤਰੀ ਪ੍ਰੇਮੀ (ਆਸ਼ਕ) ਤੇ ਪੁਰਸ਼ ਪ੍ਰੀਤਮ (ਮਾਸ਼ੂਕ) ਹੈ। ਏਥੋਂ ਦੇ ਸੰਤਾਂ, ਭਗਤਾਂ ਤੇ ਗੁਰੂ ਸਾਹਿਬਾਨ ਨੇ ਵੀ ਪਰਮੇਸ਼ਰ ਨੂੰ ਪਤੀ ਮੰਨ ਕੇ ਆਪਣਾ ਪ੍ਰੇਮ ਪ੍ਰਗਟ ਕੀਤਾ ਹੈ।

ਅਰਬੀ ਸਾਹਿਤ ਵਿਚ ਇਸ ਦੇ ਉਲਟ ਹੈ। ਓਥੇ ਇਸਤਰੀ ਪ੍ਰੀਤਮ (ਮਾਸ਼ੂਕ) ਤੇ ਪੁਰਸ਼ ਪ੍ਰੇਮੀ (ਆਸ਼ਕ) ਹੈ।

ਫ਼ਾਰਸੀ ਸਾਹਿਤ ਦਾ ਆਪਣਾ ਹੀ ਰੰਗ ਹੈ। ਉਸ ਵਿਚ ਵੱਡੀ ਉਮਰ ਦਾ ਪੁਰਸ਼ ਪ੍ਰੇਮੀ ਤੇ ਛੋਟੀ ਉਮਰ ਦਾ ਪ੍ਰੀਤਮ ਹੈ।

ਉਰਦੂ ਸਾਹਿੱਤ ਉਤੇ ਵਧੇਰੇ ਅਸਰ ਫ਼ਾਰਸੀ ਦਾ ਹੈ। ਉਸ ਸਮੇਂ ਮੇਰੇ ਮਨ 'ਤੇ ਵੀ ਓਹਾ ਅਸਰ ਸੀ। ਨਮੂਨਾ ਹਾਜ਼ਰ ਹੈ :

"ਕਰੂੰ ਤਾਰੀਫ਼ ਕਯਾ ਉਸ ਕੇ ਹੁਸਨ ਕੀ

1. ਤ੍ਰੇਲ। 2. ਜਮ੍ਹਾ ਅਸ਼ਕ ਦੀ ਹੰਝੂ। 3. ਤੂਫ਼ਾਨ। 4. ਆਸਮਾਨ। 5. ਹਜ਼ਰਤ ਨੂਹ, ਇਕ ਪੈਗੰਬਰ। 6. ਜੁਦਾਈ ਦੀ ਰਾਤ। 7. ਗ਼ਮ। 8. ਰੰਜ, ਗ਼ਮ। 9. ਮਿਲਾਪ।

ਕਿਆ ਸੂਰਤ ਪਰੀ ਜਲਵਾ-ਫਗਨ[1] ਕੀ
ਨਜ਼ਰ ਟਿਕਤੀ ਨਹੀਂ ਉਸ ਸੁਰਖ਼-ਰੂ[2] ਪਰ
ਕਿ ਐਸੀ ਚਮਕ ਹੈ ਉਸਕੇ ਦਹਨ[3] ਕੀ
ਕਿਆ ਤਾਕਤ ਭਲਾ ਹੈ ਮਿਹਰ[4] ਉ ਮਾਹ[5] ਕੀ
ਝਲੇਂ ਹੈਂ ਤਾਬ ਜੋ ਉਸ ਕੇ ਹੁਸਨ ਕੀ
ਹੈ ਐਸਾ ਹੁਸਨ ਹੀ ਉਸ ਮਹਿ-ਜਬੀ[6] ਕਾ
ਕਿ 'ਸੀਤਲ' ਬਾਤ ਹੈ ਦਿਲ ਕੀ ਲਗਨ ਕੀ''

ਉਸ ਸਮੇਂ ਵੀ ਮੈਂ ਵਧੇਰੇ ਪੰਜਾਬੀ ਵਿਚ ਲਿਖਦਾ ਸਾਂ। ਆਮ ਤੁਕ-ਬੰਦੀਆਂ ਗੁਲਾਮੀ ਦੇ ਵਿਰੁੱਧ ਹੀ ਹੁੰਦੀਆਂ ਸਨ। ਪਰ ਸ਼ਿੰਗਾਰ-ਰਸ ਵਿਚ ਕਿਤੇ ਕਿਤੇ ਉਰਦੂ ਦਾ ਰੰਗ ਆ ਜਾਂਦਾ ਸੀ, ਜਿਵੇਂ :—

''ਤੈਨੂੰ ਖੇਡ ਪਿਆਰੀ, ਤੇ ਅਸਾਂ ਪਿਆਰਾ
ਅੱਖਾਂ ਚਾਹੁੰਦੀਆਂ ਨਿੱਤ ਦੀਦਾਰ ਚੰਨਾ
ਮੇਰੀ ਅੱਖੀਆਂ ਸਾਮ੍ਹਣੇ ਖੇਡਦਾ ਰਹੁ
ਸਰਦਾ ਦੋਹਾਂ ਦਾ ਰਹੇ ਵਿਹਾਰ ਚੰਨਾ''

ਉਸ ਸਮੇਂ ਦਾ ਇਕ ਸ਼ੇਅਰ ਮੈਨੂੰ ਅੱਜ ਵੀ ਪਸੰਦ ਹੈ :—

''ਗੁਜ਼ਰੇ ਹੂਏ ਜ਼ਮਾਨੇ ਕਾ ਹਰ ਸੂ[7] ਤਜ਼ਕਰਾ[8] ਹੈ
ਹੈ ਹਰ ਜ਼ਬਾਂ[9] ਪਿ ਹਰ ਜਾਂ[10] ਉਨ ਅਕਾਲੋਂ ਕੀ[11] ਬਾਤੇਂ
ਮਰਨੇ ਕੇ ਬਾਦ 'ਸੀਤਲ' ਅਪਨੀ ਕਰੇਂਗੇ ਕੋਈ
ਕਰਤੇ ਹੈਂ ਹਮ ਜਹਾਂ ਮੇਂ ਗੁਜ਼ਰੇ ਹੂਓਂ ਕੀ ਬਾਤੇਂ।''

ਉਪਰ ਦਿਤੇ ਕੋਈ ਵਧੀਆ ਸ਼ੇਅਰ ਨਹੀਂ, ਪਰ ਅੱਠਵੀਂ ਜਮਾਤ ਦੇ ਵਿਦਿਆਰਥੀ ਵਾਸਤੇ ਇਹਨਾਂ ਦੀ ਵੀ ਕੋਈ ਕੀਮਤ ਸੀ!

4

ਅੱਠਵੀਂ ਵਿਚ ਪੜ੍ਹਦਿਆਂ ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੁਸ਼ੀ ਪ੍ਰਾਪਤ ਹੋਈ। ਭਾਦਰੋਂ ਦੀ ਪੂਰਨਮਾਸ਼ੀ (10 ਸਤੰਬਰ, 1927 ਈ.) ਨੂੰ ਸਾਡਾ ਵਿਆਹ ਹੋ ਗਿਆ। ਇਹ ਸਭ ਸਾਡੇ ਮਾਪਿਆਂ ਦੀ ਖ਼ੁਸ਼ੀ ਸੀ। ਉਸ ਸਮੇਂ ਦੀ ਪੇਂਡੂ ਸੱਭਯਤਾ ਅਨੁਸਾਰ ਨਾ ਕਿਸੇ ਮੇਰੀ ਸਲਾਹ ਪੁੱਛੀ ਤੇ ਨਾ ਹੀ ਮੈਨੂੰ ਸਲਾਹ ਦੇਣ ਦਾ ਹੱਕ ਸੀ। ਉਸ ਵੇਲੇ ਮੇਰੀ ਉਮਰ ਅਠਾਰਾਂ ਸਾਲ ਦੀ ਸੀ। ਮੇਰੀ ਸਾਥਣ ਵੀ ਮੇਰੀ ਹਾਨਣ ਹੀ ਹੈ। ਸੋ ਵਿਆਹ ਦੀ ਸਾਨੂੰ ਖ਼ੁਸ਼ੀ ਹੀ ਹੋਈ।

ਕਿਸੇ ਮਾਸਕ ਪੱਤਰ ਵਿਚ ਮੈਂ ਇਕ ਤਸਵੀਰ ਵੇਖੀ ਸੀ। ਵਿੱਦਿਆਰਥੀ ਜੀਵਨ

---

1. ਸੂਰਤ ਜ਼ਾਹਰ ਕਰਨਾ, ਦੀਦਾਰ ਦੇਣਾ। 2. ਚਿਹਰਾ। 3. ਮੂੰਹ, ਚਿਹਰਾ। 4. ਸੂਰਜ। 5. ਚੰਦ। 6. ਚੰਦ ਵਰਗੀ ਮੁਖੜੇ ਵਾਲਾ। 7. ਹਰ ਪਾਸੇ। 8. ਜ਼ਿਕਰ। 9. ਜ਼ਬਾਨ। 10. ਹਰ ਥਾਂ। 11. ਅਕਲਮੰਦ।

ਉੱਤੇ ਇਕ ਭਰਪੂਰ ਵਿਅੰਗ ਸੀ। ਵਿੱਦਿਆਰਥੀ ਭਾਰ ਨਾਲ ਕੁੱਬਾ ਹੋਇਆ ਹੋਇਆ ਸੀ। ਉਸ ਦੀਆਂ ਮੋਰਾਂ ਉੱਤੇ ਢੇਰ ਸਾਰੀਆਂ ਕਤਾਬਾਂ ਸਨ, ਤੇ ਕਤਾਬਾਂ ਦੇ ਉੱਤੇ ਸ੍ਰੀਮਤੀ ਜੀ ਬੈਠੀ ਸੀ। ਪਰ ਮੇਰੇ ਨਾਲ ਐਸੀ ਨਹੀਂ ਵਾਪਰੀ। ਸਾਥਣ ਮੇਰੀ ਪੜ੍ਹਾਈ ਵਿਚ ਰੁਕਾਵਟ ਬਣਨ ਦੀ ਥਾਂ ਸਹਾਇਕ ਸਾਬਤ ਹੋਈ। ਸਕੂਲੋਂ ਆ ਕੇ ਘਰ ਵਿਚ ਮੈਨੂੰ ਜਿਹੜਾ ਕੰਮ ਕਰਨਾ ਪੈਂਦਾ ਸੀ, ਉਹ ਸਾਰੀ ਜ਼ਿੰਮੇਵਾਰੀ ਉਸ ਨੇ ਸੰਭਾਲ ਲਈ। ਮਹੀਂ ਚੋਣੀਆਂ ਤੇ ਘਰ ਦੀ ਚਾਰ ਦੀਵਾਰੀ ਦੇ ਅੰਦਰ ਉਹਨਾਂ ਨੂੰ ਪੱਠੇ ਪਾਉਣੇ। ਇਸ ਕੰਮ ਤੋਂ ਮੈਨੂੰ ਛੁੱਟੀ ਮਿਲ ਗਈ। ਇਸ ਤਰ੍ਹਾਂ ਪੜ੍ਹਾਈ ਵਾਸਤੇ ਮੈਨੂੰ ਵਧੇਰੇ ਵਕਤ ਮਿਲ ਗਿਆ।

ਨੌਵੀਂ ਵਿਚ ਮੈਂ ਉਰਦੂ ਛੱਡ ਕੇ ਸਾਇੰਸ ਲੈ ਲਈ। ਸੋ ਉਰਦੂ ਵਿਚ ਸ਼ੇਅਰ ਲਿਖਣੇ ਵੀ ਬੰਦ ਹੋ ਗਏ। ਹਾਂ, ਪੰਜਾਬੀ ਵਿਚ ਲਿਖਣ ਦਾ ਸ਼ੌਕ ਹੋਰ ਵਧ ਗਿਆ। ਅੱਜ ਵੀ ਮੇਰੀ ਰਾਏ ਹੈ, ਕਿ ਜਿੰਨਾ ਚੰਗਾ ਮਾਂ-ਬੋਲੀ ਵਿਚ ਲਿਖਿਆ ਜਾ ਸਕਦਾ ਹੈ, ਓਪਰੀ ਬੋਲੀ ਵਿਚ ਨਹੀਂ। ਪਰ ਮੈਨੂੰ ਇਹ ਕਹਿਣ ਤੋਂ ਵੀ ਸੰਕੋਚ ਨਹੀਂ, ਕਿ ਮਾਂ-ਬੋਲੀ ਦੀਆਂ ਬਰੀਕੀਆ ਸਮਝਣ ਵਾਸਤੇ ਵੀ ਲਗਨ ਨਾਲ ਮਿਹਨਤ ਕਰਨੀ ਪੈਂਦੀ ਹੈ।

ਸਕੂਲ ਵਿਚ ਅਸਾਂ ਇਕ 'ਪੰਜਾਬੀ ਸਭਾ' ਬਣਾ ਲਈ। ਹਰ ਛਨਿਛਰਵਾਰ, ਛੁੱਟੀ ਮਿਲਨ ਪਿੱਛੋਂ ਸ਼ਹਿਰ ਦੇ ਗੁਰਦੁਆਰੇ ਵਿਚ ਅਸਾਂ ਦੋ ਘੜੀਆਂ ਮਿਲ ਬੈਠਣਾ। ਕੋਈ 'ਤਰਹ ਮਿਸਰਾ' (ਸਮੱਸਿਆ) ਦੇ ਕੇ ਉਸ ਉੱਤੇ ਕਵਿਤਾਵਾਂ ਲਿਖਣੀਆਂ ਤੇ ਓਥੇ ਸਭਾ ਵਿਚ ਸੁਣਾਉਣੀਆਂ। ਫਿਰ ਉਹਨਾਂ ਉੱਤੇ ਸਹਿੰਦੀ ਸਹਿੰਦੀ ਆਲੋਚਨਾ ਕਰਨੀ। ਕਵਿਤਾ ਲਿਖਣ ਵਾਲੇ ਦੋ ਤਾਂ ਮੇਰੇ ਜਮਾਤੀ ਸਨ, ਤੇ ਦੋ ਤਿੰਨ ਵਿਦਿਆਰਥੀ ਹੋਰ ਸਨ। (ਪਿਛੋਂ ਹੋਰ ਸਾਰੇ ਨੌਕਰੀਆਂ ਵਿਚ ਰੁਝ ਗਏ, ਤੇ ਮੈਂ ਲੇਖਕ ਦਾ ਕਿੱਤਾ ਅਪਣੌਾ ਲਿਆ।)

(ਮੇਰੇ ਦਸਵੀਂ ਪਾਸ ਕਰਨ ਤਕ ਤਾਂ ਉਹ ਸਭਾ ਚਲਦੀ ਰਹੀ, ਪਰ ਪਿੱਛੋਂ ਬੰਦ ਹੋ ਗਈ।)

ਉਸ ਸਮੇਂ ਪੰਜਾਬੀ ਦੇ ਤਿੰਨ ਮਾਸਕ ਪੱਤਰ ਪ੍ਰਸਿੱਧ ਸਨ : 'ਫੁਲਵਾੜੀ' ਤੇ 'ਪ੍ਰੀਤਮ' ਲਾਹੌਰੋਂ ਨਿਕਲਦੇ ਸਨ, ਤੇ 'ਕਵੀ' ਕਲਕੱਤੇ ਤੋਂ। 'ਪ੍ਰੀਤਮ' ਕਢਦੇ ਸਨ ਸ. ਲਾਭ ਸਿੰਘ ਨਾਰੰਗ, 'ਫੁਲਵਾੜੀ' ਗਿਆਨੀ ਹੀਰਾ ਸਿੰਘ 'ਦਰਦ' ਤੇ 'ਕਵੀ' ਸ. ਮੁਨਸ਼ਾ ਸਿੰਘ 'ਦੁਖੀ'। 1928 ਈ. ਵਿਚ ਪਹਿਲੀ ਵਾਰ ਮੇਰੀ ਕਵਿਤਾ ਮਾਸਕ ਪੱਤਰ 'ਕਵੀ' ਵਿਚ ਛਪੀ। ਉਸ ਦੀ ਮੈਨੂੰ ਏਨੀ ਖ਼ੁਸ਼ੀ ਹੋਈ, ਜਿੰਨੀ 1974 ਵਿਚ 'ਸਾਹਿੱਤ ਅਕਾਡਮੀ' ਦਾ ਐਵਾਰਡ ਮਿਲਨ ਦੀ।

'ਪੰਜਾਬੀ ਸਭਾ' ਵਿਚ ਇਕ ਵਾਰ ਕਿਸੇ ਨੇ ਸਮੱਸਿਆ ਦਿੱਤੀ, 'ਲੁਕ ਲੁਕ ਕੇ ਭੱਜਣਾ ਤਾਰਿਆਂ ਦਾ।' ਇਸ ਸਮੱਸਿਆ ਉੱਤੇ ਮੈਂ ਉਹ ਕਵਿਤਾ ਲਿਖੀ ਸੀ। 'ਕਵੀ' ਵਿਚ ਉਹ 'ਪ੍ਰਭਾਤ' ਸਿਰਲੇਖ ਹੇਠ ਛਪੀ ਸੀ। ਇਸ ਵੇਲੇ 'ਸੱਜਰੇ ਹੰਝੂ' ਵਿਚ ਉਹ 'ਕੁਦਰਤ ਰਾਣੀ' ਨਾਮ ਥੱਲੇ ਛਪੀ ਹੈ। ਮੇਰੀ ਕਵਿਤਾ ਦਾ ਆਰੰਭ ਏਸੇ ਸਾਲ ਤੋਂ ਸਮਝਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਤਾਂ ਐਵੇਂ ਸਲੇਟ 'ਤੇ ਲਿਖ ਲਿਖ ਕੇ ਸਾਫ਼ ਕਰਨ ਵਾਲੀ ਗੱਲ ਸੀ।

ਮੈਂ ਉਹਨਾਂ ਸਾਹਿੱਤਕਾਰਾਂ ਦਾ ਮੁਕਾਬਲਾ ਨਹੀਂ ਕਰ ਸਕਦਾ, ਜਿਨ੍ਹਾਂ ਨੂੰ ਬਹੁਤ ਕੁਛ ਵਿਰਸੇ ਵਿਚ ਮਿਲਿਆ ਹੋਵੇ। ਪਰ ਹਲ ਵਾਹੁਣ ਵਾਲੇ ਅਨਪੜ੍ਹ ਮਾਪਿਆਂ ਘਰ

ਪੈਦਾ ਹੋਣ ਵਾਲੇ ਸਕੂਲ ਵਿਚ ਪੜ੍ਹਦੇ ਵਿਦਿਆਰਥੀ ਵਾਸਤੇ ਇਹ ਕਾਫ਼ੀ ਮਾਣ ਵਾਲੀ ਗੱਲ ਸੀ। ਪਿੱਛੋਂ ਹੋਰ ਮਾਸਕ ਪੱਤਰਾਂ ਵਿਚ ਵੀ ਮੇਰੀਆਂ ਕਵਿਤਾਵਾਂ ਤੇ ਕਹਾਣੀਆਂ ਛਪਣ ਲੱਗ ਪਈਆਂ।

5

ਇਹ ਮੈਨੂੰ ਯਕੀਨ ਸੀ, ਕਿ ਮੈਂ ਪੜ੍ਹਾਈ ਵਾਸਤੇ ਕਾਲਜ ਵਿਚ ਨਹੀਂ ਜਾ ਸਕਾਂਗਾ। ਦਸਵੀਂ ਦਾ ਇਮਤਿਹਾਨ ਮੇਰੀ ਆਖ਼ਰੀ ਮੰਜ਼ਲ ਸੀ। ਫਿਰ ਵੀ ਮੈਂ ਦਸਵੀਂ ਵਿਚ ਫ਼ਸਟ ਡਵੀਜ਼ਨ ਲੈ ਗਿਆ। ਹਿਸਾਬ ਤੇ ਸਾਂਇੰਸ ਵਿਚੋਂ ਪੂਰੇ ਨੰਬਰ ਸਨ, ਤੇ ਡਰਾਇੰਗ ਦੀ ਥਾਂ ਮੈਂ ਪੰਜਾਬੀ ਦਾ ਇਮਤਿਹਾਨ ਦਿੱਤਾ ਸੀ।

ਮੇਰੇ ਮਾਤਾ ਪਿਤਾ ਬਹੁਤ ਖ਼ੁਸ਼ ਸਨ। ਉਹਨਾਂ ਦਾ ਪੁੱਤਰ ਸਾਰੇ ਪਿੰਡ ਵਿਚੋਂ ਪਹਿਲਾ ਆਦਮੀ ਸੀ, ਜੀਹਨੇ ਦਸ ਜਮਾਤਾਂ ਪਾਸ ਕੀਤੀਆਂ ਸਨ। ਇਸ ਤੋਂ ਵੀ ਵਧੇਰੇ ਖ਼ੁਸ਼ੀ ਇਸ ਗੱਲ ਦੀ ਸੀ, ਕਿ ਵਾਹਿਗੁਰੂ ਨੇ ਉਹਨਾਂ ਨੂੰ ਪੋਤਰੇ ਦੀ ਦਾਤ ਬਖ਼ਸ਼ੀ ਸੀ। 27 ਦਸੰਬਰ, 1929 ਈ. ਨੂੰ ਸਾਡੇ ਘਰ ਰਵਿੰਦਰ ਸਿੰਘ ਦਾ ਜਨਮ ਹੋਇਆ। ਮਾਤਾ ਜੀ ਨੇ ਈਸ਼ਵਰ ਦਾ ਧੰਨਵਾਦ ਕਰਦਿਆਂ ਦੋਵੇਂ ਹੱਥ ਜੋੜ ਕੇ ਕਿਹਾ "ਸ਼ੁਕਰ ਏ, ਅੱਜ ਮੇਰੇ ਇਕ ਤੋਂ ਦੋ ਹੋਏ ਹਨ।" ਉਸ ਵੇਲੇ ਉਹਨਾਂ ਦੇ ਝੁਰੜੀਆ ਭਰੇ ਚਿਹਰੇ 'ਤੇ ਉਹ ਅਨੋਖੀ ਲਾਲੀ ਸੀ, ਜੋ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ।

ਇਮਤਿਹਾਨ ਤੋਂ ਦੋ-ਚਾਰ ਦਿਨ ਪਿੱਛੋਂ ਹੀ ਮੈਂ ਘਰ ਦਾ ਕੰਮ ਸੰਭਾਲ ਲਿਆ। ਪਿਤਾ ਜੀ ਦੀ ਉਮਰ ਵੀ ਵਡੇਰੀ ਸੀ ਤੇ ਸਿਹਤ ਵੀ ਬਹੁਤੀ ਚੰਗੀ ਨਹੀਂ ਸੀ। ਇਕ ਦਿਨ ਸ਼ਾਮ ਨੂੰ ਪਿਤਾ ਜੀ ਨੇ ਬੜੀ ਉਦਾਸ ਸੁਰ ਵਿਚ ਕਿਹਾ, "ਪੁੱਤਰ ! ਹੁਣ ਮੈਂ ਬਹੁਤਾ ਚਿਰ ਤੇਰਾ ਸਾਥ ਨਹੀਂ ਦੇ ਸਕਾਂਗਾ। ਨਸੀਹਤ ਵਜੋਂ ਮੈਂ ਤੈਨੂੰ ਦੋ ਗੱਲਾਂ ਕਹਿੰਦਾ ਹਾਂ। ਇਕ ਤਾਂ ਕਿਸੇ ਕਿਸਮ ਦੇ ਨਸ਼ੇ ਦਾ ਰੋਗ ਨਾ ਲਾਵੀਂ। ਇਹ ਅਜਿਹਾ ਰੋਗ ਹੈ, ਜੋ ਆਦਮੀ ਆਪ ਸਹੇੜ ਲੈਂਦਾ ਹੈ, ਤੇ ਫਿਰ ਸਿਰ ਨਾਲ ਜਾਂਦਾ ਹੈ। ਮੇਰਾ ਚਾਚਾ ਮੈਨੂੰ ਆਹ ਸੁੱਖੇ ਤੇ ਅਫ਼ੀਮ ਦਾ ਰੋਗ ਨਾ ਲਾਉਂਦਾ, ਤਾਂ ਮੈਂ ਅਜੇ ਕੰਮ ਤੋਂ ਨਹੀਂ ਸਾਂ ਲਈਦਾ। ਪਰ ਹੁਣ ਬੱਸ। ਸਭ ਜ਼ਿੰਮੇਵਾਰੀਆਂ ਤੇਰੇ ਸਿਰ ਹਨ। ਤੇ ਦੂਸਰੀ ਗੱਲ ! ਔਖੇ ਤੋਂ ਔਖਾ ਕੰਮ ਵੇਖ ਕੇ ਵੀ ਹੌਸਲਾ ਨਾ ਹਾਰੀਂ। ਮਰਦ ਦੀ ਹਿੰਮਤ ਦੇ ਸਾਮ੍ਹਣੇ ਪਰਬਤ ਵੀ ਝੁਕ ਜਾਂਦੇ ਨੇ। ਆਹ ਜੇਹੜੀ ਨਿਆਈਂ ਵਿਹੰਦਾ ਏਂ। ਸਾਰਾ ਬੰਜਰ ਪਿਆ ਸੀ। ਮੈਂ ਇਕੱਲੀ ਜਾਨ ਝਾੜੀਆਂ ਪੁੱਟ ਪੁੱਟ ਕੇ ਆਬਾਦ ਕੀਤੀ ਏ। ਆਹ ਦੋ-ਤਿੰਨ ਘੁਮਾਂ ਵੀ ਤੈਨੂੰ ਵਿਖਾਉਣ ਵਾਸਤੇ ਨਮੂਨੇ ਵਜੋਂ ਰੱਖੀ ਹੈ। ਸਮਝ ਗਿਆ ? ਹੁਣ ਤੂੰ ਜਾਣ ਤੇ ਤੇਰਾ ਕੰਮ ਜਾਣੇ। ਸਾਡੀ ਬੱਸ।"

"ਪਿਤਾ ਜੀ" ਮੈਂ ਬੜੀ ਨਮਰਤਾ ਨਾਲ ਕਿਹਾ, "ਮੇਰੇ ਸਿਰ 'ਤੇ ਤੁਹਾਡਾ ਹੱਥ ਚਾਹੀਦਾ ਹੈ। ਬਾਕੀ, ਮੈਂ ਕਿਸੇ ਗੱਲੋਂ ਸਿਰੜ ਨਹੀਂ ਹਾਰਾਂਗਾ।"

ਹੁਣ ਥੋੜ੍ਹੀ ਜੇਹੀ ਪਿੱਛੇ ਝਾਤੀ ਮਾਰੇ ਬਿਨਾਂ ਕਹਾਣੀ ਅੱਗੇ ਨਹੀਂ ਤੁਰਨੀ। ਮੇਰੇ ਪਿਤਾ ਜੀ ਤਿੰਨ ਭੈਣ-ਭਰਾ ਸਨ। ਸਭ ਤੋਂ ਵੱਡੀ ਭੈਣ, ਉਸ ਤੋਂ ਛੋਟੇ ਸ. ਨਿਹਾਲ ਸਿੰਘ ਜੀ ਤੇ ਉਹਨਾਂ ਤੋਂ ਛੋਟੇ ਮੇਰੇ ਪਿਤਾ ਜੀ (ਸ. ਖ਼ੁਸ਼ਹਾਲ ਸਿੰਘ)। ਪਿਤਾ ਜੀ ਸੱਭੋ ਛੇ-ਸਤ ਸਾਲ ਦੇ ਸਨ, ਜਦੋਂ ਮੇਰੇ ਦਾਦਾ ਜੀ (ਸ. ਬੇਲਾ ਸਿੰਘ) ਸੁਰਗਵਾਸ ਹੋ ਗਏ। ਘਰ ਦਾ ਆਗੂ ਬਣਿਆਂ ਉਹਨਾਂ ਦਾ ਛੋਟਾ ਭਰਾ ਸ. ਫ਼ਤਹਿ ਸਿੰਘ।

ਬਾਬਾ ਫਤਹਿ ਸਿੰਘ ਸੋਚੀ ਦਾ ਮੰਨਿਆਂ ਹੋਇਆ ਪਹਿਲਵਾਨ ਸੀ। ਦੋਹਾਂ ਭਰਾਵਾਂ ਦਾ ਬੜਾ ਪਿਆਰ ਸੀ। ਬਾਬਾ ਬੇਲਾ ਸਿੰਘ ਦੇ ਸੁਰਗਵਾਸ ਹੋਣ ਨਾਲ, ਸ. ਫਤਹਿ ਸਿੰਘ ਦਾ ਦਿਲ ਟੁੱਟ ਗਿਆ। ਪਹਿਲਵਾਨੀ ਗਈ ਭਰਾ ਦੇ ਨਾਲ ਹੀ। ਉਹਨਾਂ ਦੀ ਉਦਾਸੀ ਦਾ ਇਕ ਹੋਰ ਕਾਰਨ ਵੀ ਸੀ। ਉਸ ਸਮੇਂ ਤਕ ਬਾਬਾ ਫਤਹਿ ਸਿੰਘ ਦੇ ਘਰ ਦੋ ਲੜਕੀਆਂ ਹੀ ਸਨ। (ਲੜਕਾ - ਸ. ਵਧਾਵਾ ਸਿੰਘ ਕਾਫੀ ਚਿਰ ਪਿਛੋਂ ਹੋਇਆ।) ਬਾਬਾ ਫਤਹਿ ਸਿੰਘ ਨੇ ਉਦਾਸੀ ਨੂੰ ਘੱਟ ਕਰਨ ਵਾਸਤੇ ਨਸ਼ੇ ਦਾ ਰੋਗ ਲਾ ਲਿਆ। ਉਹ ਸੁੱਖਾ ਤੇ ਅਫੀਮ ਦੇ ਆਦੀ ਬਣ ਗਏ। ਇਹ ਰੋਗ ਉਹਨਾਂ ਅਗਾਂ ਭਤੀਜਿਆਂ ਨੂੰ ਵੀ ਲਾ ਦਿੱਤਾ। ਸੋ, ਬਚਪਨ ਤੋਂ ਹੀ ਉਹਨਾਂ ਮੇਰੇ ਪਿਤਾ ਜੀ ਤੇ ਤਾਇਆ ਜੀ ਨੂੰ ਅਫੀਮ ਤੇ ਸੁੱਖੇ ਦੇ ਆਦੀ ਬਣਾ ਦਿੱਤਾ।

ਖ਼ਰਚ ਵਧ ਗਿਆ, ਤੇ ਆਮਦਨ ਘਟ ਗਈ। ਬਾਬਾ ਫਤਹਿ ਸਿੰਘ ਨੇ ਜ਼ਮੀਨ ਗਹਿਣੇ ਪਾਉਣੀ ਸ਼ੁਰੂ ਕਰ ਦਿੱਤੀ। ਚੰਗੀ ਫ਼ਸਲ ਦੇਣ ਵਾਲੀ ਜ਼ਮੀਨ ਦਾ ਕੁਛ ਹਿੱਸਾ ਗਹਿਣੇ ਪੈ ਗਿਆ। ਮੇਰੇ ਦਾਦੀ ਜੀ ਓਦੋਂ ਅਜੇ ਜਿਊਂਦੇ ਅਨ। ਉਨ੍ਹਾਂ ਪਿੰਡ ਦੀ ਪਰ੍ਹੇ ਇਕੱਠੀ ਕਰਕੇ ਕਿਹਾ, 'ਇਹਨੂੰ ਕਹੋ, ਸਾਨੂੰ ਹਿੱਸੇ ਆਉਂਦੀ ਜ਼ਮੀਨ ਵੰਡ ਦੇਵੇ।' ਫੇਰ ਜ਼ਮੀਨ ਅੱਧੋ ਅੱਧ ਹੋ ਗਈ। ਪਰ ਬਾਬਾ ਫਤਹਿ ਸਿੰਘ ਨੇ ਸਭ ਤੋਂ ਨਿਕੰਮੀ ਜ਼ਮੀਨ ਮੇਰੇ ਪਿਤਾ ਜੀ ਨੂੰ ਦਿੱਤੀ। ਉਸ ਸਮੇਂ ਪਿਤਾ ਜੀ ਦੀ ਉਮਰ ਚੌਦਾਂ-ਪੰਦਰਾਂ ਸਾਲ ਸੀ।

ਉਸ ਸਮੇਂ ਸਾਡਾ ਪਿੰਡ ਤਰਨ ਤਾਰਨ ਵਾਲੀ ਰੋਹੀ ਦੇ ਕੰਢੇ 'ਤੇ ਵਸਦਾ ਸੀ। ਪਿਛੋਂ ਨਹਿਰਾਂ ਦਾ ਪਾਣੀ ਮਿਲ ਗਿਆ, ਤਾਂ ਸਾਰਾ ਪਿੰਡ ਓਥੋਂ ਉਠ ਕੇ ਖੇਤਾਂ ਦੇ ਵਿਚ ਆ ਬੱਝਾ। ਸਿੱਟੇ ਵਜੋਂ ਉਹ ਸੱਠ ਘੁਮਾਂ ਬੰਜਰ, ਜੋ ਮੇਰੇ ਪਿਤਾ ਜੀ ਦੇ ਹਿੱਸੇ ਆਇਆ ਸੀ, ਉਹ ਨਵੇਂ ਪਿੰਡ ਦੀ ਨਿਆਂਈਂ ਬਣ ਗਈ। ਜ਼ਮੀਨ ਦਾ ਦੂਸਰਾ ਟੁਕੜਾ ਪਿੰਡ ਤੋਂ ਪੌਣਾ-ਕੁ ਮੀਲ ਦੂਰ ਸੀ। ਉਸ ਵਿਚੋਂ ਵੀ ਵਿਚਕਾਰ ਬਾਬਾ ਫਤਹਿ ਸਿੰਘ ਨੇ ਰੱਖ ਲਈ, ਤੇ ਭਤੀਜਿਆਂ ਨੂੰ ਦੋ ਟੁਕੜਿਆਂ ਵਿਚ ਦਿੱਤੀ। (ਦੋਹਾਂ ਘਰਾਂ ਦੀ ਕੁੱਲ ਜ਼ਮੀਨ ਦੋ ਸੌ ਘੁਮਾਂ ਤੋਂ ਕੁਛ ਉੱਪਰ ਸੀ।)

ਜਿਹੜੀ ਨਿਆਂਈਂ ਬਣੀ, ਉਸ ਵਿਚੋਂ ਸਿਰਫ਼ ਚਾਰ-ਪੰਜ ਘੁਮਾਂ ਵਗਦੀ ਸੀ। ਬਾਕੀ ਸਾਰੀ ਬੰਜਰ ਸੀ। ਉੱਚੀ ਨੀਂਵੀਂ ਤੇ ਜੰਗਲ, ਜਿਸ ਵਿਚ ਵਣ, ਕਰੀਰ, ਮਲ੍ਹਾ ਤੇ ਜੰਡ ਜਾਂ ਵਿਚ ਕੋਈ ਕੋਈ ਕਿੱਕਰ ਸੀ। ਮੇਰੇ ਤਾਇਆ ਜੀ ਬਚਪਨ ਤੋਂ ਹੀ ਸਾਧੂ-ਮਤੇ ਰਹੇ। ਸੋ ਸਾਰੀ ਜ਼ਮੀਨ ਮੇਰੇ ਪਿਤਾ ਜੀ ਨੇ ਬੰਜਰ ਪੁੱਟ ਕੇ ਆਬਾਦ ਕੀਤੀ। ਜਦੋਂ ਮੈਂ ਸੁਰਤ ਸੰਭਾਲੀ, ਉਹ ਨਿਆਂਈਂ ਸਾਰੇ ਪਿੰਡ ਵਿਚੋਂ ਵਧੀਆ ਜ਼ਮੀਨ ਸੀ। ਤੇ ਓਹਾ ਸਾਡੀਆਂ ਮੁਸ਼ਕਲਾਂ ਦਾ ਕਾਰਨ ਬਣੀ।

ਬਾਬਾ ਫਤਹਿ ਸਿੰਘ ਦੇ ਘਰ ਪਿਛਲੀ ਉਮਰ ਇਕ ਪੁੱਤਰ ਹੋਇਆ, ਸ. ਵਧਾਵਾ ਸਿੰਘ। ਉਹਨੇ ਬਚਪਨ ਬਹੁਤ ਔਕੜਾਂ ਵਿਚ ਗੁਜ਼ਾਰਿਆ। ਪਰ ਜ਼ਮੀਨ ਐਵੇਂ ਥੋੜ੍ਹੇ ਥੋੜ੍ਹੇ ਪੈਸਿਆਂ ਵਿਚ ਗਹਿਣੇ ਸੀ। ਸੋ ਉਸਨੇ ਮਿਹਨਤ ਕਰਕੇ ਛੁਡਾ ਲਈ। ਫਿਰ ਸਾਡੀ ਨਿਆਂਈਂ ਉਹਨੂੰ ਰੜਕਣ ਲੱਗ ਪਈ। ਉਹ ਮੇਰੇ ਪਿਤਾ ਜੀ ਪਾਸੋਂ ਨਿਆਂਈਂ ਵਿਚੋਂ ਹਿੱਸਾ ਮੰਗਣ ਲੱਗ ਪਿਆ। ਕਾਨੂੰਨੀ ਤੌਰ 'ਤੇ ਉਹ ਉਸ ਵਿਚੋਂ ਲੈ ਨਹੀਂ ਸੀ ਸਕਦਾ। ਇਸ ਲਈ ਉਹਨੇ ਲੜਾਈ ਝਗੜੇ ਦਾ ਰਸਤਾ ਅਖ਼ਤਿਆਰ ਕਰ ਲਿਆ। ਤੇ ਇਹ ਝਗੜਾ ਸੰਨ ਛੱਤੀ-

ਸੈਂਤੀ ਤਕ ਚਲਦਾ ਰਿਹਾ ।

ਮੇਰੀ ਪੜ੍ਹਾਈ ਖ਼ਤਮ ਹੋ ਗਈ । ਪਿਤਾ ਜੀ ਦੀ ਉਮਰ ਵੀ ਵਡੇਰੀ ਸੀ, ਤੇ ਸਿਹਤ ਵੀ ਬਹੁਤ ਅੱਛੀ ਨਹੀਂ ਹੀ । ਸੋ ਵਾਹੀ ਦਾ ਸਾਰਾ ਕੰਮ ਮੇਰੇ ਸਿਰ 'ਤੇ ਆ ਪਿਆ । ਮੇਰੇ ਵਾਸਤੇ ਉਹ ਕੰਮ ਬਹੁਤ ਮੁਸ਼ਕਲ ਸੀ । ਪਰ ਮੈਂ ਸਿਰੜ ਨਾ ਹਾਰਿਆ ਤੇ ਸਾਰਾ ਕੰਮ ਸੰਭਾਲ ਲਿਆ । ਉਸ ਸਮੇਂ ਦੀ ਵਾਹੀ ਕਿੰਨੀ ਕੁ ਔਖੀ ਸੀ । ਕੇਵਲ ਓਹਾ ਆਦਮੀ ਸਮਝ ਸਕਦਾ ਹੈ, ਜਿਸਨੇ ਹੱਥੀਂ ਕੀਤਾ ਹੋਵੇ । ਮੇਰੇ ਨਾਵਲਾਂ ਵਿਚ ਕਿਤੇ ਕਿਤੇ ਉਸ ਕਠਨ ਤਪੱਸਿਆ, ਜਾਂ ਮੁਸ਼ੱਕਤ ਦਾ ਜ਼ਿਕਰ ਆਉਂਦਾ ਹੈ । ਮੈਂ ਹੱਥੀਂ ਹਲ ਵਾਹਿਆ, ਕਰਾਹਾ ਫੇਰਿਆ, ਰਾਤ ਪਾਣੀ ਵਾਰਿਆ, ਖਾਲ ਖਾਲਿਆ, ਕਣਕ ਦੀ ਵਾਢੀ ਕੀਤੀ, ਫਲ੍ਹਿਆਂ ਨਾਲ ਗਾਹੀ ਤੇ ਹੱਥੀ ਧੜਾਂ ਉਡਾਈਆਂ । ਉਸ ਸਮੇਂ ਦੀ ਵਾਹੀ ਸੱਚ ਮੁੱਚ ਹੀ 'ਜਾਟ ਕੀ ਜੂਨ ਬੁਰੀ' ਵਾਲੀ ਗੱਲ ਸੀ ।

ਪਰ ਕਵਿਤਾ ਲਿਖਣ ਦਾ ਜਮਾਂਦਰੂ ਰੋਗ ਮੈਨੂੰ ਉਸ ਸਖ਼ਤ ਰੁਝੇਵੇਂ ਵਿਚ ਵੀ ਨਹੀਂ ਸੀ ਟਿਕਣ ਦੇਂਦਾ । ਜ਼ਰਾ ਕੁ ਵਿਹਲ ਮਿਲਦੀ ਸੀ, ਤਾਂ ਮੈਂ ਲਕੀਰਾਂ ਝਰੀਟਣ ਲੱਗ ਪੈਂਦਾ ਸਾਂ । ਮੇਰੀ ਹਰ ਲਿਖਤ ਦੇ ਥੱਲੇ, ਉਸਦੇ ਲਿਖੇ ਜਾਣ ਦੀ ਤਾਰੀਖ਼ ਹੈ ।

6

1931 ਦਾ ਸਾਲ ਪਰਵਾਰ ਵਾਸਤੇ ਖ਼ੁਸ਼ੀ ਵੀ ਲਿਆਇਆ, ਪਰ ਗ਼ਮੀਆਂ ਬਹੁਤੀਆਂ । ਖ਼ੁਸ਼ੀ ਇਹ ਸੀ, ਕਿ ਸਾਡੇ ਘਰ ਦੂਸਰਾ ਲੜਕਾ ਸੁਰਜੀਤ ਸਿੰਘ 14 ਅਗਸਤ ਨੂੰ ਜਨਮਿਆਂ । ਸਾਰੇ ਪਰਵਾਰ ਨੂੰ ਬਹੁਤ ਖ਼ੁਸ਼ੀ ਹੋਈ । ਪੋਤਰੇ ਨੂੰ ਗੋਦ ਵਿਚ ਲੈ ਕੇ ਪਿਤਾ ਜੀ ਨੇ ਮੇਰੇ ਮਾਤਾ ਜੀ ਨੂੰ ਸੰਬੋਧਨ ਕਰਕੇ ਕਿਹਾ, ''ਨੈਣੋ ਦੀ ਮਾਂ ! ਗੁਰੂ ਮਹਾਰਾਜ ਦੀ ਨਜ਼ਰ ਸਵੱਲੀ ਹੋ ਗਈ ਹੈ । ਆਪਾਂ ਸਾਰੀ ਉਮਰ ਤਰਸ ਕੇ ਇਕ ਪੁੱਤਰ ਲਿਆ ਸੀ । ਹੁਣ ਆਪਣੇ ਇਕ ਤੋਂ ਤਿੰਨ ਹੋ ਗਏ ਨੇ । ਕਿਸੇ ਦਿਨ ਨੂੰ ਇਸ ਘਰ ਵਿਚ ਬੰਦਿਆਂ ਦੀ ਗਹਿਮਾ ਗਹਿਮ ਹੋਵੇਗੀ । ਇਹਨਾਂ ਕੱਚਿਆਂ ਕੋਠਿਆਂ ਦੀ ਥਾਂ ਪੱਕੇ ਮਹਿਲ ਹੋਣਗੇ । ਜਿੱਥੇ ਜੰਡ ਕਰੀਰ ਖਲੇ ਸਨ, ਏਥੇ ਬਾਗ਼ ਹੋਣਗੇ । ਪਰ ਆਪਾਂ ਨਹੀਂ ਹੋਵਾਂਗੇ । ਵਾਹਵਾ ! ਇਕ ਗੱਲ ਦੀ ਖ਼ੁਸ਼ੀ ਹੈ, ਕਿ ਆਪਾਂ ਭਰਿਆ ਮੇਲਾ ਛੱਡ ਕੇ ਚੱਲਾਂਗੇ । ਪਰ ਮੇਰੀ ਰੂਹ ਏਥੇ ਹੀ ਭਟਕਦੀ ਰਹੇਗੀ । ਇਸ ਪਰਵਾਰ ਵਿਚ ਇਕ ਵਾਰ ਫਿਰ ਜਨਮ ਲੈਣ ਦੀ ਰੀਝ ਹੈ । ਵਾਹਿਗੁਰੂ ਪੂਰੀ ਕਰੇਗਾ ।''

ਮਨੁੱਖੀ ਮਨ ਨੂੰ ਸਮਝਣਾ ਬਹੁਤ ਮੁਸ਼ਕਲ ਹੈ । ਸਾਰੀ ਉਮਰ ਪਿਤਾ ਜੀ ਨੇ ਕਸ਼ਟ ਭੋਗਿਆ ਸੀ । ਕੋਈ ਵੀ ਸਮਾਂ ਸੁੱਖ ਦਾ ਨਹੀਂ ਸੀ ਬੀਤਿਆ । ਫਿਰ ਵੀ ਉਹ ਇਸ ਪਰਵਾਰ ਵਿਚ ਜਨਮ ਲੈਣ ਦੇ ਚਾਹਵਾਨ ਸਨ ।

ਉਸ ਦਿਨ ਤੋਂ ਪਿੱਛੋਂ ਪਿਤਾ ਜੀ ਦੀ ਸਿਹਤ ਅਸਲੋਂ ਡਿਗਣੀ ਸ਼ੁਰੂ ਹੋ ਗਈ । ਆਖ਼ਰੀ ਤਿੰਨ ਦਿਨ ਉਹ ਬੇਹੋਸ਼ ਹੀ ਰਹੇ । ਤੇ ਅੰਤ 28 ਅਗਸਤ, 1931 ਨੂੰ ਪਿਤਾ ਜੀ ਸੁਰਗਵਾਸ ਹੋ ਗਏ ।

ਮੇਰੇ ਭਾਂ ਦਾ ਚੁਫੇਰੇ ਹਨੇਰ ਛਾ ਗਿਆ । ਚੁਫੇਰੇ ਝਾਤੀ ਮਾਰਦਾ ਸਾਂ, ਪਰ ਕਿਸੇ ਪਾਸੇ ਵੀ ਕੋਈ ਸਹਾਈ ਨਜ਼ਰ ਨਹੀਂ ਸੀ ਆਉਂਦਾ । ਦਿਲ ਪੱਥਰ ਹੋ ਗਿਆ । ਪਿਤਾ ਜੀ ਦੇ ਸੁਰਗਵਾਸ ਹੋਣ ਤੇ ਮੈਂ ਲੋਕਾਚਾਰੀ ਵੀ ਰੋ ਨਾ ਸੱਕਿਆ । ਕਾਫ਼ੀ ਦਿਨਾਂ ਤੋਂ ਉਹ ਮੰਜੇ 'ਤੇ

ਪਏ ਸਨ। ਪਰ ਉਸ ਹਾਲਤ ਵਿਚ ਵੀ ਵਿਰੋਧੀਆਂ ਨੂੰ ਉਹਨਾਂ ਦਾ ਕੁਛ ਭੈ ਸੀ। ਅੱਜ ਉਹਨਾਂ ਦੇ ਦਿਲ ਤੋਂ ਭੈ ਚੁਕਿਆ ਗਿਆ, ਅਤੇ ਮੇਰਾ ਸਹਾਰਾ ਤੁਰ ਗਿਆ।

ਸੂਰਜ ਚੜ੍ਹਿਆ ਹੀ ਸੀ। ਪਿਤਾ ਜੀ ਦੀ ਅਰਥੀ ਤਿਆਰ ਕਰਕੇ ਅਸੀਂ ਵੱਡੀ ਭੈਣ ਨੂੰ ਉਡੀਕ ਰਹੇ ਸਾਂ। ਉਸ ਸਮੇਂ ਇਕ ਸੱਜਣ ਨੇ ਆ ਕੇ ਪਤਾ ਦਿੱਤਾ, ਕਿ ਤੇਰੇ ਵਿਰੋਧੀ, ਪੰਜਾਂ-ਸੱਤਾਂ ਘਰਾਂ ਦਾ ਮਾਲ ਤੇਰੀ ਖਲੀ ਫ਼ਸਲ ਵਿਚ ਛੱਡ ਕੇ, ਵੱਟਾਂ ਉਤੇ ਡਾਂਗਾਂ ਫੜੀ ਖੜੇ ਹਨ।

ਮੈਂ ਵਿਰੋ ਵਿਚ ਲਹੂ ਦੇ ਘੁੱਟ ਪੀ ਕੇ ਰਹਿ ਗਿਆ। ਉਸ ਵੇਲੇ ਮੇਰੇ ਮਨ ਦੀ ਕੀ ਹਾਲਤ ਹੋਵੇਗੀ, ਕੇਵਲ ਅਨੁਮਾਨ ਲਾਇਆ ਜਾ ਸਕਦਾ ਹੈ, ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ। ਉਹ ਘਟਨਾ ਮੈਨੂੰ ਅੱਜ ਤਕ ਨਹੀਂ ਭੁੱਲੀ। ਤੇ ਉਸਦੇ ਅਮਿਟ ਅਸਰ ਨੇ ਸੁਤੇ ਹੀ ਮੇਰੀ ਰਚਨਾ ਵਿਚ ਕਰੁਣਾਰਸ ਭਰ ਦਿੱਤਾ।

ਅਗਲੇ ਤਿੰਨ ਸਾਲ ਮੈਂ ਨਰਕੀ ਜੀਵਨ ਭੋਗਿਆ। ਮੇਰੇ ਕਾਵ-ਸੰਗ੍ਰਹਿ 'ਸੱਜਰੇ ਹੰਝੂ' ਵਿਚ ਛਪੀ ਕਵਿਤਾ 'ਗ਼ਰੀਬ ਕਵੀ' ਪੜ੍ਹੋ। ਉਹ ਮੇਰੀ ਆਪਣੀ ਕਹਾਣੀ ਹੀ ਤਾਂ ਹੈ।

1919 ਵਿਚ ਜਿਨਸਾਂ ਦੇ ਭਾਅ ਬਹੁਤ ਚੜ੍ਹ ਗਏ ਸਨ। ਕਪਾਹ ਵੀਹ ਰੁਪੈ ਤਕ ਵਿਕੀ ਸੀ। ਜਿਨਸਾਂ ਦੇ ਭਾਅ ਵਧਣ ਕਾਰਨ ਜੱਟਾਂ ਨੇ ਘਰਾਂ ਦੇ ਖ਼ਰਚ ਵਧਾ ਲਏ। ਪਰ ਜੰਗ ਪਿਛੋਂ ਛੇਤੀ ਹੀ ਭਾਅ ਗਿਰ ਗਏ। ਜੱਟਾਂ ਦੇ ਭਾਅ ਦੀ ਬਹੁਤ ਮੁਸ਼ਕਲ ਬਣ ਗਈ। ਖੇਤਾਂ ਵਿਚ ਮੁੰਡੇ ਬੋਲੀਆਂ ਪਾਉਂਦੇ ਫਿਰਦੇ :

"ਬਹੁਤੀਆਂ ਜ਼ਮੀਨਾਂ ਵਾਲੇ,
ਮਾਮਲੇ ਨੂੰ ਵੇਖੇ ਜਾਣਗੇ।"

ਤੇਤੀ-ਚੌਤੀ ਦਾ ਸਾਲ ਅੱਤ ਮੰਦੇ ਦਾ ਸੀ। ਉਸਦਾ ਅਸਰ ਮੇਰੇ 'ਤੇ ਪੈਣਾ ਹੀ ਸੀ। ਖਲੀ ਫ਼ਸਲ ਸ਼ਰੀਕਾਂ ਨੇ ਉਜਾੜ ਦਿੱਤੀ, ਤੇ ਮਾਮਲਾ ਕਰਜ਼ ਲੈ ਕੇ ਤਾਰਨਾ ਪਿਆ।

18 ਮਾਰਚ, 1934 ਨੂੰ ਮੈਂ ਇਕ ਕਵਿਤਾ ਲਿਖੀ,

"ਦੋ ਸੌ ਤੇਰਾਂ ਦੀ ਸਾਉਣੀ ਕੁੱਲ ਹੋਈ,
ਆਇਆ ਮਾਮਲਾ ਇਕ ਸੌ ਪੰਜਾਹ, ਬਈ ਵਾਹ
ਵਿਕਿਆ ਤੋਰੀਆ ਦੋ ਤੇ ਦਸੀਂ ਆਨੀਂ,
ਡੂਢ ਪੈਸੇ ਤੇ ਪੰਜੀਂ ਕਪਾਹ, ਬਈ ਵਾਹ!"

ਇਹਨਾਂ ਚੌਹ ਸਾਲਾਂ ਵਿਚ ਮੈਂ ਬਹੁਤ ਕੁਛ ਸਿੱਖਿਆ। ਕਈ ਵਾਰ ਮੁਸੀਬਤ ਵੀ ਵਰ-ਦਾਨ ਬਣ ਜਾਂਦੀ ਹੈ। ਜਦ ਜ਼ਰਾ ਚੰਗੇ ਦਿਨ ਆਏ, ਤਾਂ ਇਹ ਮੁਸੀਬਤ ਮੇਰੀਆਂ ਰਚਨਾਵਾਂ ਦਾ ਸ਼ਿੰਗਾਰ ਬਣ ਗਈ। ਖਲੋਤੀ ਹਰੀ ਕਣਕ ਵੱਢ ਲੈਣੀ, ਖਲੀ ਫ਼ਸਲ ਮਾਲ ਛੱਡ ਕੇ ਉਜਾੜ ਦੇਣੀ, ਨਹਿਰ ਦਾ ਪਾਣੀ ਮੱਲੋ-ਮੱਲੀ ਵੱਢ ਕੇ ਆਪਣੇ ਖੇਤ ਨੂੰ ਲਾ ਲੈਣਾ, ਇਹ ਆਮ ਗੱਲ ਸੀ। ਮੁਕਦੀ ਗੱਲ, ਮੈਂ ਉਸ ਜੀਵਨ ਤੋਂ ਤੰਗ ਪੈ ਗਿਆ।

ਬੜੇ ਲੰਮੇ ਦਾਈਏ ਰੱਖ ਕੇ ਮੈਂ 1933 ਵਿਚ ਲਾਹੌਰ ਪੰਜਾਬ ਯੂਨੀਵਰਸਿਟੀ ਦਾ 'ਗਿਆਨੀ' ਦਾ ਇਮਤਿਹਾਨ ਪਾਸ ਕੀਤਾ। ਵਿਚਾਰ ਇਹ ਸੀ, ਕਿ ਇਸ ਤਰ੍ਹਾਂ ਪ੍ਰਾਈਵੇਟ ਬੀ.ਏ. ਪਾਸ ਕਰਕੇ ਕਿਤੇ ਨੌਕਰੀ ਭਾਲਣ ਦਾ ਯਤਨ ਕਰਾਂਗਾ। ਇਕ ਵਾਰ ਨੌਕਰੀ ਦੀ

ਆਸ ਬੱਝੀ ਵੀ, ਪਰ ਹੱਥ ਨਾ ਆਈ। ਨੌਕਰੀ ਸੀ ਲਾਹੌਰੋਂ ਨਿਕਲਦੇ ਮਾਸਕ ਪੱਤਰ 'ਪ੍ਰੀਤਮ' ਦੀ ਐਡੀਟਰ ਦੀ। ਚਾਲੀ ਰੁਪੈ ਮਹੀਨਾ ਤਨਖ਼ਾਹ ਤੇ ਦਫ਼ਤਰ ਵਿਚ ਰਹਿਣ ਵਾਸਤੇ ਛੋਟਾ ਜਿਹਾ ਕਮਰਾ। ਤੰਗ ਆਏ ਹੋਏ ਨੇ ਮੈਂ ਓਹਾ ਪ੍ਰਵਾਨ ਕਰ ਲਈ। ਪਰ ਜਾਂ ਨੀਯਤ ਦਿਨ 'ਤੇ ਗਿਆ, ਤਾਂ ਜਵਾਬ ਮਿਲ ਗਿਆ।

ਪੰਜਾਬੀ ਵਿਚ ਇਕ ਅਖਾਣ ਸੁਣਦੇ ਸਾਂ, 'ਛੋਟਾ ਵਾਸ, ਤੇ ਕੁਲ ਦਾ ਨਾਸ।' ਛੋਟੇ ਨੱਗਰ ਵਿਚ ਇਕ ਬਲਵਾਨ ਦਾ ਰਾਜ ਹੁੰਦਾ ਹੈ। ਉਸ ਨੂੰ ਟੋਕਣ ਵਾਲਾ ਕੋਈ ਨਹੀਂ ਹੁੰਦਾ।

ਛੋਟੇ ਪਿੰਡ ਵਿਚ ਜਿਸ ਜੱਟ ਕੋਲ ਜ਼ਮੀਨ ਚੰਗੀ ਹੋਵੇ, ਤੇ ਪਿੱਛੇ ਦੋ-ਚਾਰ ਡਾਂਗਾ ਫੜ ਕੇ ਖਲੋਣ ਵਾਲੇ ਨਾ ਹੋਣ, ਉਹਨੂੰ ਕੋਈ ਜਿਉਣ ਨਹੀਂ ਦੇਂਦਾ।

ਜੱਟ ਦੇ ਖ਼ਾਨਦਾਨੀ ਸੁਭਾਉ ਨੂੰ ਕੇਵਲ ਜੱਟ ਹੀ ਸਮਝ ਸਕਦਾ ਹੈ, ਦੂਸਰਾ ਨਹੀਂ।

ਏਨਾ ਹੀ ਨਹੀਂ, ਜ਼ਿੰਦਗੀ ਨੇ ਹੋਰ ਵੀ ਬਹੁਤ ਕੁਛ ਸਿਖਾਇਆ। ਇਨਸਾਨ ਦੇ ਬਾਹਰ ਦੇ ਰੂਪ ਤੇ ਅੰਦਰ ਦੇ ਸੁਭਾਉ ਵਿਚ ਕਿੰਨਾ ਫ਼ਰਕ ਹੈ। ਸੱਚਮੁੱਚ ਦੇਵਤੇ ਤੇ ਸ਼ੈਤਾਨ ਵਿਚ ਪਹਿਚਾਨ ਕਰਨੀ ਇਕ ਕਠਿਨ ਕੰਮ ਹੈ।

ਮੇਰੇ ਮਾਤਾ ਜੀ ਨੇ ਘਰ ਦੀ ਨਿੱਘਰਦੀ ਹਾਲਤ ਵੇਖ ਕੇ ਕਈ ਵਾਰ ਹਉਕਾ ਭਰ ਕੇ ਕਹਿਣਾ, 'ਭੋਜਨ ਦਾ ਸੰਸਾ, ਤਾਂ ਧਨ ਦੀ ਕੈਸੀ ਆਸ।' ਫਿਰ ਆਪਣੇ ਆਪ ਨੂੰ ਹੌਸਲਾ ਦੇਣ ਵਾਸਤੇ ਆਪ ਹੀ ਕਹਿਣਾ, 'ਸਦਾ ਤਾਂ ਹਨੇਰੀਆਂ ਰਾਤਾਂ ਨਹੀਂ ਰਹਿਣਗੀਆਂ। ਕਦੇ ਤਾਂ ਭਲੇ ਦਿਨ ਵੀ ਆਉਣਗੇ ਹੀ।'

ਤਾਂ ਕੀ ਇਹਨਾਂ ਅੱਤ ਮੁਸ਼ਕਲ ਦਿਨਾਂ ਵਿਚ ਵੀ ਮੇਰੀ ਕਲਮ ਰੁਕੀ ? ਨਹੀਂ। ਉਹ ਨਵੇਂ ਨਵੇਂ ਤਜਰਬੇ ਕਰਦੀ ਰਹੀ। ਅਸਲ ਵਿਚ ਜਿਸ ਨੂੰ ਇਹ ਰੋਗ ਜਮਾਂਦਰੂ ਹੋਵੇ, ਉਸ ਨੂੰ ਕੋਈ ਦਵਾਈ ਕਾਟ ਨਹੀਂ ਕਰਦੀ। ਮੈਂ ਦੁਨਿਆਵੀ ਮੁਸੀਬਤਾਂ ਤੋਂ ਛੁਟਕਾਰਾ ਪਾ ਸਕਦਾ ਸਾਂ। ਨਿਆਈਂ ਵਿਚੋਂ ਚਾਚੇ ਨੂੰ ਕੁਛ ਹਿੱਸਾ ਦੇ ਕੇ, ਜਿਸ ਉਤੇ ਉਹਦਾ ਕੋਈ ਹੱਕ ਨਹੀਂ ਸੀ। ਪਰ ਜੱਟ ਵਾਸਤੇ ਜ਼ਮੀਨ ਦੇਣੀ, ਕਲੇਜੇ ਦਾ ਟੁਕੜਾ ਵਢ ਕੇ ਦੇਣ ਦੇ ਬਰਾਬਰ ਹੁੰਦਾ ਹੈ।

ਜਿਸ ਧਰਤੀ ਨੂੰ ਆਬਾਦ ਕਰਨ ਵਾਸਤੇ ਮੇਰੇ ਪਿਤਾ ਜੀ ਦਾ ਲਹੂ ਨਾਲੋਂ ਵੀ ਕੀਮਤੀ ਮੁੜ੍ਹਕਾ ਡੁੱਲ੍ਹਾ ਸੀ, ਉਹ ਮੈਂ ਨਹੀਂ ਸਾਂ ਦੇ ਸਕਦਾ।

ਤੇ ਜਿਸ ਅਸਾਧ ਰੋਗ ਵੱਲ ਇਸ਼ਾਰਾ ਹੈ, ਉਹ ਸੀ ਸਾਹਿੱਤ ਲਿਖਣ ਦਾ। ਗ਼ਾਲਿਬ ਦਾ ਇਕ ਸ਼ੇਅਰ ਬੜਾ ਮਜ਼ੇਦਾਰ ਹੈ,

"ਇਸ਼ਕ ਨੇ ਗ਼ਾਲਿਬ ਨਿਕੰਮਾ ਕਰ ਦੀਆ,
ਵਰਨਾ ਹਮ ਭੀ ਆਦਮੀ ਥੇ ਕਾਮ ਕੇ।"

ਇਹ ਇਸ਼ਕ ਸਾਹਿੱਤ ਰਚਨਾ ਦਾ ਹੀ ਸੀ।

ਸੋ ਇਸ ਮੁਸੀਬਤ ਦੇ ਦਿਨਾਂ ਵਿਚ ਵੀ ਮੈਂ ਨਵੇਂ ਨਵੇਂ ਤਜਰਬੇ ਕਰਦਾ ਰਿਹਾ। 1932 ਵਿਚ ਮੈਂ ਪਹਿਲੀ ਕਹਾਣੀ ਲਿਖੀ 'ਵੈਰੀ ਪੁੱਤਰ'। ਉਹ ਕਿਸੇ ਮਾਸਕ ਪੱਤਰ ਵਿਚ ਛਪੀ। (ਪਿੱਛੋਂ ਫੁਲਵਾੜੀ ਤੇ 'ਪ੍ਰੀਤਮ' ਵਿਚ ਮੇਰੀਆਂ ਕਹਾਣੀਆਂ ਤੇ ਕਵਿਤਾਵਾਂ ਆਮ ਛਪਦੀਆਂ ਰਹੀਆਂ।) ਉਹ ਕਹਾਣੀ ਬਿਲਕੁਲ ਸੱਚੀ ਸੀ। ਉਸ ਦਾ ਮੁੱਖ-ਪਾਤਰ

ਸੀ ਮੇਰੇ ਮਾਮਾ ਜੀ ਦਾ ਲੜਕਾ। ਉਸ ਕਹਾਣੀ ਬਦਲੇ ਮੈਨੂੰ ਮਾਮਾ ਜੀ ਤੋਂ ਕਾਫ਼ੀ ਝਿੜਕਾਂ ਸਹਿਣੀਆਂ ਪਈਆਂ। ਮੈਂ ਇਹ ਸਿੱਖਿਆ, ਕਿ ਦੁਖ ਦੇਣ ਹਾਰੀ ਔਲਾਦ ਨਾਲ ਵੀ ਮਾਪਿਆਂ ਦਾ ਅਮਿਟ ਮੋਹ ਹੁੰਦਾ ਹੈ। ਉਹ ਅੰਸ ਦੇ ਵਿਰੁੱਧ ਨਹੀਂ ਸੁਣ ਸਕਦੇ, ਭਾਵੇਂ ਉਸ ਵਿਚ ਕਿੰਨੀ ਵੀ ਸਚਾਈ ਹੋਵੇ।

ਇਹਨਾਂ ਹੀ ਦਿਨਾਂ ਵਿਚ ਮੈਂ ਆਈ. ਸੀ. 'ਨੰਦਾ' ਦੇ ਨਾਟਕ ਪੜ੍ਹੇ 'ਸੁਭੱਦਰਾ' ਤੇ 'ਲਿੱਲੀ ਦਾ ਵਿਆਹ'। ਇਕ ਦੋ ਨਾਟਕ ਸ਼ੇਕਸਪੀਅਰ ਦੇ ਵੀ ਪੜ੍ਹੇ। ਕਾਲੀਦਾਸ ਦੇ ਜਗਤ ਪ੍ਰਸਿੱਧ ਨਾਟਕ 'ਸ਼ਕੁੰਤਲਾ' ਦਾ ਪੰਜਾਬੀ ਅਨੁਵਾਦ ਪੜ੍ਹਿਆ। ਉਹ ਮੈਨੂੰ ਬਹੁਤ ਪਸੰਦ ਆਇਆ। ਪਿਛੋਂ 'ਗਿਆਨੀ' ਵਿਚ ਕੋਰਸ ਵਜੋਂ 'ਵਿਕ੍ਰਮੋਰਵਸ਼ੀ' ਵੀ ਪੜ੍ਹਿਆ। ਮੇਰੀ ਅੱਜ ਵੀ ਰਾਏ ਹੈ, ਕਿ ਉਸ ਸਮੇਂ ਨੂੰ ਮੁੱਖ ਰਖ ਕੇ ਵਿਚਾਰਿਆ ਜਾਏ, ਤਾਂ ਸ਼ੇਕਸਪੀਅਰ ਨਾਲੋਂ ਕਾਲੀਦਾਸ ਬਹੁਤ ਉਚੇਰਾ ਹੈ।

ਜੇਹੋ ਜੇਹੇ ਲੋਕਾਂ ਦੀ ਅਸੀਂ ਸੰਗਤ ਕਰਦੇ ਹਾਂ, ਜਾਂ ਜੇਹੋ ਜੇਹਾ ਸਾਹਿੱਤ ਅਸੀਂ ਪੜ੍ਹਦੇ ਹਾਂ, ਉਸ ਦਾ ਅਸਰ ਸਾਡੇ ਉਤੇ ਅਵੱਸ਼ ਪੈਂਦਾ ਹੈ। ਉਸ ਸਮੇਂ ਸਭ ਤੋਂ ਵਧੇਰੇ ਅਸਰ ਕਾਲੀਦਾਸ ਦਾ ਪਿਆ। ਕਾਲੀਦਾਸ ਕਿਸ ਸਮੇਂ ਹੋਇਆ? ਆਲੋਚਕ ਇਕ ਸਮੇਂ 'ਤੇ ਸਹਿਮਤ ਨਹੀਂ। ਉਹ ਕਿਹੜਾ, ਤੇ ਕਿਸ ਇਲਾਕੇ ਦਾ ਰਾਜਾ ਸੀ ਵਿਕ੍ਰਮਾਜੀਤ, ਜਿਸ ਦਾ ਦਰਬਾਰੀ ਕਵੀ ਸੀ ਕਾਲੀਦਾਸ? ਦਾਅਵੇ ਨਾਲ ਕੁਛ ਨਹੀਂ ਕਿਹਾ ਜ ਸਕਦਾ। ਏਥੋਂ ਤਕ, ਕਿ ਜਿਸ ਬੋਲੀ (ਸੰਸਕ੍ਰਿਤ) ਵਿਚ ਕਾਲੀਦਾਸ ਨੇ ਲਿਖਿਆ ਹੈ, ਉਹ ਬੋਲੀ ਵੀ ਅੱਜ ਕਿਤਾਬੀ ਬੋਲੀ ਬਣ ਕੇ ਰਹਿ ਗਈ ਹੈ। ਭਾਵ, ਅੱਜ ਉਹ ਕਿਸੇ ਇਲਾਕੇ ਦੀ ਵੀ ਮਾਤ-ਭਾਸ਼ਾ ਨਹੀਂ ਰਹੀ। ਪਰ ਕਾਲੀਦਾਸ ਅਜੇ ਵੀ ਜਿਉਂਦਾ ਹੈ। ਉਹ ਅਮਰ ਹੈ।

ਇਸ ਦੇ ਮੇਰੇ ਮਨ ਤੇ ਦੋ ਅਸਰ ਪਏ। ਇਕ ਤਾਂ ਇਹ, ਕਿ ਸਾਹਿੱਤ-ਰਚਨਾ ਹੀ ਆਦਮੀ ਨੂੰ ਅਮਰ ਬਣਾ ਸਕਦੀ ਹੈ। ਸੋ ਮੈਂ ਇਹ ਕਿੱਤਾ ਅਪਨਾਉਣ ਦਾ ਮਨ ਬਣਾ ਲਿਆ। ਦੂਸਰਾ, ਮੈਂ ਸ਼ਕੁੰਤਲਾ ਦੀ ਕਹਾਣੀ ਨੂੰ ਪੰਜਾਬੀ ਬੈਂਤਾਂ ਵਿਚ (ਕਿੱਸੇ ਦੇ ਰੂਪ ਵਿਚ) ਲਿਖਣਾ ਸ਼ੁਰੂ ਕੀਤਾ, ਜੋ ਕਦੇ ਵੀ ਪੂਰਾ ਨਾ ਹੋਇਆ। ਨਮੂਨੇ ਵਜੋਂ ਉਸ ਦਾ ਇਕ ਬੈਂਤ ਮੇਰੇ ਕਾਵਿ-ਸੰਗ੍ਰਹਿ 'ਵਹਿੰਦੇ ਹੰਝੂ' ਵਿਚ ਦਰਜ ਹੈ: 'ਹੰਝੂ'

"ਦਿਲੋਂ ਵਲਵਲਾ ਉਠ ਉਬਾਲ ਵਾਂਗੂੰ,
ਚੜ੍ਹ ਦਮਾਗ ਦੇ ਤਖ਼ਤ 'ਤੇ ਬਹਿ ਜਾਂਦਾ।"

ਫੁਲਵਾੜੀ ਵਿਚ ਕਵਿਤਾਵਾਂ ਤੇ ਕਹਾਣੀਆਂ ਛਪਣ ਕਾਰਨ ਗਿ: ਹੀਰਾ ਸਿੰਘ 'ਦਰਦ' ਨਾਲ ਮੇਰਾ ਮੇਲ-ਮਿਲਾਪ ਹੋਇਆ, ਤੇ ਉਹਨਾਂ ਰਾਹੀਂ ਸ. ਵਿਧਾਤਾ ਸਿੰਘ 'ਤੀਰ' ਨਾਲ ਹੋਇਆ। ਇਕ ਦਿਨ ਤੀਰ ਸਾਹਿਬ ਨੇ ਦੱਸਿਆ, ਉਹਨਾਂ ਸ਼ਕੁੰਤਲਾ ਦੀ ਕਹਾਣੀ ਬੈਂਤਾਂ ਵਿਚ ਲਿਖੀ ਹੈ। ਮੈਂ ਉਸ ਨੂੰ ਲਿਖਣ ਦਾ ਵਿਚਾਰ ਛੱਡ ਦਿੱਤਾ।

ਫਿਰ ਮੈਂ ਨਾਟਕ ਲਿਖਣ ਦਾ ਮਨ ਬਣਾਇਆ। ਇਕ ਤਾਂ ਹੀਰ-ਰਾਂਝੇ ਦੀ ਕਹਾਣੀ ਬਾਰੇ ਲੰਮਾ ਨਾਟਕ ਸ਼ੁਰੂ ਕੀਤਾ, ਜੋ ਕਦੇ ਵੀ ਪੂਰਾ ਨਾ ਹੋਇਆ। ਇਕ-ਦੋ ਹੋਰ ਅਧੂਰੇ ਨਾਟਕ ਲਿਖੇ। ਇਕ ਪੰਜ ਐਕਟ ਦਾ ਪੂਰਾ ਨਾਟਕ ਵੀ ਲਿਖਿਆ 'ਮੁੱਲ ਦਾ ਮਾਸ'। ਉਹ ਮੈਂ ਲੁਧਿਆਣੇ ਦੇ ਰਹਿਣ ਵਾਲੇ ਪ੍ਰੋ: ਹਰਦਿਆਲ ਸਿੰਘ ਨੂੰ ਭੇਜਿਆ। ਕੁਛ ਦਿਨ ਪਿੱਛੋਂ ਉਹਨਾਂ ਦਾ ਉੱਤਰ ਮਿਲ ਗਿਆ, ਕਿ ਇਹ ਪੇਂਡੂ ਜੀਵਨ ਦਾ ਬੜਾ ਜਥਾਰਥ ਚਿੱਤਰ

ਹੈ। ਪਰ ਅਜੇ ਬੋਲੀ ਉਤੇ ਵਧੇਰੇ ਮਿਹਨਤ ਕਰਨ ਦੀ ਲੋੜ ਹੈ।

ਓਹਾ ਕਹਾਣੀ 'ਮੁੱਲ ਦਾ ਮਾਸ' ਪਿੱਛੋਂ ਨਾਵਲ ਦੇ ਰੂਪ ਵਿਚ ਛਪੀ।

ਸੰਨ 28 ਤੋਂ 34 ਤਕ ਮੈਂ ਕਾਫ਼ੀ ਕਵਿਤਾਵਾਂ ਤੇ ਕੁਛ ਕਹਾਣੀਆਂ ਵੀ ਲਿਖੀਆਂ, ਜੋ ਉਸ ਸਮੇਂ ਦੇ ਪੰਜਾਬੀ ਪੱਤਰਾਂ ਵਿਚ ਛਪਦੀਆਂ ਰਹੀਆਂ। ਅੱਜ ਮੈਂ ਆਪ ਵੀ ਹੈਰਾਨ ਹਾਂ ਕਿ ਉਸ ਤੰਗੀ ਤੇ ਮੁਸੀਬਤ ਦੇ ਸਮੇਂ ਮੈਂ ਲਿਖਣ ਵਾਸਤੇ ਕਿਵੇਂ ਵਕਤ ਕਢ ਲੈਂਦਾ ਸਾਂ।

ਸੰਨ 1934 ਤੋਂ ਕੁਦਰਤ ਨੇ ਮੇਰੇ ਜੀਵਨ ਵਿਚ ਇਕ ਨਵਾਂ ਮੋੜ ਲੈ ਆਂਦਾ। ਜਾਂ ਇਉਂ ਸਮਝੋ, ਕਿਸਮਤ ਨੂੰ ਮੇਰੇ ਹਾਲ ਉਤੇ ਤਰਸ ਆ ਗਿਆ।

7

ਜਨਮ ਤੋਂ ਹੀ ਮੇਰਾ ਸੁਭਾਉ ਹਾਣੀਆਂ ਨਾਲੋਂ ਕੁਛ ਵੱਖਰਾ ਸੀ। ਹਾਣੀਆਂ ਵਿਚ ਖੇਡਣ ਦੀ ਥਾਂ ਮੈਂ ਵਧੇਰੇ ਬਜ਼ੁਰਗਾਂ ਦੀ ਪਰ੍ਹੇ ਵਿਚ ਬਹਿਣਾ, ਤੇ ਉਹਨਾਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਨੀਆਂ। ਫਿਰ ਉਹਨਾਂ ਦੀਆਂ ਸੁਣੀਆਂ ਗੱਲਾਂ 'ਤੇ ਕਈ ਕਈ ਦਿਨ ਵਿਚਾਰ ਕਰਦੇ ਰਹਿਣਾ।

ਨਾਲ ਦੇ ਪਿੰਡ 'ਖਾਰੇ' ਵਿਚ ਮੇਰੀ ਵੱਡੀ ਭੈਣ ਵਿਆਹੀ ਹੋਈ ਸੀ। ਓਥੇ ਹਰ ਸਾਲ ਚੇਤ ਵਿਚ 'ਬਾਬਾ ਬੋਲੀ ਰਾਮ' ਦੀ ਯਾਦ ਵਿਚ ਮੇਲਾ ਲਗਿਆ ਕਰਦਾ ਸੀ। ਮੈਂ ਉਹ ਮੇਲਾ ਵੇਖਣ ਜ਼ਰੂਰ ਜਾਣਾ। ਪਹਿਲੀ ਵਾਰ ਮੈਂ ਓਥੇ ਢਾਡੀ ਗਾਉਂਦੇ ਸੁਣੇ। ਓਦੋਂ ਮੇਰੀ ਉਮਰ ਦਸ ਸਾਲ ਤੋਂ ਵੀ ਘੱਟ ਸੀ। ਉਹ ਇਕ ਪਉੜੀ ਸਾਜ਼ਾਂ ਨਾਲ ਮਿਲ ਕੇ ਗਾਉਂਦੇ ਤੇ ਫਿਰ ਉਹਨਾਂ ਦਾ ਆਗੂ ਉਸ ਦੀ ਵਿਆਖਿਆ ਕਰਦਾ। ਮੈਨੂੰ ਇਹ ਢੰਗ ਬੜਾ ਪਸੰਦ ਆਇਆ। ਕੁਛ ਦਿਨਾਂ ਪਿੱਛੋਂ ਮੈਂ ਕਿਸੇ ਸਾਥ ਨਾਲ ਕਸੂਰ ਗਿਆ, ਤੇ ਓਥੋਂ ਕਿਤਾਬਾਂ ਦੀਆਂ ਦੁਕਾਨਾਂ ਤੋਂ ਉਹ ਕਿੱਸੇ ਲਭਦਾ ਰਿਹਾ, ਜਿਨ੍ਹਾਂ ਵਿਚ ਕਵਿਤਾ ਦੇ ਨਾਲ ਨਾਲ ਗੱਲਾਂ (ਲੈਕਚਰ) ਵੀ ਲਿਖਿਆ ਹੋਵੇ। ਪਰ ਮੈਨੂੰ ਨਿਰਾਸ ਹੋ ਕੇ ਮੁੜਨਾ ਪਿਆ। ਓਦੋਂ ਤਕ ਅਜੇ ਇਹ ਰਿਵਾਜ ਨਹੀਂ ਸੀ ਪਿਆ, ਕਿ ਢਾਡੀਆਂ ਦੇ ਪਰਸੰਗਾਂ ਵਿਚ ਵਾਰਾਂ ਦੇ ਨਾਲ ਨਾਲ ਲੈਕਚਰ (ਵਿਆਖਿਆ) ਵੀ ਛਪਿਆ ਹੋਵੇ। ਸਮਾਂ ਆਉਣ ਉਤੇ ਕੁਦਰਤ ਨੇ ਇਹ ਕੰਮ ਮੈਥੋਂ ਸ਼ੁਰੂ ਕਰਵਾਇਆ। ਢਾਡੀਆਂ ਦੇ ਗਾਉਣ ਵਾਲੀਆਂ ਮੈਂ 'ਸੀਤਲ ਕਿਰਣਾਂ' ਆਦਿ ਅਠਾਰਾਂ ਕਤਾਬਾਂ ਛਾਪੀਆਂ।

ਸੰਨ 1934 ਦੇ ਚੇਤ ਮਹੀਨੇ ਵਿਚ ਸਾਡੇ ਪਿੰਡ ਇਕ 'ਰਾਸ ਮੰਡਲੀ' ਆ ਗਈ। ਉਹ 'ਪੂਰਨ ਭਗਤ', 'ਰਾਜਾ ਹਰੀ ਚੰਦ' ਆਦਿ ਧਾਰਮਿਕ ਨਾਟਕ ਖੇਡਿਆ ਕਰਦੀ। ਬਿਨਾਂ ਪਰਦੇ ਦੇ ਸਟੇਜ, ਖੁੱਲ੍ਹੇ ਥਾਂ ਲੋਕਾਂ ਦੇ ਸਾਮ੍ਹਣੇ ਉਹਨਾਂ ਸਾਂਗ ਬਣਨਾ, ਨਾਚ ਕਰਨਾ, ਤੇ ਸਾਜ਼ਾਂ ਨਾਲ ਗਾਉਣਾ। ਸਭ ਤੋਂ ਪਹਿਲਾਂ ਤਾਂ ਉਹਨਾਂ ਵਿਚੋਂ ਕੁਛ ਪਾਤਰਾਂ ਨੇ ਗੋਪੀਆਂ ਬਣ ਕੇ ਰੁੱਸੇ ਹੋਏ ਕਾਹਨ (ਕ੍ਰਿਸ਼ਨ) ਨੂੰ ਮਨਾਉਣਾ, ਤੇ ਫਿਰ ਕੋਈ ਹੋਰ ਨਾਟਕ ਸ਼ੁਰੂ ਕਰ ਦੇਣਾ। ਉਹਨਾਂ ਦੇ ਕਿਸੇ ਵੀ ਗੀਤ ਜਾਂ ਵਿਆਖਿਆ ਵਿਚ ਨੰਗੇ ਸ਼ਬਦ ਜਾਂ ਵਿਚਾਰ ਨਹੀਂ ਸਨ ਹੁੰਦੇ। ਇਸ ਵਾਸਤੇ ਉਹਨਾਂ ਦਾ ਪ੍ਰੋਗਰਾਮ ਪਿੰਡ ਦੇ ਵਿਚਕਾਰ ਗੁਰਦੁਆਰੇ ਦੇ ਸਾਮ੍ਹਣੇ ਹੋਣਾ। ਉਹਨਾਂ ਵਿਚ ਇਕ ਰਬਾਬੀਆਂ ਦਾ ਲੜਕਾ ਸੀ। ਉਸ ਦੀ ਆਵਾਜ਼ ਬੜੀ ਮਿੱਠੀ ਸੀ। ਇਉਂ ਸਮਝੋ, ਕਿ ਉਹ ਉਸ ਮੰਡਲੀ ਦੀ ਜਾਨ ਸੀ। ਉਹਨੇ ਆਪਣੇ ਸਮੇਂ ਵਿਚ

ਗੁਰਬਾਣੀ ਦੇ ਸ਼ਬਦ ਕਹਿਣੇ। ਖ਼ਾਸ ਕਰ ਉਹ ਛੱਕੇ, ਜੋ ਰਾਗੀ ਆਸਾ ਦੀ ਵਾਰ ਵਿਚ ਗਾਉਂਦੇ ਹਨ। ਸਰੋਤੇ ਉਸ ਦੀ ਵਾਜ ਉੱਤੇ ਮੋਹਤ ਸਨ।

ਮੈਂ ਰਾਸ ਵੇਖਣ ਨਾ ਜਾਂਦਾ, ਪਰ ਘਰ ਪਿਆ। ਉਸ ਦੀ ਆਵਾਜ਼ ਬੜੇ ਧਿਆਨ ਨਾਲ ਸੁਣਦਾ ਰਹਿੰਦਾ।

ਪੰਜ-ਸੱਤ ਦਿਨ ਰਹਿ ਕੇ ਉਹ ਰਾਸ ਮੰਡਲੀ ਅਗਾਂ ਤੁਰ ਗਈ। ਸਾਡੇ ਪਿੰਡ ਦੇ ਕੁਛ ਗਭਰੂਆਂ ਨੂੰ ਅਜੇਹਾ ਚੇਟਕ ਲੱਗਾ, ਕਿ ਉਹ ਪੰਦਰਾਂ-ਵੀਹ ਦਿਨ ਉਹਨਾਂ ਦੇ ਮਗਰੇ ਲੱਗੇ ਫਿਰੇ।

ਉਹ ਰਾਸ ਧਾਰੀਏ ਦੂਰ ਚਲੇ ਗਏ, ਤਾਂ ਸਾਡੇ ਪਿੰਡ ਦੇ ਪੰਜ-ਸੱਤ ਗਭਰੂਆਂ ਨੇ ਆਪਣੀ ਰਾਸ ਮੰਡਲੀ ਬਣਾ ਲਈ। ਉਹ ਰਾਤ ਪਿੰਡੋਂ ਬਾਹਰ ਕਿਸੇ ਪਿੜ 'ਤੇ ਚਲੇ ਜਾਂਦੇ ਤੇ ਅੱਧੀ ਰਾਤ ਤਕ ਸਾਂਗ ਬਣਾ ਕੇ ਢੋਲਕੀ ਚਿਮਟੇ ਨਾਲ ਗਾਉਂਦੇ ਰਹਿੰਦੇ। ਉਹਨਾਂ ਦਾ ਇਹ ਠਰਕ ਉਸ ਵੇਲੇ ਇਸ਼ਕ ਦੀ ਹੱਦ ਤਕ ਪੁੱਜਾ ਹੋਇਆ ਸੀ।

ਸਾਡੇ ਨਿਆਂਈਂ ਵਾਲੇ ਖੇਤ ਵਿਚ ਪਿੰਡੋਂ ਦੋ ਪੈਲੀਆਂ ਦੀ ਵਿੱਥ 'ਤੇ ਟਾਹਲੀਆਂ ਦੀ ਬੜੀ ਸੰਘਣੀ ਛਾਂ ਸੀ। ਜ਼ਰਾ-ਕੁ ਕੰਮ ਤੋਂ ਵਿਹਲ ਮਿਲਨਾ, ਤਾਂ ਮੈਂ ਉਥੇ ਬਹਿ ਕੇ ਕੁਛ ਲਿਖਣ ਲੱਗ ਪੈਣਾ।

ਇਕ ਦਿਨ ਮੈਂ ਖੇਤ ਵਿਚ ਮੰਜੇ 'ਤੇ ਬੈਠਾ ਕੁਛ ਲਿਖ ਰਿਹਾ ਸਾਂ, ਜਾਂ ਉਹ ਚਾਰ ਪੰਜ ਗਭਰੂ ਮੇਰੇ ਕੋਲ ਆ ਪਹੁੰਚੇ।

ਕੁਛ ਮਿੰਟ ਰਸਮੀ ਗੱਲਾਂ ਪਿੱਛੋਂ ਉਹਨਾਂ ਆਪਣਾ ਮਨੋਰਥ ਪਰਗਟ ਕਰ ਦਿੱਤਾ, "ਵੇਖ ਭਈ! ਤੂੰ ਸਾਡੇ ਵਿਚੋਂ ਵਧੇਰੇ ਪੜ੍ਹਿਆ-ਲਿਖਿਆ ਹੈਂ। ਤੂੰ ਕਸੂਰ ਗੁਰਪੁਰਬਾਂ 'ਤੇ ਕਵਿਤਾਵਾਂ ਵੀ ਪੜ੍ਹਦਾ ਏਂ, ਤੇ ਲੈਕਚਰ ਦੇਂਦਾ ਏਂ। ਏਸ ਕੰਮ ਵਿਚ ਤੇਰਾ ਝਕ ਲੱਥਾ ਹੋਇਆ ਏ। ਨਾਲੇ ਸੁਣਿਆਂ ਏ, ਤੂੰ ਕਹਾਣੀਆਂ ਤੇ ਡਰਾਮੇ ਵੀ ਲਿਖਦਾ ਏਂ। ਸੋ ਤੂੰ ਸਾਡਾ ਆਗੂ ਬਣ, ਤੇ ਆਪਾਂ ਇਕ ਡਰਾਮਾ-ਮੰਡਲੀ ਬਣਾਈਏ। ਦੋ ਘੜੀਆਂ ਪਿੰਡ ਵਿਚ ਦਿਲ ਪਰਚਾਵਾ ਕਰ ਲਿਆ ਕਰਾਂਗੇ। ਤੂੰ ਬੇਸ਼ਕ ਸਾਂਗ ਨਾ ਬਣਿਆਂ ਕਰੀਂ। ਨੱਚਣ ਵਾਲੇ ਦੋ ਮੁੰਡੇ ਅਸਾਂ ਤਿਆਰ ਕਰ ਲਏ ਨੇ, ਤੇ ਬਾਕੀ ਸਾਂਗ ਅਸੀਂ ਬਣ ਜਾਇਆ ਕਰਾਂਗੇ। ਤੂੰ ਬੱਸ, ਸਾਨੂੰ ਸਭ ਕੁਛ ਸਮਝਾਈ ਜਾਇਆ ਕਰੀਂ।"

ਕੋਈ ਦੋ ਘੰਟੇ ਇਸ ਗੱਲ 'ਤੇ ਵਿਚਾਰਾਂ ਹੁੰਦੀਆਂ ਰਹੀਆਂ, ਪਰ ਇਹ ਨਾਟਕ-ਚੇਟਕ ਮੇਰੇ ਸੁਭਾਉ ਦੇ ਉਲਟ ਸੀ। ਸੋ, ਇਸ ਕਾਰਜ ਵਾਸਤੇ ਉਹ ਮੈਨੂੰ ਰਜ਼ਾਮੰਦ ਨਾ ਕਰ ਸਕੇ।

ਅਗਲੇ ਦੋ-ਤਿੰਨ ਦਿਨ ਫਿਰ ਸਾਡਾ ਵਿਚਾਰ ਵਟਾਂਦਰਾ ਹੁੰਦਾ ਰਿਹਾ। ਹਰ ਵਾਰ ਮੇਰਾ ਇਕੋ ਉੱਤਰ ਸੀ, 'ਨੱਚਣ ਗਾਉਣ ਦਾ ਰਾਸਧਾਰੀਆਂ ਵਾਲਾ ਕੰਮ ਮੇਰੇ ਪਸੰਦ ਨਹੀਂ।'

ਫਿਰ ਉਹਨਾਂ ਇਕ ਨਵੀਂ ਮੰਗ ਰੱਖੀ, "ਓ, ਆਪਾਂ ਤਾਂ ਦੋ ਘੜੀਆਂ ਦਿਲ-ਪਰਚਾਉਣ ਦਾ ਸਾਧਨ ਬਣਾਉਣਾ ਏ। ਆਪਾਂ ਰਾਗੀ ਜੱਥਾ ਬਣਾ ਲਈਏ। ਪੁੰਨਿਆਂ, ਮੱਸਿਆ, ਸੰਗਰਾਂਦ ਦੇ ਸਮੇਂ ਪਿੰਡ ਵਿਚ ਦੋ ਘੜੀਆਂ ਰੌਣਕ ਕਰ ਲਿਆ ਕਰਾਂਗੇ।"

ਇਸ ਕੰਮ ਵਿਚ ਮੈਨੂੰ ਕੋਈ ਇਨਕਾਰ ਨਹੀਂ ਸੀ। ਸੋ ਮੈਂ ਪਰਵਾਨ ਕਰ ਲਿਆ।

ਫਿਰ ਕਈ ਦਿਨ ਅਸੀਂ ਇਸ ਗੱਲ 'ਤੇ ਵਿਚਾਰ ਕਰਦੇ ਰਹੇ, ਕਿ ਰਾਗੀ ਜੱਥਾ ਬਣਾਈਏ, ਜਾਂ ਢਾਡੀ ਜੱਥਾ। ਰਾਗੀ ਜੱਥੇ ਬਾਰੇ ਮੈਨੂੰ ਇਕ ਦਿੱਕਤ ਜਾਪੀ, ਕਿ ਵਾਜਾ, ਜੋੜੀ ਕੌਣ ਚੁਕਿਆ ਕਰੂ। ਸਾਨੂੰ ਉਹ ਸਾਜ਼ ਚੁਕਣੇ ਭਾਰੇ ਜਾਪੇ। ਸੋ ਫ਼ੈਸਲਾ ਢਾਡੀ ਜੱਥਾ ਬਨਾਉਣ ਦਾ ਹੋਇਆ। ਸ. ਹਰਨਾਮ ਸਿੰਘ, ਸ. ਅਮਰੀਕ ਸਿੰਘ ਤੇ ਸ. ਗੁਰਚਰਨ ਸਿੰਘ ਮੇਰੇ ਸਾਥੀ ਬਣੇ। ਉਮਰ ਵਿਚ ਪਹਿਲੇ ਦੋਵੇਂ ਮੈਥੋਂ ਵੱਡੇ ਸਨ, ਤੇ ਤੀਸਰਾ ਪੰਜ-ਛੇ ਸਾਲ ਛੋਟਾ। ਪੰਜਵਾਂ ਉਪਕਾਰੀ ਸੱਜਣ ਸੀ, ਸਾਡੇ ਪਿੰਡ ਦਾ ਮੁਖੀ ਸ. ਚੰਦਾ ਸਿੰਘ। ਉਹਨੇ ਜਥਾ ਬਨਾਉਣ ਵਿਚ ਬਹੁਤ ਮੱਦਦ ਕੀਤੀ।

ਚਾਰ-ਪੰਜ ਦਿਨ ਦੌੜ ਭੱਜ ਕਰਕੇ ਉਹਨਾਂ ਇਕ ਸਾਰੰਗੀ ਤੇ ਤਿੰਨ ਢੱਡਾਂ ਪ੍ਰਾਪਤ ਕਰ ਲਈਆਂ। ਸਾਜ਼ ਤਾਂ ਆ ਗਏ, ਪਰ ਹੁਣ ਸਿਖਾਵੇ ਕੌਣ ? ਵਾਰਸ ਸ਼ਾਹ ਨੇ ਕਿਹਾ ਏ : 'ਬਿਨਾ ਮੁਰਸ਼ਦਾਂ ਰਾਹ ਨਾ ਹੱਥ ਆਉਂਦੇ।'

ਇਨਸਾਨ ਦਾ ਸਭ ਤੋਂ ਵੱਡਾ ਮੱਦਦਗਾਰ 'ਸ਼ੌਕ' ਹੁੰਦਾ ਹੈ। ਮੇਰੇ ਸਾਥੀਆਂ ਨੂੰ ਵੀ ਇਹ ਨਵਾਂ ਸ਼ੌਕ ਟਿਕਣ ਨਹੀਂ ਸੀ ਦੇਂਦਾ।

'ਬੱਲਾਂ ਵਾਲਾ' ਕਦੇ ਸਾਡੇ ਪੁਰਾਣੇ ਪਿੰਡ (ਕਾਦੀਵਿੰਡ) ਦੀ ਹੀ ਇਕ ਪੱਤੀ ਸੀ। ਨਵੇਂ ਪਿੰਡ ਖੇਤਾਂ ਵਿਚ ਜਾ ਬੱਝੇ, ਤਾਂ ਸਾਡੇ ਤੇ ਉਹਦੇ ਵਿਚ ਡੇਢ-ਕੁ ਮੀਲ ਦੀ ਵਿੱਥ ਪੈ ਗਈ। ਓਥੋਂ ਦਾ ਭਾਈ ਜਗ ਸਿੰਘ ਸਾਰੰਗੀ ਵਜਾਉਂਦਾ ਸੀ, ਤੇ ਅੱਗੇ ਲੱਗ ਕੇ ਗਾਉਂਦਾ ਵੀ ਸੀ। ਦੋ ਢਾਡੀ ਵੀ ਨਾਲ ਉਹਦੇ ਆਪਣੇ ਪਰਵਾਰ ਦੇ ਹੀ ਸਨ। ਅਸਾਂ ਉਸ ਉਤੇ ਓਟ ਤਕਾਈ। ਅਸੀਂ ਪੰਜ-ਸੱਤ ਚੱਕਰ ਮਾਰੇ, ਪਰ ਉਹ ਹਮੇਸ਼ਾਂ ਸਾਨੂੰ ਲਾਰਾ-ਲੱਪਾ ਲਾ ਛੱਡੇ।

ਇਕ ਦਿਨ ਬੱਲਾਂਵਾਲੇ ਦੇ ਨੰਬਰਦਾਰ ਨੇ ਭਾਈ ਜਗ ਸਿੰਘ ਨੂੰ ਕਿਹਾ, "ਓ, ਭਲਿਆ ਲੋਕਾ! ਜ਼ਿਮੀਂਦਾਰਾਂ ਦੇ ਮੁੰਡੇ ਨੇ। ਉਹਨਾਂ ਤੇਰੇ ਵੱਲ ਕਿੰਨੇ ਫੇਰੇ ਮਾਰੇ ਨੇ। ਤੂੰ ਉਹਨਾਂ ਨੂੰ ਸਿਖਾਉਂਦਾ ਕਿਉਂ ਨਹੀਂ ?"

ਭਾਈ ਜਗ ਸਿੰਘ ਨੇ ਦਿਲ ਦੀ ਸਾਫ਼ ਗੱਲ ਕਹਿ ਦਿੱਤੀ। "ਸਰਦਾਰ ਜੀ! ਉਹਨਾਂ ਨੂੰ ਸਿਖਾ ਕੇ ਮੈਂ ਬੂਹੇ 'ਤੇ ਆਪਣੇ ਸ਼ਰੀਕ ਪੈਦਾ ਕਰ ਲਵਾਂ ? ਮੈਂ ਨਹੀਂ ਕੁਛ ਦੱਸਣਾ, ਸਿਖਾਉਣਾ।"

ਸਾਨੂੰ ਵਿਚਲੀ ਗੱਲ ਦਾ ਪਤਾ ਲੱਗ ਗਿਆ। ਮੇਰੇ ਸਾਥੀਆਂ ਦਾ ਉਤਸ਼ਾਹ ਸਗੋਂ ਜਾਗ ਉਠਿਆ। ਸਾਥੋਂ ਛੇ-ਸੱਤ ਮੀਲ ਦੂਰ 'ਲਲਿਆਣੀ' ਕਾਫ਼ੀ ਵੱਡਾ ਨਗਰ ਸੀ। ਮੇਰੇ ਸਾਥੀ ਓਥੇ ਜਾ ਪੁੱਜੇ। ਉਹ ਓਥੋਂ ਇਕ ਬਜ਼ੁਰਗ ਸ਼ੇਖ਼ (ਭਿਰਾਈ) ਨੂੰ ਲੈ ਆਏ। ਉਹਨਾਂ ਦਾ ਨਾਮ ਸੀ ਬਾਬਾ ਚਰਾਗ਼ ਦੀਨ। ਉਹ ਬੜੇ ਨੀਂਵੇਂ ਸੁਭਾਉ ਦੇ ਨੇਕ-ਦਿਲ ਇਨਸਾਨ ਸਨ। ਢੱਡ-ਸਾਰੰਗੀ ਨਾਲ ਗਾਉਣਾ ਉਹਨਾਂ ਦਾ ਪਿਤਾ-ਪੁਰਖੀ ਕਿੱਤਾ ਸੀ। ਉਹ ਆਪਣੇ ਕਿੱਤੇ ਦੇ ਚੋਟੀ ਦੇ ਉਸਤਾਦ ਨਹੀਂ ਸਨ, ਪਰ ਉਹ 'ਸੁਰ' 'ਤਾਰ' (ਸੁਰ ਤੇ ਤਾਲ) ਦੇ ਬੜੇ ਪੱਕੇ ਸਨ। ਜਿੰਨਾ-ਕੁ ਉਹ ਜਾਣਦੇ ਸਨ, ਓਨੇ ਵਿਚ ਸਹੀ ਸਨ। ਉਹ ਛੇ ਮਹੀਨੇ ਸਾਡੇ ਕੋਲ ਰਹੇ। ਮੇਰਾ ਸਾਥੀ ਗੁਰਚਰਨ ਸਿੰਘ ਸਾਰੰਗੀ ਵਜਾਉਣ ਲੱਗ ਪਿਆ, ਤੇ ਅਸੀਂ ਤਿਨੇ ਢੱਡਾਂ। ਉਹਨਾਂ ਸਾਨੂੰ ਢਾਡੀਆਂ ਦੀਆਂ ਪੁਰਾਤਨ (ਕਲਾਸੀਕਲ) ਤਰਜ਼ਾਂ (ਟਿਊਨਾਂ) ਗਾਉਣੀਆਂ ਤੇ ਵਜਾਉਣੀਆਂ ਸਿਖਾਈਆਂ। ਜਿਵੇਂ : ਕਲੀ (ਹੀਰ), ਮਿਰਜ਼ਾ, ਦੁੱਲਾ,

ਰਸਾਲੂ, ਪੂਰਨ, ਸੱਸੀ, ਰਾਠੌੜ ਆਦਿ। ਬੈਂਤ, ਕਬਿੱਤ, ਕੋਰੜਾ, ਕਾਫ਼ੀ ਆਦਿ ਉਸ ਸਮੇਂ ਆਮ ਪਰਚਲਤ ਸਨ। ਅਸੀਂ ਅੱਜ ਤਕ ਓਹਾ ਪੁਰਾਤਨ ਤਰਜ਼ਾਂ ਗਾਉਂਦੇ ਹਾਂ। ਕਿਉਂਕਿ ਢਾਡੀਆਂ ਦੇ ਮੂੰਹੋਂ ਓਹਾ ਪੁਰਾਤਨ ਤਰਜ਼ਾਂ ਹੀ ਸੋਭਾ ਪਾਉਂਦੀਆਂ ਹਨ। (ਅੱਜ ਕੱਲ੍ਹ ਕਈ ਢਾਡੀ ਜਥੇ ਫ਼ਿਲਮੀ ਤਰਜ਼ਾਂ ਵੀ ਗਾਉਣ ਲੱਗ ਪਏ ਹਨ।)

ਅੰਦਰ ਲਗਨ ਸੀ। ਇਸ ਵਾਸਤੇ ਅਸੀਂ ਥੋੜੇ ਸਮੇਂ ਵਿਚ ਹੀ ਗੁਜ਼ਾਰੇ ਜੋਗਾ ਸਿਖ ਗਏ। ਦੋ-ਤਿੰਨ ਮਹੀਨੇ ਦੀ ਮਿਹਨਤ ਨਾਲ ਹੀ ਅਸੀਂ ਬਾਹਰ ਦੀਵਾਨਾਂ 'ਤੇ ਜਾਣ ਲੱਗ ਪਏ।

ਪਹਿਲੋ ਪਹਿਲ ਅਸਾਂ ਕਵੀ ਸੋਹਣ ਸਿੰਘ 'ਘੁੱਕੇਵਾਲੀਏ' ਦੇ ਕੁਝ ਪ੍ਰਸੰਗ ਯਾਦ ਕੀਤੇ। ਬਜ਼ਾਰ ਵਿਚ ਓਹਾ ਛਪੇ ਹੋਏ ਮਿਲਦੇ ਸਨ। ਇਕ ਪਿੰਡ ਅਸੀਂ ਦੀਵਾਨ 'ਤੇ ਗਏ। ਅਸਾਂ ਪ੍ਰਸੰਗ ਸ਼ੁਰੂ ਕੀਤਾ। ਸਾਮ੍ਹਣੇ ਦੋ-ਤਿੰਨ ਸੱਜਣ ਕਿੱਸਾ ਖੁਹਲ ਕੇ ਬਹਿ ਗਏ। ਜਿਹੜੀ ਪੰਗਤੀ ਅਸੀਂ ਕਹੀਏ, ਉਹ ਕਿੱਸੇ ਉਤੇ ਬੜੇ ਧਿਆਨ ਨਾਲ ਵੇਖਦੇ ਜਾਂਦੇ। ਮੈਂ ਵਿਉਂ ਮਹਿਸੂਸ ਕੀਤਾ, ਕਿ ਉਹਨਾਂ ਦਾ ਧਿਆਨ ਸਾਡੇ ਗਾਉਣ ਵੱਲੇ ਨਹੀਂ ਸੀ, ਸਗੋਂ ਉਹ ਸਾਡੀ ਗਲਤੀ ਫੜਨ ਦੀ ਚਿੰਤਾ ਵਿਚ ਸਨ, ਕਿ ਅਸੀਂ ਕਿਤੇ ਕੋਈ ਪੰਗਤੀ, ਜਾਂ ਸ਼ਬਦ ਛੱਡ ਤਾਂ ਨਹੀਂ ਗਏ? ਮੇਰੇ ਮਨ 'ਤੇ ਇਸ ਦਾ ਬਹੁਤ ਅਸਰ ਪਿਆ। ਮੈਂ ਦਿਲ ਵਿਚ ਧਾਰ ਲਈ, ਕਿ ਗਾਉਣ ਵਾਸਤੇ ਪ੍ਰਸੰਗ ਵੀ ਆਪ ਲਿਖਣੇ ਹੋਣਗੇ।

ਸੋ ਸਭ ਤੋਂ ਪਹਿਲਾ ਪ੍ਰਸੰਗ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਕਰਨ ਬਾਰੇ 'ਦਸਮੇਸ਼ ਆਗਮਨ' 1.1.35 ਈ. ਨੂੰ ਲਿਖਿਆ। ਕੁੱਲ ਸੱਤ ਪ੍ਰਸੰਗ ਏਸੇ ਸਾਲ ਵਿਚ ਤੇ ਹੋਰ ਦਸ ਪ੍ਰਸੰਗ ਅਗਲੇ ਦੋ ਸਾਲਾਂ ਵਿਚ ਲਿਖੇ। (ਸਾਹਿਆਂ ਦੀ ਸੂਚੀ ਅੱਗੇ ਆਵੇਗੀ।)

ਆਪਣੇ ਪ੍ਰਸੰਗ ਲਿਖਣ ਦਾ ਇਕ ਹੋਰ ਕਾਰਨ ਵੀ ਸੀ। ਦੂਸਰਿਆਂ ਦੇ ਲਿਖੇ ਹੋਏ ਪ੍ਰਸੰਗਾਂ ਨਾਲ ਕਈ ਥਾਈਂ ਮੇਰੇ ਵਿਚਾਰ ਨਹੀਂ ਸਨ ਮਿਲਦੇ। ਸਟੇਜ ਉਤੇ ਜਾਣ ਤੋਂ ਪਹਿਲਾਂ ਮੈਂ ਸਿੱਖ ਇਤਿਹਾਸ ਨੂੰ ਕਾਫ਼ੀ ਪੜ੍ਹਿਆ ਸੀ। ਤੇ ਅੰਧ-ਵਿਸ਼ਵਾਸ ਮੇਰੇ ਵਿਚ ਹੈ ਨਹੀਂ ਸੀ।

ਢਾਡੀ ਬਣਨ ਨਾਲ ਪਿੰਡ ਦੇ ਬਹੁਤ ਸਾਰੇ ਲੋਕਾਂ ਦੀ ਮੇਰੇ ਨਾਲ ਹਮਦਰਦੀ ਹੋ ਗਈ ਸੀ। ਉਹ ਸਾਨੂੰ ਸੁਣ ਕੇ ਕਾਫ਼ੀ ਖ਼ੁਸ਼ ਹੁੰਦੇ ਸਨ।

ਸਾਡੇ ਇਲਾਕੇ ਵਿਚ ਪਿੰਡ 'ਰੱਤੋਕੇ' ਵਿਚ ਸਤਾਈ ਵਿਸਾਖ ਨੂੰ ਧਾਰਮਿਕ ਮੇਲਾ ਲਗਦਾ ਸੀ। ਉਹ ਭਾਈ ਵੀਰ ਸਿੰਘ ਜੀ ਨੌਰੰਗਾਬਾਦੀਏ ਦਾ ਅਸਥਾਨ ਸੀ। ਓਥੋਂ ਦੇ ਮਹੰਤ ਬਾਬਾ ਹਰਨਾਮ ਸਿੰਘ ਜੀ ਹਰ ਸਾਲ ਸਾਡੇ ਪਿੰਡਾਂ ਵਿਚ ਉਗਰਾਹੀ ਲੈਣ ਆਇਆ ਕਰਦੇ ਸਨ। ਉਹ ਬੜੇ ਭਜਨੀਕ ਸਾਧੂ ਸਨ। ਸਾਡੇ ਇਲਾਕੇ ਵਿਚ ਉਹਨਾਂ ਦਾ ਬੜਾ ਸਤਿਕਾਰ ਸੀ।

ਉਸ ਮੇਲੇ ਵਾਸਤੇ ਅਸੀਂ ਵੀ ਉਚੇਚੀ ਤਿਆਰੀ ਕਰਨ ਲੱਗ ਪਏ। ਸਾਡੇ ਪਿੰਡ ਦੇ ਨੰਬਰਦਾਰ ਮਿਲਖਾ ਸਿੰਘ ਤੇ ਸ. ਬਿਸ਼ਨ ਸਿੰਘ ਸਾਡਾ ਉਤਸਾਹ ਵਧਾਉਣ ਵਾਸਤੇ ਸਾਨੂੰ ਨਿੱਤ ਵੰਗਾਰਦੇ, ਕਿ ਓਥੇ ਹੋਰ ਨਾਮਵਰ ਜੱਥਿਆਂ ਵਿਚ ਤੁਹਾਡੇ ਜੌਹਰ ਵੇਖੇ ਜਾਣਗੇ।

ਉਸ ਸਮੇਂ ਢਾਡੀਆਂ ਵਿਚ ਵਧੇਰੇ ਪ੍ਰਚਲਤ ਪ੍ਰਸੰਗ ਸਨ : 'ਚੰਦੂ ਦੀ ਨੌਂਹ ਦਾ ਵਿਰਲਾਪ', 'ਗੁਰੂ ਅਰਜਨ ਦੇਵ ਜੀ ਦਾ ਵਿਆਹ', 'ਬਿਧੀ ਚੰਦ ਦੇ ਘੋੜੇ', 'ਪੱਟੀ ਦੇ ਦੁਸਾਲੇ' ਆਦਿ। ਢਾਡੀਆਂ ਦੀ ਵਿਆਖਿਆ ਦਾ ਢੰਗ ਵੀ ਬਹੁਤ ਪੁਰਾਣਾ ਸੀ। ਪਹਿਲਾਂ ਤਾਂ ਸਾਰਿਆਂ ਨੇ ਰਲਕੇ ਸਾਜ਼ਾਂ ਨਾਲ ਇਕ ਪਉੜੀ ਗਾਉਣੀ। ਫਿਰ ਆਗੂ ਨੇ ਓਹਾ ਕਵਿਤਾ ਸਾਧਾਰਨ ਢੰਗ ਨਾਲ ਦੁਹਰਾ ਦੇਣੀ। ਤੇ ਕੜੀ ਮਿਲਾਉਣ ਵਾਸਤੇ ਦੋ ਚਾਰ ਵਾਕ ਕਹਿ ਕੇ ਨਵੀਂ ਪਉੜੀ ਗਾਉਣੀ ਸ਼ੁਰੂ ਕਰ ਦੇਣੀ। ਜਾਂ ਵਿਚ ਕੋਈ ਹਸਾਉਣਾ ਚੁਟਕਲਾ ਸੁਣਾ ਦੇਣਾ।

ਮੇਰਾ ਵਿਆਖਿਆ ਦਾ ਢੰਗ ਬਿਲਕੁਲ ਨਿਵੇਕਲਾ ਸੀ। ਮੈਂ ਯਤਨ ਕਰਦਾ ਸਾਂ, ਕਿ ਪੁਰਾਤਨ ਇਤਿਹਾਸਕ ਪ੍ਰਸੰਗ ਨੂੰ ਸਮੇਂ ਦੀ ਸਿਆਸਤ ਨਾਲ ਜੋੜਿਆ ਜਾਵੇ।

ਇਸ ਵਾਸਤੇ ਮੈਂ ਬਿਲਕੁਲ ਨਵਾਂ ਤੇ ਨਵੇਂ ਢੰਗ ਦਾ ਪ੍ਰਸੰਗ ਲਿਖਿਆ।

ਉਹ ਅਸਥਾਨ ਭਾਈ ਵੀਰ ਸਿੰਘ ਜੀ ਦਾ ਸੀ। ਤੇ ਉਹਨਾਂ ਦੇ ਸ਼ਹੀਦੀ ਦਿਨ ਉਤੇ ਹੀ ਉਹ ਮੇਲਾ ਲੱਗਦਾ ਸੀ। ਮੇਰੇ ਵਾਸਤੇ ਲਾਜ਼ਮੀ ਸੀ, ਕਿ ਨਵੇਂ ਪ੍ਰਸੰਗ ਵਿਚ ਉਹਨਾਂ ਦੀ ਸ਼ਹੀਦੀ ਦਾ ਜ਼ਿਕਰ ਜ਼ਰੂਰ ਆਵੇ।

ਇਹ ਗੱਲ 1936 ਈ: ਦੀ ਹੈ। ਸਾਡੇ ਪਿੰਡੋਂ ਦਸ-ਪੰਦਰਾਂ ਸੱਜਣ ਮੇਲੇ 'ਤੇ ਜਾਣ ਵਾਸਤੇ ਤਿਆਰ ਹੋਏ। ਜੱਥੇ ਦੇ ਮੋਢੀ ਸਨ ਨੰਬਰਦਾਰ ਮਿਲਖਾ ਸਿੰਘ ਤੇ ਸ. ਬਿਸ਼ਨ ਸਿੰਘ। ਥੋੜੇ ਸ਼ਬਦਾਂ ਵਿਚ, ਬਿਸ਼ਨ ਸਿੰਘ 'ਛੁਰਲੀ ਜੱਥੇ' ਦਾ ਆਗੂ ਸੀ। ਚੋਰੀ, ਡਾਕਾ ਤੇ ਕਤਲ ਆਦਿ, ਉਹ ਕਈ ਮੁਕੱਦਮੇ ਭੁਗਤ ਚੁੱਕਾ ਸੀ। ਛੇ ਫੁੱਟ ਕੱਦ, ਸੁੰਦਰ ਸਰੀਰ ਤੇ ਸੁਭਾਉ ਵਿਚ ਭੈ ਦਾ ਨਾਮ ਤਕ ਨਹੀਂ ਸੀ।

ਖੁਸ਼ੀਆਂ ਦੇ ਪੰਧ ਨੇੜੇ। ਗੱਲਾਂ ਬਾਤਾਂ ਕਰਦੇ ਅਸੀਂ ਚੌਦਾਂ-ਪੰਦਰਾਂ ਮੀਲ ਪੰਧ ਮੁਕਾ ਕੇ ਮੇਲੇ ਵਿਚ ਜਾ ਪਹੁੰਚੇ। ਜੱਥਿਆਂ ਦੀ ਲਿਸਟ ਵਿਚ ਮੈਂ ਵੀ ਆਪਣਾ ਨਾਮ ਲਿਖਾ ਦਿੱਤਾ।

ਸਾਥੋਂ ਪਹਿਲਾਂ ਦੋ-ਤਿੰਨ ਨਾਮਵਰ ਜੱਥੇ ਭੁਗਤੇ। ਫਿਰ ਸਾਡੀ ਵਾਰੀ ਆ ਗਈ।

ਸ਼ੁਰੂ ਕਰਨ ਲੱਗਿਆਂ ਮੈਂ ਸਟੇਜ ਸਕੱਤਰ ਨੂੰ ਪੁਛਿਆ, ਕਿ ਅਸਾਂ ਕਿੰਨਾ ਵਕਤ ਲਾਉਣਾ ਹੈ। ਅੱਗੋਂ ਉੱਤਰ ਮਿਲਿਆ, "ਸ਼ੁਰੂ ਕਰ ਉਇ ਮੁੰਡਿਆ! ਸੌਦਾ ਵਿਕਦਾ ਵੇਖ ਕੇ ਗੱਲ ਕਰਾਂਗਾ।"

ਉਹ ਸੱਚਾ ਸੀ। ਉਹਨੇ ਸਾਨੂੰ ਪਹਿਲਾਂ ਕਦੇ ਸੁਣਿਆ ਹੀ ਨਹੀਂ ਸੀ। ਤੇ ਏਨੇ ਜੱਥਿਆਂ ਵਿਚ ਸਾਡਾ ਵੀ ਪਹਿਲਾ ਤਜਰਬਾ ਸੀ।

ਕੁਦਰਤ ਵੱਲੋਂ ਮੇਰੇ ਅੰਦਰ ਕੁਛ ਸ੍ਵੈ-ਵਿਸ਼ਵਾਸ ਹੈ। ਕਿਸੇ ਕਿਸਮ ਦੀ ਘਬਰਾਹਟ ਨਹੀਂ ਸੀ। ਜਿੰਨਾਂ ਅਸੀਂ ਗਾਉਂਦੇ ਸਾਂ, ਮਿਲਕੇ ਗਾਉਂਦੇ ਸਾਂ, ਪਰ ਸਾਰੀ ਕਰਾਮਾਤ ਸੀ ਵਿਆਖਿਆ ਦੀ। 'ਸਿੱਖ ਰਾਜ ਕਿਵੇਂ ਗਿਆ ? ਸ਼ੁਰੂ ਕੀਤਾ। ਪਹਿਲਾਂ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਪਿਛੋਕੜ (ਬੰਸਾਵਲੀ) ਭਗਵਾਨ ਰਾਮਚੰਦਰ ਜੀ ਨਾਲ ਜੋੜੀ। ਫਿਰ 'ਰਾਜਪੂਤ' ਕਿਵੇਂ ਬਣੇ, ਤੇ ਅੱਗੇ 'ਭੱਟੀ ਰਾਜਪੂਤ' ਗੋਤ ਹੋਂਦ ਵਿਚ ਕਿਵੇਂ ਆਈ। ਸ਼ੇਰੇ ਪੰਜਾਬ ਦੇ ਸੁਰਗਵਾਸ ਹੋਣ ਦਾ ਸੋਗਮਈ ਵਰਨਣ, ਤੇ ਪਿੱਛੋਂ ਮ. ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ, ਮ. ਸ਼ੇਰ ਸਿੰਘ, ਟਿੱਕਾ ਪ੍ਰਤਾਪ ਸਿੰਘ ਦੀ ਮੌਤ। ਇਸਦੇ ਨਾਲ ਹੀ ਧਿਆਨ ਸਿੰਘ ਦਾ ਮਰਨਾ। ....ਤੇ ਅੰਤ ਰਾਜਾ ਹੀਰਾ ਸਿੰਘ ਦੇ ਹੁਕਮ ਨਾਲ ਕੰਵਰ ਕਸ਼ਮੀਰਾ ਸਿੰਘ, ਸ. ਅਤਰ ਸਿੰਘ ਸੰਧਾਵਾਲੀਆ ਤੇ ਮਹਾਨ ਸੰਤ ਭਾਈ ਵੀਰ ਸਿੰਘ ਦੇ ਸ਼ਹੀਦ ਹੋਣ 'ਤੇ

ਆ ਕੇ ਅਸਾਂ ਆਪਣੀ ਖ਼ੁਸ਼ੀ ਨਾਲ ਸਮਾਪਤ ਕੀਤਾ। ਸਕੱਤਰ ਸਾਹਿਬ ਨੇ ਸਾਨੂੰ ਹਟਾਇਆ ਨਹੀਂ। ਸਾਢੇ ਤਿੰਨ ਘੰਟੇ ਕੀਰਤਨ ਕੀਤਾ। ਲੋਕਾਂ ਵਾਸਤੇ ਇਹ ਕਹਾਣੀ ਬਿਲਕੁੱਲ ਨਵੀਂ ਸੀ ਤੇ ਬੜੇ ਦਰਦ ਵਾਲੀ ਵੀ। ਵਾਰ, ਤਾਰੀਖ਼ਾਂ, ਤੇ ਜਜ਼ਬਾਤੀ ਵਿਆਖਿਆ, ਜਿਸ ਪਾਸੇ ਮੈਂ ਝਾਤੀ ਮਾਰਦਾ ਸਾਂ, ਅੱਸੀ ਫ਼ੀ ਸਦੀ ਲੋਕ ਰੋ ਰਹੇ ਸਨ। ਮਹੰਤ ਬਾਬਾ ਹਰਨਾਮ ਸਿੰਘ ਜੀ ਦੀਆਂ ਅੱਖਾਂ ਵਿਚੋਂ ਵੀ ਹੰਝੂ ਵਹਿ ਰਹੇ ਸਨ। ਉਹ ਦਿਨ ਮੇਰੀ ਜ਼ਿੰਦਗੀ ਵਿਚ ਗੁਰੂ ਮਹਾਰਾਜ ਵੱਲੋਂ 'ਵਰਦਾਨ' ਸਾਬਤ ਹੋਇਆ।

ਦੀਵਾਨ ਸਮਾਪਤ ਹੋਇਆ। ਅਸੀਂ ਪਿੰਡ ਦੇ ਸਾਥੀਆਂ ਕੋਲ ਪੁੱਜੇ। ਸਭ ਦੇ ਚਿਹਰੇ 'ਤੇ ਖ਼ੁਸ਼ੀ ਝਲਕ ਰਹੀ ਸੀ। ਸ. ਬਿਸ਼ਨ ਸਿੰਘ ਨੇ ਮੈਨੂੰ ਜੱਫਾ ਭਰ ਕੇ ਚੁੱਕ ਲਿਆ। ਤੇ ਫੇਰ ਸਾਮ੍ਹਣੇ ਖਲ੍ਹਾਰ ਕੇ ਉਹ ਆਪਣੇ ਅੰਦਾਜ਼ ਵਿਚ ਬੋਲਿਆ, "ਐਧਰ ਵੇਖ ਉਇ! ਮੈਂ ਤੇਰਾ ਕੀ ਲੱਗਦਾ?"

"ਚਾਚਾ! ਇਹ ਵੀ ਕੋਈ ਬਨਾਉਟੀ ਗੱਲ ਏ?" ਮੈਂ ਨਿੰਮ੍ਹਾ ਨਿੰਮ੍ਹਾ ਮੁਸ-ਕਰਾਉਂਦਿਆਂ ਕਿਹਾ। ਇਕੋ ਟੱਬਰ ਵਿਚੋਂ ਉਹ ਤਿੱਜੀ-ਚੌਥੀ ਪੀਹੜੀਓਂ ਮੇਰੇ ਚਾਚਾ ਜੀ ਲਗਦੇ ਸਨ।

"ਲੈ, ਸੁਣ ਲੈ ਫਿਰ।" ਸ. ਬਿਸ਼ਨ ਸਿੰਘ ਨੇ ਓਸੇ ਰੁਅਬ ਨਾਲ ਕਿਹਾ, "ਤੇਰਾ ਸਾਰਾ ਉਜਾੜਾ ਮੈਂ ਕਰਾਉਂਦਾ ਸਈ। ਤੇ ਜੀਹਦੇ ਇਸ਼ਾਰੇ 'ਤੇ ਕਰਾਉਂਦਾ ਸਾਂ, ਉਹ ਤੈਨੂੰ ਪਤਾ ਹੀ ਹੈ। ਜਾਹ, ਅੱਜ ਤੋਂ ਤੇਰੇ ਸਾਰੇ ਗੁਨਾਹ ਮਾਫ਼। ਤੈਨੂੰ ਬਾਬੇ ਵੀਰ ਸੁੰਹ ਦਾ ਵਰ ਹੋ ਗਿਆ। ਤਗੜਾ ਹੋ ਕੇ ਮਿਹਨਤ ਕਰ, ਤੇ ਪਿੰਡ ਦਾ ਨਾਂ ਉੱਚਾ ਕਰ। ਹੁਣ ਤੇਰੀ ਵੱਟ ਉਤਦੀ ਵੀ ਕੋਈ ਲੰਘ ਗਿਆ, ਤਾਂ ਮੇਰਾ ਨਾਂ ਬਿਸ਼ਨ ਸੁੰਹ ਨਾ ਸੱਦੀਂ।"

ਉਹ ਦਿਨ ਮੇਰੇ ਜੀਵਨ ਵਿਚ ਸਭ ਤੋਂ ਭਾਗਾਂ ਵਾਲਾ ਸੀ। ਮੈਂ ਨਿਰੰਕਾਰ ਦੇ ਧੰਨਵਾਦ ਵਜੋਂ ਪੰਜਵੇਂ ਪਾਤਸ਼ਾਹ ਦੀ ਇਹ ਪੰਗਤੀ ਦੁਹਰਾਈ,

"ਏਹ ਵੈਰੀ ਮਿਤ੍ਰ ਸਭਿ ਕੀਤਿਆ, ਨਹ ਮੰਗਹਿ ਮੰਦਾ।"

(ਆਦਿ ਗ੍ਰੰਥ, ਪੰਨਾ 1096)

ਉਸ ਤੋਂ ਪਿੱਛੋਂ ਕਿਸੇ ਵੀ ਸੱਜਣ ਵੱਲੋਂ ਕੋਈ ਵਿਰੋਧ ਨਹੀਂ ਹੋਇਆ।

8

ਢਾਡੀ ਹੋਣ ਬਾਰੇ ਮੈਂ ਇਹ ਕੁਛ ਸਤਰਾਂ ਇਸ ਵਾਸਤੇ ਲਿਖੀਆਂ ਹਨ, ਕਿ ਜੇ ਮੈਂ ਕੁਦਰਤ ਵੱਲੋਂ ਢਾਡੀ ਨਾ ਬਣਦਾ, ਤਾਂ ਸ਼ਾਇਦ ਕੁਛ ਵੀ ਨਾ ਬਣ ਸਕਦਾ। ਸਭ ਕੁਛ 'ਗੁਰੂ ਕਾ ਢਾਡੀ' ਹੋਣ ਦੀ ਕਿਰਪਾ ਹੈ। ਫਿਰ ਢਾਡੀ ਸਾਹਿੱਤ (ਵਾਰਾਂ) ਵੀ ਮੇਰੀ ਰਚਨਾ ਦਾ ਖ਼ਾਸ ਹਿੱਸਾ ਹੈ।

ਮੈਂ ਸਾਹਿੱਤ ਦੇ ਬਹੁਤੇ ਪੱਖਾਂ ਉਤੇ ਕਲਮ ਚਲਾਈ ਹੈ। ਕਿਸ ਪੱਖ ਵਿਚ ਵਧੇਰੇ ਸਫਲ ਹਾਂ? ਇਹ ਮੇਰੇ ਆਲੋਚਕ (ਸਗੋਂ ਸੁਹਿਰਦ ਪਾਠਕ) ਜਾਨਣ। ਮੈਨੂੰ ਪਾਠਕ ਤਾਂ ਆਰੰਭ ਤੋਂ ਹੀ ਮਿਲ ਗਏ, ਪਰ ਆਲੋਚਕ ਬੜੀ ਦੇਰ ਨਾਲ ਮਿਲੇ। ਬਹੁਤੇ ਆਲੋਚਕਾਂ ਦਾ ਖ਼ਿਆਲ ਸੀ, ਕਿ ਦੁਨੀਆਂ ਵਿਚ ਹੋਰ ਸਭ ਕੁਛ ਹੋ ਸਕਦਾ ਹੈ. ਪਰ ਇਕ ਢਾਡੀ ਨਾਵਲਕਾਰ ਨਹੀਂ ਹੋ ਸਕਦਾ। ਜੇ ਮੇਰਾ ਕੋਈ ਨਾਵਲ ਪੜ੍ਹ ਕੇ; ਕਿਸੇ ਨੂੰ ਕੁਛ ਚੰਗਾ

ਵੀ ਲਗਦਾ, ਤਾਂ ਉਹ ਏਸ ਝਿਜਕ ਤੋਂ ਮੇਰੇ ਬਾਰੇ ਨਾ ਲਿਖਦਾ, ਕਿ ਉਸ ਦੇ ਸਮਕਾਲੀ ਉਸ ਨੂੰ ਕੀ ਕਹਿਣਗੇ। ਗੁਰੂ ਦੀ ਕਿਰਪਾ, ਹੁਣ ਸੁਪ੍ਰਸਿੱਧ ਆਲੋਚਕਾਂ ਦੇ ਵੀ ਖ਼ਿਆਲ ਬਦਲ ਗਏ ਹਨ।

ਸਭ ਤੋਂ ਪਹਿਲਾਂ ਮੈਂ ਫੁਟਕਲ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਉਹਨਾਂ ਦੀ ਚਰਚਾ ਅੱਜ ਵੀ ਬਹੁਤੀ ਨਹੀਂ। ਤੇ ਸ਼ਾਇਦ ਕਦੇ ਵੀ ਉਚੇਚੀ ਚਰਚਾ ਨਾ ਹੋਵੇ। ਕਾਰਨ ? ਜਦੋਂ ਕੋਈ ਸਾਹਿੱਤਕਾਰ ਇਕ ਪੱਖ ਵਿਚ ਉਜਾਗਰ ਹੋ ਜਾਵੇ, ਉਸ ਦੇ ਬਾਕੀ ਦੇ ਪੱਖ ਹਨੇਰੇ ਵਿਚ ਲੁਕ ਜਾਂਦੇ ਹਨ। ਮੈਂ ਏਨਾ ਹੀ ਕਹਿ ਦੇਣਾ ਕਾਫ਼ੀ ਸਮਝਦਾ ਹਾਂ, ਉਹ ਕਵਿਤਾਵਾਂ ਮੇਰਾ ਮੁਢਲਾ ਅਭਿਆਸ ਹੁੰਦਿਆਂ ਹੋਇਆਂ ਵੀ, ਉਹਨਾਂ ਵਿਚ ਮੇਰੇ ਵਿਚਾਰ ਤੇ ਜ਼ਿੰਦਗੀ ਦਾ ਤਜਰਬਾ ਹੈ ਤੇ ਕੁਝ ਕਵਿਤਾਵਾਂ ਮੇਰੇ ਉਸ ਜੀਵਨ ਨਾਲ ਸੰਬੰਧ ਰਖਦੀਆਂ ਹਨ।

ਮੈਂ ਕੁਛ ਸਾਹਿਤਿਕ ਗੀਤ ਵੀ ਲਿਖੇ, ਜੋ ਸਮੇਂ ਦੇ ਪੱਤਰਾਂ ਵਿਚ (ਖ਼ਾਸ ਕਰ ਮਾਸਕ ਪੱਤਰ 'ਕਵਿਤਾ' ਵਿਚ) ਛਪਦੇ ਰਹੇ। ਸ. ਵਿਧਾਤਾ ਸਿੰਘ 'ਤੀਰ' ਨੇ ਇਕ ਵਾਰ ਲਿਖਿਆ ਸੀ, ਕਿ 'ਸੀਤਲ ਵਾਰਕਾਰ ਨਾਲੋਂ ਗੀਤਕਾਰ ਵਧੇਰੇ ਚੰਗਾ ਹੈ।'

ਭਾਵੇਂ ਕੋਈ ਕੁਛ ਪਿਆ ਲਿਖੇ, ਪਰ 'ਸੋਹਣ ਸਿੰਘ ਸੀਤਲ' ਵਧੇਰੇ ਢਾਡੀ ਵਜੋਂ ਹੀ ਜਾਣਿਆਂ ਜਾਇਗਾ। ਇਸ ਹੁਨਰ ਵਿਚ ਗੁਰਦੇਵ ਨੇ ਉਸ ਨੂੰ ਪਹਿਲੀ ਥਾਂ ਬਖ਼ਸ਼ ਦਿੱਤੀ, ਜੋ ਅਜੇ ਤਕ ਕਾਇਮ ਹੈ।

ਮੇਰੇ ਗੀਤਾਂ ਦੀ ਪਹਿਲੀ ਪੁਸਤਕ ਛਪੀ 'ਕੇਸਰੀ ਦੁਪੱਟਾ'। ਮੇਰੇ ਧਾਰਮਿਕ ਸਰੋਤੇ ਪੜ੍ਹ ਕੇ ਕੁਛ ਨਾਰਾਜ਼ ਵੀ ਹੋਏ, ਤੇ ਕੁਛ ਹੈਰਾਨ ਵੀ। ਬਹੁਤੇ ਤਾਂ ਇਹ ਮੰਨਣ ਹੀ ਨਾ, ਕਿ ਇਹਨਾਂ ਗੀਤਾਂ ਦਾ ਰਚਨਹਾਰ ਓਹਾ ਧਾਰਮਿਕ ਵਾਰਾਂ ਗਾਉਣ ਵਾਲਾ 'ਸੀਤਲ' ਹੀ ਹੈ। ਕੁਛ ਮਿੱਤਰਾਂ ਨੇ ਨਾਰਾਜ਼ਗੀ ਭਰੇ ਸਵਾਲ ਵੀ ਕੀਤੇ। ਸਾਰੇ ਸਵਾਲਾਂ ਦਾ ਸਾਰ ਦੋ ਸਵਾਲਾਂ ਵਿਚ ਹੀ ਮਿਲ ਜਾਂਦਾ ਹੈ :

1. ਸੀਤਲ ਏਹੋ ਜੇਹੇ ਗੀਤ ਕਿਉਂ ਲਿਖਦਾ ਹੈ ?
2. ਐਸ ਪਿਛਲੀ ਉਮਰ ਸੀਤਲ ਏਹੋ ਜੇਹੇ ਗੀਤ ਕਿਵੇਂ ਲਿਖ ਲੈਂਦਾ ਹੈ ?

ਪਹਿਲੇ ਸਵਾਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ, ਕਿਉਂਕਿ ਕਵੀ ਦੇ ਮਨ ਵਿਚ ਜਦੋਂ ਕੋਈ ਖ਼ਿਆਲ ਅੰਗੜਾਈ ਲੈਂਦਾ ਹੈ, ਉਹ ਲਿਖਣ ਲਈ ਮਜਬੂਰ ਹੋ ਜਾਂਦਾ ਹੈ। ਉਹ ਲਿਖਦਾ ਜ਼ਰੂਰ ਹੈ, ਭਾਵੇਂ ਉਸ ਨੂੰ ਪਾਠਕਾਂ ਸਾਮ੍ਹਣੇ ਪਰਗਟ ਕਰੇ, ਤੇ ਭਾਵੇਂ ਕਿਸੇ ਮਜਬੂਰੀ (ਜਾਂ ਸਹੂਲਤ) ਨੂੰ ਮੁੱਖ ਰਖ ਕੇ ਨਾਲ ਹੀ ਲੈ ਕੇ ਮਰ ਜਾਏ। ਮੈਂ ਜੋ ਕੁਛ ਵੀ ਲਿਖਿਆ ਹੈ, ਆਪਣੇ ਪਾਠਕਾਂ ਸਾਮ੍ਹਣੇ ਪਰਗਟ ਕਰ ਦਿਤਾ ਹੈ।

ਦੂਸਰਾ ਸਵਾਲ ਸੀ, ਕਿ ਐਸ ਉਮਰ ਕਿਵੇਂ ਲਿਖਦਾ ਹੈ ? ਇਸ ਦਾ ਜਵਾਬ ਮੈਂ ਇਕ ਗੀਤ ਵਿਚ ਦਿੱਤਾ :

"ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾ।
ਜੋ ਸੁੱਤੀਆਂ ਥੱਕ ਕੇ ਰੀਝਾਂ, ਉਨ੍ਹਾਂ ਨੂੰ ਫਿਰ ਜਗਾ ਲੈਂਦਾ।"

ਮੇਰੀ ਰਾਏ ਹੈ, ਕਿ ਰੀਝਾਂ ਮਰਦੀਆਂ ਕਦੇ ਨਹੀਂ, ਉਮਰ ਨਾਲ ਹੰਭ ਜ਼ਰੂਰ ਜਾਂਦੀਆਂ ਹਨ।

ਸ੍ਰੀ ਨੰਦ ਲਾਲ 'ਨੂਰਪੁਰੀ' ਨੂੰ 'ਗੀਤਾਂ' ਦਾ ਬਾਦਸ਼ਾਹ' ਕਹਿੰਦੇ ਹਨ। ਉਸ ਨੇ

ਬੜੇ ਸੁੰਦਰ ਗੀਤ ਲਿਖੇ ਹਨ। ਤੇ ਉਹ ਵਧੇਰੇ ਪ੍ਰਸਿੱਧ ਵੀ ਆਪਣੇ ਗੀਤਾਂ ਕਾਰਨ ਹੀ ਹੈ। ਮਾਸਕ ਪੱਤਰ 'ਕਵਿਤਾ' ਵਿਚ ਉਸ ਦੇ ਗੀਤ ਆਮ ਛਪਦੇ ਸਨ। ਲੇਖ ਹੁੰਦਾ ਸੀ, 'ਇਸ ਮਹੀਨੇ ਦਾ ਗੀਤ'।

ਅਸੀਂ ਇਕ ਵਾਰ ਫ਼ੀਰੋਜ਼ਪੁਰ ਛਾਉਣੀ ਇਕੱਠੇ ਹੋ ਗਏ। ਉਸ ਤੋਂ ਪਹਿਲਾਂ ਆਪਸ ਵਿਚ ਕਾਫ਼ੀ ਮਿਲਾਪ ਸੀ। ਮਿਲਦਿਆਂ ਸਾਰ ਹੀ ਉਹਨੇ ਬਨਾਉਟੀ ਗੁੱਸੇ ਨਾਲ ਹੱਥ ਮਿਲਾਉਂਦਿਆਂ ਕਿਹਾ, "ਬਾਬਾ! ਮੇਰਾ ਜੀ ਕਰਦਾ ਏ, ਤੇਰੇ ਗਲ ਲੱਗ ਕੇ ਮਰ ਜਾਵਾਂ।" ਨਾਲ ਹੀ ਉਹ ਮੇਰੀ ਪੈਂਦੇ ਵੱਲ ਬਹਿ ਗਿਆ।

ਓਸੇ ਹਸਾਉਣੇ ਲਹਿਜੇ ਵਿਚ ਮੈਂ ਉੱਤਰ ਦਿੱਤਾ, "ਓ, ਆ ਪੁੱਤਰਾ! ਤੂੰ ਅੱਜ ਬਾਬੇ ਨਾਲ ਨਰਾਜ਼ ਕਿਉਂ ਏਂ।" ਨਾਲ ਹੀ ਮੈਂ ਪਿਆਰ ਨਾਲ ਉਹਦੇ ਲੱਕ ਉਦਾਲੇ ਬਾਂਹ ਵਲ਼ ਕੇ ਉਸ ਨੂੰ ਨਾਲ ਲਾ ਲਿਆ।

(ਵੈਸੇ ਅਸੀਂ ਦੋਵੇਂ ਹਾਣੀ ਹੀ ਹਾਂ।)

"ਨਾਰਾਜ਼ ਹੋਵਾਂ ਨਾ? ਏਹੋ ਜੇਹੇ ਸ਼ਿੰਗਾਰ ਰਸ ਦੇ ਗੀਤ ਲਿਖਣਾ ਮੇਰੇ ਵਰਗੇ ਮੁੰਡਿਆਂ ਦਾ ਕੰਮ ਏਂ।" ਨਾਲ ਹੀ ਉਹਨੇ ਆਪਣੀ ਸੱਜਰੀ ਸਾਫ਼ ਕੀਤੀ ਠੋਡੀ ਉਤੇ ਹੱਥ ਫੇਰ ਦਿਤਾ। "ਤੇ ਤੂੰ ਆਹ ਬੁੱਢੇ ਵਾਰੇ ਕੀ ਰੱਥ ਫੜ ਲਿਆ।" ਉਹਨੇ ਮੇਰੇ ਸਫ਼ੈਦ ਦਾੜ੍ਹੀ ਵੱਲ ਇਸ਼ਾਰਾ ਕਰਦਿਆਂ ਕਿਹਾ। "ਤੇ ਦੂਜਾ ਗੁੱਸਾ ਏ ਮੈਨੂੰ ਕਰਤਾਰ ਸਿਘ 'ਬਲੱਗਣ' 'ਤੇ। ਇਸ ਮਹੀਨੇ ਦੀ 'ਕਵਿਤਾ' ਵੇਖੀ ਊ? ਮੇਰੇ ਗੀਤ ਦੇ ਸਾਮ੍ਹਣੇ ਉਹਨੇ ਤੇਰਾ ਗੀਤ ਛਾਪ ਦਿਤਾ ਹੈ। ਦੋਹਾਂ ਦੀਆਂ ਤਸਵੀਰਾਂ ਵੀ ਨਾਲ ਛਾਪ ਦੇਂਦਾ, ਤਾਂ ਬਾਬੇ ਨੂੰ ਪਤਾ ਲੱਗ ਜਾਂਦਾ।"

'ਨੂਰਪੁਰੀ' ਦਾ ਕਿਹੜਾ ਗੀਤ ਸੀ, ਮੈਨੂੰ ਯਾਦ ਨਹੀਂ। ਪਰ ਮੇਰਾ ਗੀਤ ਸੀ "ਤੀਆਂ ਵਿਚ ਆ ਮਿੱਤਰਾ! ਤੈਨੂੰ ਉਡਦੀਆਂ ਪਰੀਆਂ ਵਿਖਾਵਾਂ।"

ਇਹ 1954 ਦੀ ਗੱਲ ਹੈ। ਓਦੋਂ ਮੇਰੀ ਉਮਰ 45 ਸਾਲ ਦੀ ਸੀ। ਪਰ ਦਾਹੜਾ ਅੱਧੋਂ ਬਹੁਤਾ ਸਫ਼ੈਦ ਹੋ ਚੁੱਕਾ ਸੀ। ਉਸ ਸਮੇਂ ਮੈਂ ਗੀਤ ਲਿਖੇ ਵੀ ਕਰਤਾਰ ਸਿੰਘ 'ਬਲੱਗਣ' ਦੀ ਫ਼ਰਮਾਇਸ਼ ਪੂਰੀ ਕਰਨ ਵਾਸਤੇ ਸੀ। ਨਹੀਂ ਤਾਂ ਓਦੋਂ ਮੈਂ ਸਿੱਖ ਇਤਿਹਾਸ ਲਿਖਣ ਵਿਚ ਵਧੇਰੇ ਰੁੱਝਾ ਹੋਇਆ ਸਾਂ।

ਮੇਰੇ ਗੀਤਾਂ ਵਿਚ ਇਕ ਚੀਜ਼ ਵਧੇਰੇ ਵੇਖੋਗੇ, ਕਿ ਹਰ ਥਾਂ ਦੰਪਤੀ ਪਿਆਰ ਦਾ ਹੀ ਜ਼ਿਕਰ ਹੈ। ਮੇਰਾ ਨਿਸਚਾ ਹੈ, ਕਿ ਵਿਆਹੁਤਾ ਪਿਆਰ ਹੀ ਹੰਢਣਸਾਰ ਹੁੰਦਾ ਹੈ। ਬਜ਼ਾਰੀ ਰੋਮਾਂਸ ਬਾਰੇ ਹਜ਼ਰਤ 'ਗ਼ਾਲਿਬ' ਦਾ ਇਕ ਸ਼ਿਅਰ ਬੜਾ ਸੁੰਦਰ ਹੈ:

"ਬੁਲਬੁਲ ਕੇ ਕਾਰੋਬਾਰ ਪਹਿ ਹੈਂ ਖ਼ੰਦਾਹਾਏ ਗੁਲ[1]
ਕਹਿਤੇ ਹੈਂ ਜਿਸ ਕੋ 'ਇਸ਼ਕ' ਖ਼ਲਲ ਹੈ ਦਮਾਗ਼ ਕਾ।"

ਮੈਂ ਆਪਣੇ ਗੀਤਾਂ ਵਿਚ ਇਕ ਨਵੀਂ ਚੀਜ਼ ਵੀ ਸ਼ੁਰੂ ਕੀਤੀ ਸੀ, ਸੁਖਾਂਦੀ ਸੁਖਾਂਦੀ ਰਾਜਨੀਤੀ ਤੇ ਦੇਸ਼ਭਗਤੀ। ਮਿਸਾਲ ਵਜੋਂ ਵੇਖੋ:

"ਮੇਰੇ ਰਾਂਗਲੇ ਹੱਥਾਂ ਦੇ ਵਿਚ ਸੌਂਪੀਆ,
ਵੇ ਉੱਡ ਜੋ ਨਿਲੱਜ ਤੋਤਿਓ!"

1. ਬੁਲਬੁਲ ਦੇ ਗੀਤਾਂ (ਜਾਂ ਵਿਰਲਾਪ) ਉਤੇ ਫੁੱਲ ਹੱਸਦੇ ਹਨ

"ਸੋਨੇ ਰੰਗੇ ਫੁੱਲਾਂ ਵਾਲੇ ਤੋਰੀਏ ਦੇ ਬੰਨੇ ਬੰਨੇ,
ਹਾਣੀਆਂ ! ਮੈਂ ਫਿਰਾਂ ਪੈਲਾਂ ਪਾਵੰਦੀ
ਗੋਰੀ ਖ਼ੁਸ਼ੀ ਵਿਚ ਨੱਚਦੀ ਤੇ ਗਾਵੰਦੀ।"
"ਮਿਰਕਣ ਨਾ ਜਾਹ ਵੇ, ਚੰਨ ! ਛੱਡ ਕੇ ਸੁਰਗ ਦਾ ਵਾਸਾ।"
"ਜੇਕਰ ਮੈਨੂੰ ਰੱਜਵੀਂ ਰੋਟੀ ਦੇਂਦਾ ਮੇਰਾ ਦੇਸ,
ਮੈਂ ਕਿਉਂ ਜਾਂਦਾ ਪਰਦੇਸ।"
"ਕਣਕਾਂ ਦੇ ਬੋਹਲ ਉਤੇ ਬੈਠਿਆ ਓ ਜੱਟਾ !
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ।"
"ਪੰਜਾਬ ਦੀਏ ਮੁਟਿਆਰੇ ਨੀ।"
"ਬਦਲ ਗਈ ਇਹ ਧਰਤੀ ਅਪਣੀ,
ਬਦਲ ਗਿਆ ਅਸਮਾਨ।"

ਪਰ ਇਹ ਵਿਚਾਰਧਾਰਾ ਅੱਗੇ ਨਾ ਵਧ ਸਕੀ। ਸਾਡੇ ਗੀਤਕਾਰ ਵਧੇਰੇ ਨੰਗੇ ਰੋਮਾਂਸ ਦੇ ਵਹਿਣ ਵਿਚ ਵਹਿ ਗਏ।

'ਕਵਿਤਾ' ਬਾਰੇ ਮੇਰੀ ਰਾਏ ਹੈ, ਕਿ ਉਸ ਵਿਚ ਲੈ, ਤੋਲ, ਸ਼ਬਦਾਂ ਦੀ ਬਣਤਰ ਤੇ ਤਰਤੀਬ ਪਿੰਗਲ ਸ਼ਾਸਤਰ ਅਨੁਸਾਰ ਹੋਣੀ ਚਾਹੀਦੀ ਹੈ। ਥੋੜੇ ਸ਼ਬਦਾਂ ਵਿਚ, ਕਵਿਤਾ ਉਹ ਹੈ, ਜੋ ਸਾਜ਼ਾਂ ਨਾਲ ਗਾਈ ਜਾ ਸਕੇ। ਉੱਤਮ ਖ਼ਿਆਲ ਤਾਂ ਵਾਰਤਕ ਵਿਚ ਵੀ ਦਿਤੇ ਜਾ ਸਕਦੇ ਹਨ, ਤੇ ਕਵਿਤਾ ਵਿਚ ਵੀ।

ਪਰ ਹਰ ਗਾਈ ਜਾ ਸਕਣ ਵਾਲੀ ਕਵਿਤਾ 'ਗੀਤ' ਨਹੀਂ ਹੁੰਦੀ। ਗੀਤ ਦਾ ਮੂੰਹ-ਮੁਹਾਂਦਰਾ ਤੇ ਰੰਗ-ਰੂਪ, ਸਭ ਕੁਛ ਆਪਣਾ ਹੈ। ਕਿਸੇ ਨਾਲ ਵੀ ਇਹਦੀ ਨੁਹਾਰ ਨਹੀਂ ਮਿਲਦੀ। ਬੱਚੇ ਵਰਗਾ ਭੋਲਾਪਨ, ਪੇਂਡੂਆਂ ਜੇਹੀ ਸਾਦਗੀ, ਤੇ ਕੁਆਰੀਆਂ ਵਰਗੀ ਲੱਜਿਆ, ਗੀਤ ਦਾ ਸ਼ਿੰਗਾਰ ਹੈ। ਗੀਤ ਦੀ ਬੋਲੀ, ਸ਼ਬਦ-ਬਣਤਰ ਤੇ ਖ਼ਿਆਲਾਂ ਦੀ ਉਡਾਰੀ ਏਹੋ ਜਿਹੀ ਹੋਣੀ ਚਾਹੀਦੀ ਹੈ, ਜਿਸ ਨਾਲ ਵਿਚਲੇ 'ਪਾਤਰ' ਦੀ ਰੂਪ-ਰੇਖਾ ਚੰਗੀ ਤਰ੍ਹਾਂ ਉਘੜ ਪਵੇ। ਇਹ ਜੀਵਨ ਦੇ ਛੋਟੇ ਜੇਹੇ ਹਿੱਸੇ ਦੀ ਇਕ ਪੱਖੀ ਤਸਵੀਰ ਹੈ, ਬਹੁ-ਪੱਖੀ ਨਹੀਂ।

ਸਾਹਿੱਤ ਵਿਚ 'ਗੀਤ' ਸ਼ਾਇਦ ਓਨਾ ਹੀ ਪੁਰਾਣਾ ਹੈ, ਜਿੰਨੀ 'ਕਾਂ-ਚਿੜੀ' ਦੀ ਬਾਤ। ਜਦੋਂ ਤੋਂ ਮਨੁੱਖ ਦੇ ਅੰਦਰ ਖ਼ੁਸ਼ੀ-ਗ਼ਮੀ ਅਨੁਭਵ ਕਰਨ ਦੀ ਸੂਝ ਪੈਦਾ ਹੋਈ ਹੈ, ਓਦੋਂ ਤੋਂ ਹੀ ਗੀਤ ਦਾ ਜਨਮ ਹੋਇਆ ਹੈ। ਮਨ ਵਿਚ ਖ਼ੁਸ਼ੀ ਜਾਂ ਗ਼ਮੀ ਦਾ ਅਹਿਸਾਸ ਹੋਇਆ, ਤਾਂ ਮਨੁੱਖ ਮਸਤੀ ਜਾਂ ਦਰਦ ਵਿਚ ਗੁਣ-ਗੁਣਾ ਉਠਿਆ। ਓਹਾ ਗੁਣਗੁਣਾਹਟ ਸਹਿਜ ਸਹਿਜ ਸ਼ਬਦਾਂ ਦਾ ਰੂਪ ਧਾਰਦੀ ਗਈ। ਰਚਨਹਾਰ ਦੇ ਸਰਲ-ਸੁਭਾਉ ਵਾਂਗ ਸਾਦਾ ਜੇਹੇ ਸ਼ਬਦ ਤੇ ਤ੍ਰੇਲ-ਧੋਤੇ ਜੰਗਲੀ ਫੁੱਲਾਂ ਵਰਗੇ ਸਾਧਾਰਨ ਖ਼ਿਆਲ, ਆਪ ਮੁਹਾਰੇ ਕਿਸੇ ਮਿੱਠੀ ਜੇਹੀ ਲੈ ਵਿਚ ਵਗ ਤੁਰੇ, ਤਾਂ ਓਸੇ ਨਿਰਮਲ ਧਾਰਾ ਨੇ ਪਿੱਛੋਂ ਗੀਤ ਦਾ ਰੂਪ ਧਾਰ ਲਿਆ। ਕਵੀ ਦੀ ਮਸਤੀ ਦਾ ਦੂਸਰਾ ਨਾਮ 'ਗੀਤ' ਹੈ।

ਪੰਜਾਬੀ ਲੋਕ-ਗੀਤਾਂ ਵਿਚ ਜੀਵਨ ਨੂੰ ਇਸ ਸੁਚੱਜਤਾ ਨਾਲ ਉਲੀਕਿਆ ਹੈ, ਕਿ ਜ਼ਿੰਦਗੀ ਦਾ ਹਰ ਪਹਿਲੂ ਚਾਨਣੇ ਪੱਖ ਵਾਂਗ ਚਮਕ ਉਠਿਆ ਹੈ। ਗੀਤ ਮਨੁੱਖਾ ਮਨ ਦੀ

ਸਹੀ ਤਸਵੀਰ ਹਨ। ਜਿਵੇਂ ਪਹਾੜਾਂ ਦੀ ਤਰਾਈ ਵਿਚ ਆਪ ਮੁਹਾਰੇ ਸੋਮੇਂ ਫੁੱਟ ਪੈਂਦੇ ਹਨ, ਏਜੇ ਤਰ੍ਹਾਂ ਗੀਤ ਵੀ ਵਹਿੰਦੇ ਜੀਵਨ ਦੀਆਂ ਬੇ-ਮੁਹਾਰੀਆਂ ਤਰੰਗਾਂ ਹਨ।

ਮਾਂ ਨੇ ਬੱਚੇ ਦੇ ਮੁਸਕਰਾਉਂਦੇ ਬੁੱਲ੍ਹ, ਤੇ ਅਧ-ਮੀਟੀਆਂ ਅੱਖਾਂ ਵੇਖ ਪੰਘੂੜੇ ਦੀਆਂ ਲਾਸਾਂ ਹਿਲਾਉਂਦਿਆਂ ਲੋਰੀ ਦਿਤੀ,

"ਅੱਲ੍ਹੜ ਮੱਲ੍ਹੜ ਭਾਈਆਂ ਦੇ,
ਢੋਲ ਵੱਜਣ ਭਰਾਈਆਂ ਦੇ।............."

ਇਹਨਾਂ ਸਿੱਧੇ ਸਾਦੇ ਸ਼ਬਦਾਂ ਵਿਚੋਂ ਬੱਚੇ ਨੂੰ ਅੰਮ੍ਰਿਤ ਵਰਗੀ ਮਿਠਾਸ ਅਨੁਭਵ ਹੋਈ, ਤੇ ਉਹ ਨਸ਼ਈਆਂ ਵਾਂਗ ਅੱਖਾਂ ਬੰਦ ਕਰਕੇ ਸੌਂ ਗਿਆ। ਮਾਂ ਦੀ ਲੋਰੀ ਸ਼ਾਇਦ ਸਭ ਤੋਂ ਪਹਿਲਾ ਗੀਤ ਹੋਵੇ।

ਛੋਟੀਆਂ ਛੋਟੀਆਂ ਬਾਲੜੀਆਂ ਇਕ ਦੂਜੀ ਦੇ ਹੱਥ ਫੜ ਕੇ ਭੰਬੀਰੀਆਂ ਵਾਂਗ ਘੁੰਮੀਆਂ ਤੇ ਉਹਨਾਂ ਦੀਆਂ ਕੰਜਕਾਂ ਵਰਗੀਆਂ ਰੀਝਾਂ ਗੂੰਜ ਉਠੀਆਂ,

"ਕਿੰਗਰੀ ਕਰੀਰ ਦੀ,
ਪੱਗ ਮੇਰੇ ਵੀਰ ਦੀ।"

ਨਿੱਕੀ ਜੇਹੀ ਦੁਨੀਆਂ ਦੀ ਨਿੱਕੀ ਮਨੁੱਖਤਾ ਦੇ ਚਾਵਾਂ ਦੀ ਉਮਰ ਵੀ ਨਜ਼ਰਾਂ ਲੱਗਣ ਵਾਲੀ ਹੈ। ਭਰਾਵਾਂ ਦੇ ਪਿਆਰ ਤੋਂ ਅਗ੍ਹਾਂ ਨਿਗਾਹ ਜਾਂਦੀ ਹੀ ਨਹੀਂ। ਬਾਲ ਵਰੇਸ ਨੇ ਸੱਖਣੀ ਢਾਕ ਮਹਿਸੂਸ ਕਰਕੇ ਬੋਲੀ ਪਾਈ,

"ਇਕ ਵੀਰ ਦੇਈਂ ਵੇ ਰੱਬਾ!
ਸੌਂਹ ਖਾਣ ਨੂੰ ਬੜਾ ਜੀ ਕਰਦਾ।"

ਬਾਲ ਵਰੇਸ ਜਾਂਦਿਆਂ ਤੇ ਜੁਆਨੀ ਆਉਂਦਿਆਂ ਪਤਾ ਹੀ ਨਾ ਲੱਗਾ। ਸੁਪਨੇ ਦੀ ਖੇਡ ਵਾਂਗ ਜ਼ਿੰਦਗੀ ਸਿਆਣੀ ਹੋ ਗਈ, ਬਾਲੜੀਆਂ ਮੁਟਿਆਰਾਂ ਬਣ ਗਈਆਂ, ਤਾਂ ਰੀਝਾਂ ਤੇ ਚਾਵਾਂ ਨੇ ਵੀ ਰੂਪ ਵਟੋ ਲਿਆ। ਨਨਾਣਾਂ ਦੇ ਮਨਾਂ ਵਿਚ ਭਰਜਾਈਆਂ ਬਣਨ ਦੀਆਂ ਸੱਧਰਾਂ ਅੰਗੜਾਈਆਂ ਲੈਣ ਲੱਗ ਪਈਆਂ। ਵੀਰ ਦੀ ਪੱਗ ਦੇ ਓਹਲੇ ਕਿਸੇ ਚੀਰੇ ਵਾਲੇ ਦਾ ਸ਼ੰਮਲਾ ਉਡਦਾ ਨਜ਼ਰੀਂ ਪਿਆ। ਪਰ ਮਰਦ ਦੇ ਬਣਾਏ ਸਮਾਜ ਨੇ ਪੁੰਗਰਦੀਆਂ ਸੱਧਰਾਂ ਉਤੇ ਬੰਦਸ਼ਾਂ ਦੇ ਦਾਬੂ ਧਰਨੇ ਸ਼ੁਰੂ ਕਰ ਦਿਤੇ। ਜਿਉਂ ਜਿਉਂ ਪਾਬੰਦੀਆਂ ਵਧਦੀਆਂ ਗਈਆਂ, ਦੱਬੀਆਂ ਘੁੱਟੀਆਂ ਖ਼ਾਹਸ਼ਾਂ ਮੂੰਹ-ਜ਼ੋਰ ਹੁੰਦੀਆਂ ਗਈਆਂ। ਬਗਾਵਤ ਕਰਨ ਤੋਂ ਪਹਿਲਾਂ ਪੰਜਾਬ ਦੀ ਨੱਢੀ ਨੇ ਮਨ ਦੀਆਂ ਰੀਝਾਂ ਪਰਗਟ ਕਰਨ ਵਾਸਤੇ ਲੋਕ-ਗੀਤਾਂ ਦਾ ਸਹਾਰਾ ਲਿਆ।

ਜੋ ਗੱਲ ਅਸੀਂ ਸਿੱਧੀ ਤੇ ਸਾਫ਼ ਬੋਲੀ ਵਿਚ ਨਹੀਂ ਕਹਿ ਸਕਦੇ, ਉਹ ਗੀਤਾਂ ਰਾਹੀਂ ਕਹਿ ਦੇਂਦੇ ਹਾਂ। ਤੇ ਏਹਾ ਗੀਤ ਦੀ ਸਭ ਤੋਂ ਵੱਡੀ ਖ਼ੂਬੀ ਹੈ।

ਜ਼ਿੰਦਗੀ ਵਿਚ ਸਭ ਤੋਂ ਵੱਡਾ ਮਸਲਾ ਜੀਵਨ-ਸਾਥੀ ਦੀ ਚੋਣ ਦਾ ਹੈ। ਹਰ ਇਸਤਰੀ-ਪੁਰਸ਼ ਦੀ ਖ਼ਾਹਸ਼ ਹੁੰਦੀ ਹੈ, ਕਿ ਉਸਦਾ ਜੀਵਨ-ਸਾਥੀ 'ਚੰਗਾ' ਹੋਵੇ। ਏਥੋਂ ਤਕ, ਕਿ ਧੰਨੇ ਭਗਤ ਦੀ ਵੀ ਮੰਗ ਹੈ,

"ਘਰ ਕੀ ਗੀਹਨ ਚੰਗੀ।
ਜਨੁ ਧੰਨਾ ਲੇਵੈ ਮੰਗੀ।"

ਤਾਂ ਪੰਜਾਬਣ ਮੁਟਿਆਰ ਇਸ ਮਸਲੇ 'ਤੇ ਕਿਵੇਂ ਚੁੱਪ ਰਹਿੰਦੀ। ਲੜਕੀ ਦੇ ਮੁਟਿਆਰ ਹੋਣ ਤੇ ਘਰ ਵਿਚ ਉਹਦੇ ਮੰਗਣ ਵਿਆਹੁਣ ਦੀ ਚਰਚਾ ਸ਼ੁਰੂ ਹੋ ਗਈ। ਮੁਟਿਆਰ ਪੱਜ ਬਹਾਨੇ ਬੂਹੇ ਉਹਲੇ ਖਲੋ ਕੇ ਮਾਂ-ਪਿਓ ਦੀਆਂ ਗੱਲਾਂ ਸੁਣਦੀ। ਸਿਆਣੇ ਮਾਤਾ-ਪਿਤਾ ਜਵਾਨ ਧੀ ਦੀ ਸਲਾਹ ਪੁਛਣੋਂ ਨਹੀਂ ਝਿਜਕਦੇ। ਪਿਤਾ ਲਾਡ ਨਾਲ ਪੁਛਦਾ ਹੈ,

"ਚੰਨੇ ਦੇ ਉਹਲੇ ਬੀਬੀ ! ਕਿਉਂ ਖਲੀ?
ਖਲੀ ਆਂ ਬਾਬਲ ਜੀ ਦੇ ਬਾਰ
ਬਾਬਲ ! ਵਰ ਲੋੜੀਏ।
ਜਾਈਏ ! ਕੇਹੋ ਜੇਹਾ ਵਰ ਲੋੜੀਏ ?
ਜਿਉਂ ਤਾਰਿਆਂ ਵਿਚੋਂ ਚੰਦ,
ਚੰਦਾਂ ਵਿਚੋਂ ਨੰਦ,
ਨੰਦਾਂ ਵਿਚੋਂ ਕਾਹਨ,
ਕਨ੍ਹਈਆ ਵਰ ਲੋੜੀਏ।"

ਇਹ ਸਾਡੀ ਪੁਰਾਤਨ ਸੱਭਯਤਾ ਦੀ ਸਹੀ ਤਸਵੀਰ ਹੈ। ਲੜਕੀਆਂ ਨੂੰ ਮੁਟਿਆਰ ਹੋਣ 'ਤੇ ਮੰਗਣਾ ਵਿਆਹੁਣਾ, ਤੇ ਉਹਨਾਂ ਦੀ ਸਲਾਹ ਤੇ ਰੀਝਾਂ ਦਾ ਸਤਕਾਰ ਕਰਨਾ।

ਪਿਤਾ ਦੇ ਨਾਲ ਨਾਲ ਵੱਡੇ ਵੀਰ ਦੀ ਸਲਾਹ ਦੀ ਵੀ ਬਹੁਤ ਕੀਮਤ ਹੁੰਦੀ ਹੈ। ਸੋ ਭੈਣ ਵੱਡੇ ਵੀਰ ਨੂੰ ਬੜੇ ਹੰਮੇ ਨਾਲ ਕਹਿੰਦੀ ਹੈ,

"ਆਪਣੇ ਵੀਰ ਨੂੰ ਮੈਂ ਕਰਾਂਗੀ ਨਿਹੋਰਾ,
ਵੀਰਾ ! ਪਰਖ ਲਈਂ ਵਰ ਗੋਰਾ।
ਪਰਖ ਲਈਂ ਵਰ ਗੋਰਾ, ਵੀਰਾ !
ਜਿਉਂ ਪੁੰਨਿਆਂ ਦਾ ਚੰਦੋ।
ਇਕ ਆਪ ਹੱਸੇ, ਦੂਜਾ ਸਾਨੂੰ ਹਸਾਵੇ,
ਲਾਲ ਗੌਰੀ ਦਾ ਨੰਦੋ।"

ਸਿਆਣੇ ਪਿਓ ਤੇ ਭਰਾ ਨੇ ਲੜਕੀ ਦੇ ਮਨ-ਪਸੰਦ ਵਰ ਲੱਭਾ। ਮੁਟਿਆਰ ਵੇਖ ਕੇ ਪ੍ਰਸੰਨ ਹੋ ਗਈ। ਸਹੇਲੀਆਂ ਨਾਲ ਨੱਚਦੀ ਖੇਡਦੀ ਉਹ ਪਿਉ ਨੂੰ ਅਸੀਸਾਂ ਦੇਂਦੀ ਹੈ :

"ਗਿਰੀਆਂ ਪਾਈਆਂ, ਮੇਵੇ ਪਾਏ,
ਵਧੀਆ ਖੀਰ ਬਣਾਈ।
ਜੁਗ ਜੁਗ ਜੀਵੇਂ ਬਾਬਲਾ।
ਜੋੜੀ ਮਿਲ ਗਈ, ਫ਼ਰਕ ਨਾ ਕਾਈ।"

ਮਾਪਿਆਂ ਦੇ ਨਾਲ ਨਾਲ ਵਿਚੋਲੇ ਨੂੰ ਵਧਾਈਆਂ ਹਨ :

"ਜੋੜੀਆਂ ਰਲਾਉਣ ਵਾਲਿਆ !
ਤੇਰਾ ਵਿਚ ਸੁਰਗਾਂ ਦੇ ਵਾਸਾ।"

ਪਰ ਜਿਨ੍ਹਾਂ ਘਰਾਂ ਵਿਚ ਧੀਆਂ ਦੀ ਨਹੀਂ ਸੁਣੀ ਜਾਂਦੀ, ਉਹ ਗੀਤਾਂ ਰਾਹੀਂ ਆਪਣੀਆਂ

ਸੱਧਰਾਂ ਮਾਪਿਆਂ ਦੇ ਕੰਨਾਂ ਤਕ ਪੁਚਾਉਣ ਦਾ ਯਤਨ ਕਰਦੀਆਂ ਹਨ। ਉਹ ਆਪਣੀਆਂ ਵਿਆਹੀਆਂ ਗਈਆਂ ਸਹੇਲੀਆਂ ਵੱਲ ਵੇਖਦੀ ਹੈ। ਇਕ ਦੇ ਮਾਪਿਆਂ ਨੇ ਪੈਸੇ ਲੈ ਕੇ ਬੁੱਢੇ ਨਾਲ ਜਵਾਨੀ ਨਰੜ ਕਰ ਦਿੱਤੀ ਹੈ। ਦੂਜੀ ਦੇ ਮਾਪਿਆਂ ਨੇ ਪਹਿਲੀ ਸਾਕਾਦਾਰੀ ਦੇ ਲਿਹਾਜ਼ ਵਿਚ ਆ ਕੇ ਛੋਟੀ ਉਮਰ ਦੇ ਮੁੰਡੇ ਨਾਲ ਜਵਾਨ ਜਹਾਨ ਕੁੜੀ ਵਿਆਹ ਦਿੱਤੀ। ਤਿੱਜੀ ਦੇ ਮਾਪਿਆਂ ਨੇ ਬਣਦਾ ਫੱਬਦਾ ਹਾਣ-ਪਰਵਾਣ ਵਰ ਸਹੇੜਿਆ। ਇਸ ਕੁੜੀ ਦੀ ਹਾਲਤ ਉਪਰਲੀਆਂ ਤਿੰਨਾਂ ਵਿਚੋਂ ਕਿਸੇ ਇਕ ਵਰਗੀ ਹੋ ਸਕਦੀ ਹੈ। ਉਹ ਗਾਉਣ ਦੇ ਪੱਜ ਤਿੰਨੇ ਹਾਲਤਾਂ ਮਾਪਿਆਂ ਸਾਮ੍ਹਣੇ ਪਰਗਟ ਕਰ ਦੇਂਦੀ ਹੈ।

"ਮਾਪਿਆਂ ਨੇ ਵਰ ਬੁੱਢਾ ਸਹੇੜਿਆ, ਲੈ ਦੰਮਾਂ ਦੀ ਬੋਰੀ।
ਖਾਰੇ ਚੜ੍ਹਦਾ ਡਿੱਗ ਡਿੱਗ ਪੈਂਦਾ, ਕੀਕਰ ਫੜਾਂ ਡੰਗੋਰੀ।
ਮਾਪਿਆਂ ਨੇ ਵਰ ਨਿੱਕਾ ਸਹੇੜਿਆ, ਦੇ ਕੇ ਗੁੜ ਦੀ ਰੋੜੀ।
ਖਾਰੇ ਚੜ੍ਹਦਾ ਡੁੱਸ ਡੁੱਸ ਰੋਵੇ, ਕਿਸ ਬਿਧ ਦੇਵਾਂ ਲੋਰੀ।
ਮਾਪਿਆਂ ਨੇ ਵਰ ਗਭਰੂ ਸਹੇੜਿਆ, ਦੇ ਕੇ ਕੋਤਲ ਘੋੜੀ।
ਖਾਰੇ ਚੜ੍ਹਦਾ ਹੱਸ ਹੱਸ ਬਹਿੰਦਾ, ਰਾਮ ਰਲਾਈ ਜੋੜੀ।"

ਕਿੰਨੀ ਸੁੰਦਰ ਵਿਆਖਿਆ ਹੈ। ਥੋੜੇ ਜਿਹੇ ਸ਼ਬਦਾਂ ਵਿਚ ਕਿੰਨਾ ਕੁਛ ਬੰਦ ਕੀਤਾ ਪਿਆ ਹੈ। ਜਵਾਨੀ ਨਾਲ ਇਨਸਾਫ਼ ਨਾ ਹੋਵੇ, ਤਾਂ ਉਹ ਮਾਪਿਆਂ ਨੂੰ ਉਲਾਹਮਾ ਦੇਣੋਂ ਵੀ ਨਹੀਂ ਝਿਜਕਦੀ।

"ਬਾਰ੍ਹੀਂ ਬਰਸੀਂ ਖੱਟਣ ਗਿਆ ਸੀ,
ਖੱਟ ਕੇ ਲਿਆਂਦਾ ਸੋਟਾ,
ਬਾਬਲ ਵਰ ਟੋਲਿਆ,
ਮੇਰੀ ਗੁੱਤ ਦੇ ਪਰਾਂਦੇ ਨਾਲੋਂ ਛੋਟਾ।"

ਨਿਰੇ ਬਾਬਲ ਨੂੰ ਹੀ ਨਹੀਂ, ਮਾਂ ਨੂੰ ਵੀ ਮਿਹਣੇ ਸਹਿਣੇ ਪੈਂਦੇ ਹਨ।

"ਘਰ ਨਾ ਵਿਹੰਦੀਆਂ, ਵਰ ਨਾ ਵਿਹੰਦੀਆਂ,
ਬਦਲੇ ਖੋਰੀਆਂ ਮਾਂਵਾਂ।
ਨਿੱਕੇ ਜੇਹੇ ਮੁੰਡੇ ਨਾਲ ਵਿਆਹ ਕਰ ਦੇਂਦੀਆਂ,
ਦੇ ਕੇ ਚਾਰ-ਕੁ ਲਾਂਵਾਂ।
ਛੇਜੇ ਚੜ੍ਹਦਾ ਰੁੱਸ ਰੁੱਸ ਬਹਿੰਦਾ,
ਫੁੱਲੀਆਂ ਦੇ ਵਰਚਾਵਾਂ।
ਭਖਦੀ ਜਵਾਨੀ ਨੂੰ,
ਦੱਸ, ਕਿਹੜੇ ਖੂਹ ਪਾਵਾਂ।"

ਉਹ! ਜੋਬਨ ਦੀ ਮਜਬੂਰੀ ਵਿਚ ਕਿੰਨੀ ਪੀੜਾ ਹੈ।
ਜੇ ਕਿਸੇ ਰੂਪਵਤੀ ਨੂੰ ਕਾਲਾ ਵਰ ਮਿਲ ਜਾਏ ਤਾਂ।

"ਮੁੰਡਾ ਰੋਹੀ ਦੀ ਕਿੱਕਰ ਨਾਲੋਂ ਕਾਲਾ,
ਬਾਪੂ ਦੇ ਪਸੰਦ ਆ ਗਿਆ।"

ਏਸੇ ਵਿਸ਼ੇ 'ਤੇ ਇਕ ਮੇਰਾ ਗੀਤ ਹੈ:

''ਕਾਲਾ ਵਰ ਦਿਤਾ ਮਾਪਿਆਂ, ਉਹਦਾ ਸੁਰਮਾ ਬਣਾ ਕੇ ਪਾਵਾਂ,
..... ਓਸ ਦਿਆਂ ਢੋਡਿਆਂ ਨੂੰ, ਕੀ ਮੈਂ ਹੁਸਨ-ਪਲੇਥਣ ਲਾਵਾਂ ?''

ਗੀਤਾਂ ਵਿਚ ਤਸ਼ਬੀਹ (ਉਪਮਾ), ਮੁਬਾਲਗ਼ਾ (ਅਤਿਕਥਨੀ) ਤੇ ਵਿਸਤਿਆਰਾ, (ਅਸੰਭਵ ਵਡਿਆਈ) ਦੇ ਨਮੂਨੇ ਵੇਖੋ।)

''ਮੇਰੀ ਨਨਦ ਚੱਲੀ ਮੁਕਲਾਵੇ,
ਅਲਸੀ ਦੇ ਫੁੱਲ ਵਰਗੀ।''
''ਮੇਰੀ ਨਨਦ ਚੱਲੀ ਮੁਕਲਾਵੇ,
ਪਿਪਲੀ ਦੇ ਪੱਤ ਵਰਗੀ।''
''ਕਾਲਾ ਨਾਗ ਚਰ੍ਹੀ ਵਿਚ ਸ਼ੂਕੇ,
ਗੁਜਰੀ ਦੀ ਗੁੱਤ ਵਰਗਾ।''
''ਕਹਿੰਦਾ : ਗੁੱਤ ਦੀ ਬਣਾ ਲਈ ਸਪਣੀ,
ਨਿੱਤ ਮੈਨੂੰ ਮਿਹਣੇ ਮਾਰਦਾ।''
''ਜਦ ਬਿਸ਼ਨੀ ਬਾਗ਼ ਵਿਚ ਆਈ,
ਭੌਰਾਂ ਨੂੰ ਭੁਲੇਖਾ ਪੈ ਗਿਆ।''
''ਕਾਲੀ ਰਾਤ ਨੂੰ ਬਣਾ ਦਿਹ ਚਾਨਣੀ,
ਮੂੰਹ ਉਤੋਂ ਘੁੰਡ ਚੁੱਕ ਕੇ।''
''ਕਿਤੇ ਦਾਗ਼ ਨਾ ਸੱਜਣ ਦੇ ਪੈ ਜੈ,
ਹੌਲੀ ਹੌਲੀ ਝਾਕ ਚੰਨ ਵੇ।''
''ਮੇਰੀ ਖ਼ਬਰ ਲੈਣ ਨਾ ਆਇਓਂ,
ਡਿਗ ਪਈ ਹਰਮਲ ਤੋਂ'' ।

ਕਿਤੇ ਕਿਤੇ ਤਾਂ ਹੁਨਰ ਦੀਆਂ ਸਿਖਰਾਂ ਨੂੰ ਛੋਹਿਆ ਹੈ। ਵੇਖੋ, ਸਪੇਰਿਆ ਨੂੰ ਵੀ ਸਪੋਲੀਆਂ ਤੋਂ ਡਰ ਆ ਰਿਹਾ ਹੈ।

''ਵਾਲ ਗੋਰੀ ਦੇ ਬਿਸੀਅਰ ਕਾਲੇ,
ਡਰਦੀ ਮਾਂ ਵੀ ਨਾ ਗੁੰਦੇ।''

ਬਰਾਬਰ ਤੇ ਦੋ ਹਿੰਦੀ ਦੇ ਉੱਤਮ ਨਮੂਨੇ ਵੇਖੋ :

''ਮ੍ਰਿਗ ਨੈਨੀ ਕੀ ਪੀਠ ਪਹਿ ਬੇਨੀ ਸੋਹੇ,
ਮਾਨੋ ਸਾਂਵਰੀ ਸਾਂਪਨਿ ਸੋਇ ਰਹੀ।''
''ਗੋਰੀ ਸੋਏ ਸੇਜ ਪਰ, ਮੁੱਖ ਪਰ ਡਾਰੇ ਕੇਸ।
ਚੱਲ ਖ਼ੁਸਰੋ ਘਰ ਆਪਨੇ, ਰੈਨ ਭਈ ਚਹੁੰ ਦੇਸ।''

ਪੰਜਾਬੀ ਲੋਕ ਗੀਤਾਂ ਵਿਚ ਆਰਥਕ ਮਸਲਾ ਵੀ ਹੈ :

''ਸਾਰੇ ਜੱਟ ਕਰਜਾਈ ਕੀਤੇ, ਪਿੰਡ ਦੇ ਬਾਣੀਏਂ ਨੇ।''

(ਹੁਣ ਜੱਟ ਬੈਂਕਾਂ ਦਾ ਕਰਜ਼ਾਈ ਹੈ।)

''ਛਿੱਲਾਂ ਪੰਦਰਾਂ ਨਾ ਜੱਟ ਹੱਥ ਆਈਆਂ,
ਬੋਹਲ ਸ ਰਾ ਵੇਚ ਸੁੱਟਿਆ।''

"ਜਿਹੜੇ ਬਹੁਤੀਆਂ ਜ਼ਮੀਨਾਂ ਵਾਲੇ,
ਮਾਂਬਲੇ ਨੂੰ ਵੇਖੇ ਜਾਣਗੇ।"

ਏਥੇ ਹੀ ਬੱਸ ਨਹੀਂ। ਗੀਤਾਂ ਵਿਚ ਇਤਿਹਾਸਕ ਇਸਾਰੇ ਵੀ ਮਿਲਦੇ ਹਨ। ਨਮੂਨਾ ਵੇਖੋ :

"ਸੁੱਤੀ ਪਈ ਨੂੰ ਭੈਣੋ ਨੀ, ਮੈਨੂੰ ਸੁਪਨਾ ਆਇਆ।
ਭੈਣੋ ਦਿਹੋ ਵਧਾਈਆਂ ਨੀ, ਝੰਡਾ ਅਟਕਾਂ ਤੇ ਲਾਇਆ।
ਕਤਦਿਆਂ ਕਤਦਿਆਂ ਨੀ, ਮੇਰਾ ਮੋਢਾ ਫੁਰਿਆ।
ਭੈਣੋ ਦਿਹੋ ਵਧਾਈਆਂ ਨੀ, ਸਿੰਘ ਅਟਕਾਂ ਤੋਂ ਤੁਰਿਆ।
ਸੁੱਤੀ ਪਈ ਦੀ ਭੈਣੋ ਨੀ, ਮੇਰੀ ਬੇਸਰ ਹਿੱਲੀ।
ਮੈਨੂੰ ਦਿਹੋ ਵਧਾਈਆਂ ਨੀ, ਸਿੰਘਾਂ ਦਿੱਲੀ ਮੱਲੀ।"

ਮੁੱਕਦੀ ਗੱਲ, ਹਿੰਦੀ ਦਾ ਦੋਹਾ, ਉਰਦੂ ਦੀ ਗਜ਼ਲ ਤੇ ਪੰਜਾਬੀ ਦੇ ਗੀਤ ਦਾ ਕੋਈ ਮੁਕਾਬਲਾ ਨਹੀਂ।

9

ਨਾਟਕ ਲਿਖਣੇ ਤਾਂ ਐਵੇਂ ਮੁਢਲੇ ਤਜਰਬੇ ਹੀ ਸਨ, ਜੋ ਕਦੇ ਵੀ ਨੇਪਰੇ ਨਾ ਚੜ੍ਹੇ। (ਪਿੱਛੋਂ 'ਲਾਹੌਰ ਬੁਕ ਸ਼ਾਪ' ਦੇ ਮਾਲਕ ਸ. ਜੀਵਨ ਸਿੰਘ ਦੀ ਪ੍ਰੇਰਨਾ ਨਾਲ ਮੈਂ ਦੋ ਇਕਾਂਗੀ ਵੀ ਲਿਖੇ। "ਸੰਤ ਲਾਧੋ ਰੇ", ਜੋ ਧਾਰਮਿਕ ਡਿੰਭੀਆਂ ਉਤੇ ਵਿਅੰਗ ਹੈ। ਤੇ "ਲੋਕ ਸੇਵਕ" ਜੋ ਸਿਆਸੀ ਪਾਖੰਡੀਆਂ ਦਾ ਪਾਜ ਖੁਹਲਦਾ ਹੈ।) 'ਮੁੱਲ ਦਾ ਮਾਸ' ਅੱਛਾ ਨਾਟਕ ਸੀ, ਜੇ ਜ਼ਰਾ ਭਾਸ਼ਾ ਨੂੰ ਹੋਰ ਸੋਧਿਆ ਜਾਂਦਾ। ਪਰ ਮੈਨੂੰ ਛੇਤੀ ਹੀ ਸਮਝ ਪੈ ਗਈ, ਕਿ ਨਾਟਕ ਵਿਕਿਆ ਨਹੀਂ ਕਰਦੇ। ਬੱਸ, ਕਿਸੇ ਦਾ ਕੋਰਸ ਵਜੋਂ ਲਗ ਗਿਆ, ਤਾਂ ਮਿਹਨਤ ਪੱਲੇ ਪੈ ਗਈ। ਸਹਿਜ ਸਹਿਜ ਮੈਨੂੰ ਪ੍ਰਕਾਸ਼ਕ ਵੀ ਆਪ ਹੀ ਬਣਨਾ ਪਿਆ। ਇਸ ਵਾਸਤੇ ਮੈਂ ਨਾਟਕ ਲਿਖਣ ਦਾ ਵਿਚਾਰ ਹਮੇਸ਼ਾਂ ਵਾਸਤੇ ਛੱਡ ਦਿੱਤਾ।

ਫਿਰ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਮਾਸਕ ਪੱਤਰਾਂ ਰਾਹੀਂ ਆਪਣਾ ਆਪ ਪ੍ਰਗਟਾਉਣ ਦਾ ਏਹਾ ਵਸੀਲਾ ਸੀ। ਸਭ ਤੋਂ ਪਹਿਲੀ ਕਹਾਣੀ ਮੈਂ 23 ਫ਼ਰਵਰੀ, 1932 ਈ: ਨੂੰ ਲਿਖੀ, "ਵੈਰੀ ਪੁੱਤਰ"। ਮੇਰੇ ਮਾਮਾ ਜੀ ਸ. ਸੰਤ ਸਿੰਘ 'ਵਿਰਕ' (ਪਿੰਡ ਜਗਤਪੁਰਾ, ਜ਼ਿਲਾ ਅੰਮ੍ਰਿਤਸਰ) ਦੇ ਦੋ ਪੁੱਤਰ ਸਨ। ਛੋਟਾ ਅਰਜਣ ਸਿੰਘ ਮੇਰੇ ਨਾਲੋਂ ਉਮਰ ਵਿਚ ਛੇ ਮਹੀਨੇ ਛੋਟਾ ਸੀ, ਪਰ ਵਿੱਦਿਆ ਵਿਚ ਅੱਗੇ। ਦਸਵੀਂ ਪਾਸ ਕਰਨ ਪਿੱਛੋਂ, ਉਹ ਕੋਈ ਛੋਟਾ ਜੇਹਾ ਕੋਰਸ ਕਰਕੇ ਰੇਲਵੇ ਵਿਚ ਕਸੂਰ ਬੁਕਿੰਗ ਕਲਰਕ ਆ ਲੱਗਾ। ਨੇੜੇ ਰਹਿਣ ਕਰਕੇ ਮੇਰਾ ਤੇ ਉਸਦਾ ਗੂਹੜਾ ਪਿਆਰ ਹੋ ਗਿਆ। ਮਾਪਿਆਂ ਦੀ ਬਦਕਿਸਮਤੀ, ਉਹ ਦੋ ਸਾਲ ਤਪਦਿੱਕ ਨਾਲ ਬੀਮਾਰ ਰਹਿ ਕੇ ਗੁਜ਼ਰ ਗਿਆ। ਮਾਪਿਆਂ ਦਾ ਲੱਕ ਟੁੱਟ ਗਿਆ। ਲੰਮੀ ਬੀਮਾਰੀ ਦੇ ਕਾਰਨ ਮਾਪਿਆਂ ਦੀ ਮਾਲੀ ਹਾਲਤ ਉਤੇ ਵੀ ਬੁਰਾ ਅਸਰ ਪਿਆ। ਉਸਦੀ ਮੌਤ ਦਾ ਮੈਨੂੰ ਬਹੁਤ ਅਫ਼ਸੋਸ ਹੋਇਆ। ਸੋ ਉਸ ਬਾਰੇ ਮੈਂ ਪਹਿਲੀ ਕਹਾਣੀ ਲਿਖੀ, ਜੋ (ਸ਼ਾਇਦ) 'ਫੁਲਵਾੜੀ' ਵਿਚ ਛਪੀ। ਤਜਰਬਾ ਨਾ ਹੋਣ ਕਾਰਨ, ਮੈਂ ਸਾਰੇ ਨਾਮ ਤੇ ਅਸਥਾਨ ਸਹੀ ਸਹੀ ਦੇ ਦਿੱਤੇ। ਮੇਰੇ ਮਾਮਾ ਜੀ ਨੇ ਉਹ

ਕਹਾਣੀ ਪੜ੍ਹੀ, ਤਾਂ ਉਹ ਮੇਰੇ ਨਾਲ ਬਹੁਤ ਨਾਰਾਜ਼ ਹੋਏ। ਮੈਂ ਇਕ ਗੱਲ ਸਿੱਖੀ, ਕਿ ਪੁੱਤਰ ਸੁਖਦਾਈ ਹੋਵੇ, ਜਾਂ ਦੁਖਦਾਈ, ਮਾਪਿਆਂ ਦੀ ਮਮਤਾ ਵਿਚ ਫ਼ਰਕ ਨਹੀਂ ਪੈਂਦਾ।

ਜਿਸ ਵੇਲੇ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਸਨ, ਉਸ ਸਮੇਂ ਪੰਜਾਬੀ ਕਹਾਣੀ ਅਜੇ ਬਚਪਨ ਵਿਚ ਖੇਡਦੀ ਸੀ। ਬਾਕੀ ਜਿੰਨ੍ਹਾਂ ਲੇਖਕਾਂ ਦੀਆਂ ਕਹਾਣੀਆਂ ਛਪਦੀਆਂ ਸਨ, ਲਗਭਗ ਉਹ ਵੀ ਏਸੇ ਪੱਧਰ ਦੀਆਂ ਹੁੰਦੀਆਂ ਸਨ।

ਪਰ ਦਿਨਾਂ ਵਿਚ ਹੀ ਪੰਜਾਬੀ ਕਹਾਣੀ ਉਤੇ ਜੋਬਨ ਆ ਗਿਆ। ਸ. ਸੁਜਾਨ ਸਿੰਘ, ਸ. ਕੁਲਵੰਤ ਸਿੰਘ ਵਿਰਕ, ਸ. ਕਰਤਾਰ ਸਿੰਘ ਦੁੱਗਲ, ਜੇਹੇ ਸੁਲਝੇ ਹੋਏ ਕਲਾਕਾਰਾਂ ਨੇ ਛੋਟੀ (ਜਾਂ ਹੁਨਰੀ) ਕਹਾਣੀ ਨੂੰ ਸਿਖਰ 'ਤੇ ਪੁਚਾ ਦਿੱਤਾ ਹੈ। ਅੱਜ ਪੰਜਾਬੀ ਕਹਾਣੀ, ਭਾਰਤ ਦੀ ਕਿਸੇ ਭਾਸ਼ਾ ਦੀ ਕਹਾਣੀ ਨਾਲੋਂ ਵੀ ਪਿੱਛੇ ਨਹੀਂ।

ਮੈਂ ਕੁੱਲ 24 ਕਹਾਣੀਆਂ ਲਿਖੀਆਂ। ਸਾਰੀਆਂ ਦੀਆਂ ਤਾਰੀਖ਼ਾਂ ਹੇਠਾਂ ਦੇ ਦੇਂਦਾ ਹਾਂ।

ਕਹਾਣੀ ਦਾ ਨਾਂ	ਤਾਰੀਖ
1. ਵੈਰੀ ਪੁੱਤਰ	23-2-32 ਈ.
2. ਵਿਲਕਣੀ	27-8-32 ,,
3. ਪ੍ਰੇਮ ਪੂਜਾ	10-11-32 ,,
4. ਮਾਈ ਮੋਹੀ	11-6-33 ,,
5. ਜਨਮ ਸੰਜੋਗ	8-8-33 ,,
6. ਗੁੱਝੀ ਭਾਹ	29-10-33 ,,
7. ਸ਼ਰਤ	11-11-33 ,,
8. ਦੋ ਭੈਣਾਂ	21-1-46 ,,
9. ਬੁੱਤ ਘਾੜਾ	28-1-46 ,,
10. ਅੰਤਰਜਾਮੀ	16-12-46 ,,
11. ਭੁਲੇਖਾ	9-2-53 ,,
12. ਅਗਲੀ ਦਰਗਾਹ	8-3-53 ,,
13. ਪਰ ਅਰਥ ਬਦਲ ਜਾਂਦੇ ਨੇ	12-4-53 ,,
14. ਕਦਰਾਂ ਬਦਲ ਗਈਆਂ	9-5-54 ,,
15. ਕਾਤਲ ਕੌਣ	11-5-54 ,,
16. ਜੇਬ ਕੱਟੀ ਗਈ	23-5-54 "
17. ਟੁੰਡੀ ਲਾਟ	29-9-54 "
18. ਅਜੇ ਦੀਵਾ ਬਲ ਰਿਹਾ ਸੀ	23-12-54 "
19. ਖ਼ੁਸ਼ ਕਿਸਮਤ ਕਿ......	25-10-55 "
20. ਪਿਤਾ ਪੁਰਖੀ ਕਿੱਤਾ	24-11-55 "
21. ਦੁਨੀਆਂ ਬਦਲ ਗਈ	20-4-56 "
22. ਬਾਬਾ ਪਰੀ	22-4-56 "

23. ਸੰਤ ਜੀ 30-9-56 "
24. ਕੁਵੇਲੇ ਦੀਆਂ ਟੱਕਰਾਂ 1-2-58 "

(ਇਹਨਾਂ ਵਿਚੋਂ ਨੰ: 1, 7, 8, 10 ਤੇ 24 ਸੱਚੀਆਂ ਘਟਨਾਵਾਂ 'ਤੇ ਆਧਾਰਤ ਹਨ)

ਇਹ ਸਾਰੀਆਂ ਹੀ ਸਮੇਂ ਸਮੇਂ ਸਿਰ ਪੰਜਾਬੀ ਮਾਸਕ ਪੱਤਰਾਂ ਵਿਚ ਛਪਦੀਆਂ ਰਹੀਆਂ। ਕੁਛ ਕਹਾਣੀਆਂ ਹਿੰਦੀ ਦੇ ਪ੍ਰਸਿੱਧ ਮਾਸਕ ਪੱਤਰ 'ਨਵਨੀਤ' ਵਿਚ ਵੀ ਛਪੀਆਂ।

ਪਹਿਲੀ ਕਹਾਣੀ 'ਵੈਰੀ ਪੱਤਰ' ਬਦਲੇ ਤਾਂ ਸਿਰਫ਼ ਝਿੜਕਾਂ ਹੀ ਪਈਆਂ ਸਨ, ਪਰ 'ਸੰਤ ਜੀ' ਬਦਲੇ ਤਾਂ ਬਹੁਤ ਹੀ ਕੌੜੀਆਂ ਕਸੈਲੀਆਂ ਸਹਿਣੀਆਂ ਪਈਆਂ। 'ਗਾਹਲਾਂ' ਹੀ ਸਮਝ ਲਵੋ। ਉਸ ਕਹਾਣੀ ਵਿਚ ਪਖੰਡੀ ਸਾਧਾਂ ਦਾ ਬੁਰਕਾ ਚੁਕਿਆ ਹੈ। ਸੋ ਉਹਨਾਂ ਦੇ ਚੇਲਿਆਂ ਵੱਲੋਂ ਇਹ ਕੁਛ ਸੁਣਨਾ ਹੀ ਪੈਣਾ ਸੀ।

ਫਿਰ ਮੈਂ ਕਹਾਣੀ ਲਿਖਣੀ ਅਸਲੋਂ ਹੀ ਛਡ ਦਿੱਤੀ। ਵੱਡਾ ਕਾਰਨ ਇਹ ਸੀ, ਕਿ ਜੋ ਕੁਛ ਮੈਂ ਕਹਿਣਾ ਚਾਹੁੰਦਾ ਸਾਂ, ਉਹ ਕਹਾਣੀ ਦੇ ਆਕਾਰ ਵਿਚ ਸਮਾਉਂਦਾ ਨਹੀਂ ਸੀ। ਮੇਰੇ ਵਿਚਾਰ ਸਥਿਰ ਹੋ ਚੁਕੇ ਸਨ। ਭਾਵ, ਡਾਵਾਂ ਡੋਲ ਨਹੀਂ ਸਨ। ਮੈਂ ਪਾਠਕਾਂ ਨੂੰ ਕੁਛ ਕਹਿਣਾ ਚਾਹੁੰਦਾ ਸਾਂ। ਪਰ ਕਹਾਣੀ ਦਾ ਮਾਧਯਮ ਉਸ ਵਾਸਤੇ ਕਾਫ਼ੀ ਨਹੀਂ ਸੀ। ਸੋ, ਮੈਨੂੰ ਨਾਵਲ ਦਾ ਸਹਾਰਾ ਲੈਣਾ ਪਿਆ।

10

ਨਾਵਲਾਂ ਨਾਲੋਂ ਪਹਿਲਾਂ 'ਵਾਰ ਸਾਹਿੱਤ' ਤੇ 'ਇਤਿਹਾਸ' ਬਾਰੇ ਲਿਖਣਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਮੈਂ 'ਢਾਡੀ' ਹਾਂ। ਫਿਰ 'ਸਿੱਖ ਇਤਿਹਾਸ ਦਾ ਲੇਖਕ' ਤੇ ਫਿਰ 'ਨਾਵਲਕਾਰ'।

ਢਾਡੀਆਂ ਦਾ ਹੁਨਰ ਬਹੁਤ ਪੁਰਾਣਾ ਹੈ। ਸ਼ਾਇਦ ਓਨਾ ਹੀ ਪੁਰਾਣਾ, ਜਿੰਨੀ ਪੁਰਾਣੀ ਮਨੁੱਖੀ ਸੱਭਯਤਾ। ਮਨੁੱਖ ਕਬੀਲਿਆਂ ਵਿਚ ਵੱਸਣ ਲੱਗਾ, ਤੇ ਆਪੋ ਆਪਣੀ ਮਾਲਕੀ ਦਾ ਸਵਾਲ ਵੀ ਪੈਦਾ ਹੋਇਆ। ਮਾਲਕੀ ਦੇ ਮੋਹ ਨਾਲ ਲੜਾਈਆਂ ਦਾ ਸ਼ੁਰੂ ਹੋ ਜਾਣਾ ਸੁਭਾਵਕ ਸੀ। ਦੋ ਕਬੀਲਿਆਂ ਵਿਚ ਜੰਗ ਹੁੰਦੀ। ਜਿਹੜਾ ਕਬੀਲਾ ਹਾਰ ਜਾਂਦਾ, ਉਸਦੇ ਗੱਭਰੂ ਬੇ-ਹੌਂਸਲਾ ਹੋ ਜਾਂਦੇ। ਲੋੜ ਪੈਂਦੀ, ਕਿ ਕੋਈ ਉਹਨਾਂ ਦੀ ਹਾਰੀ ਹੋਈ ਹਿੰਮਤ ਨੂੰ ਨਵੇਂ ਸਿਰਿਓਂ ਟੁੰਬ ਕੇ ਜਗਾਵੇ। ਤੇ ਇਹ ਕਰਤਵ 'ਕਲਾਕਾਰ' ਦਾ ਸੀ।

ਇਹਨਾਂ ਲੜਾਈ ਝਗੜਿਆਂ ਵਿਚ ਕੁਝ ਕਬੀਲੇ ਜੰਗ-ਜੂ ਬਣ ਗਏ, ਤੇ ਕੁਛ ਲੋਕ ਉਹਨਾਂ ਦੇ ਅਧੀਨ ਹੋ ਕੇ ਵੱਸਣ ਦੇ ਆਦੀ ਹੋ ਗਏ। ਫਿਰ ਲੜਾਈਆਂ ਸਰਦਾਰ (ਹੁਕਮਰਾਨ) ਕਬੀਲਿਆਂ ਵਿਚ ਹੀ ਰਹਿ ਗਈਆਂ। ਹਾਰਨ ਵਾਲੇ ਸਰਦਾਰਾਂ ਨੂੰ 'ਭੱਟ' ਉਹਨਾਂ ਦੇ ਵੱਡ-ਵਡੇਰਿਆਂ ਦੀਆਂ ਬਹਾਦਰੀਆਂ ਦੀਆਂ ਵਾਰਤਾਵਾਂ ਸੁਣਾ ਕੇ ਨਵੇਂ ਸਿਰਿਓਂ ਪ੍ਰੇਰਨਾ ਦੇਂਦੇ। ਓਹਾ 'ਭੱਟ' ਪਿੱਛੋਂ ਵੱਖ ਵੱਖ ਸੂਰਤਾਂ ਵਿਚ ਸਾਡੇ ਸਾਮ੍ਹਣੇ ਆਏ।

ਰਾਜਸਥਾਨ ਵਿਚ ਰਾਜਪੂਤ ਘਰਾਣੇ ਉਭਰੇ, ਤਾਂ ਓਥੇ ਭੱਟਾਂ ਦੇ ਹੁਨਰ ਦੀ ਵੀ ਕਦਰ ਵਧੀ। ਹਰ ਘਰਾਣੇ ਦਾ ਵੱਖਰਾ ਭੱਟ ਸੀ। ਉਹ ਭੱਟ ਆਪਣੇ ਸਰਦਾਰ (ਜਜਮਾਨ)

ਨੂੰ ਛੱਡ ਕੇ ਕਿਸੇ ਹੋਰ ਦੇ ਬੂਹੇ 'ਤੇ ਨਹੀਂ ਸੀ ਜਾਂਦਾ । ਕਿਸੇ ਹੋਰ ਦੇ ਦੁਆਰੇ ਜਾਣਾ ਉਹਦੇ ਵਾਸਤੇ ਬਹੁਤ ਵੱਡਾ ਉਲਾਹਮਾ ਮੰਨਿਆਂ ਜਾਂਦਾ ਸੀ ।

'ਗਉੜੀ' ਦੀ ਵਾਰ ਵਿਚ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

"ਢਾਡੀ ਦਰਿ ਪ੍ਰਭ ਮੰਗਣਾ, ਦਰੁ ਕਦੇ ਨ ਛੋਡੇ ।
ਨਾਨਕ ਮਨਿ ਤਨਿ ਚਾਉ ਇਹੁ, ਨਿਤ ਪ੍ਰਭ ਕਉ ਲੋੜੇ ।"

ਉਹਨਾਂ ਭੱਟਾਂ ਦੀਆਂ ਅੱਗੇ ਚੱਲ ਕੇ ਦੋ ਸ਼ਾਖ਼ਾਂ ਹੋ ਗਈਆਂ । ਬਹੁਤੇ ਭੱਟ ਆਪਣੇ ਸਰਦਾਰ ਦੇ ਦਰਬਾਰ ਵਿਚ ਖਲੋ ਕੇ ਕਬਿੱਤ ਸਵੱਯੇ ਪੜ੍ਹਦੇ, ਜਿਨ੍ਹਾਂ ਵਿਚ ਉਸ ਘਰਾਣੇ ਦੇ ਵੱਡਿਆਂ ਦੀ ਉਸਤਤ ਕੀਤੀ ਹੁੰਦੀ ।

ਕੁਛ ਭੱਟਾਂ ਨੇ ਦੋ ਦੋ, ਤਿੰਨ-ਤਿੰਨ ਦੀਆਂ ਜੋਟੀਆਂ ਵਿਚ ਮਿਲ ਕੇ ਸਾਜ਼ਾਂ ਨਾਲ ਗਾਉਣਾ ਸ਼ੁਰੂ ਕਰ ਦਿੱਤਾ । ਵਿਸ਼ਾ-ਵਸਤੂ ਓਹਾ ਸੀ, ਆਪਣੇ ਸਰਦਾਰ ਕੀ ਉਸਤਤ ਕਰਨਾ । ਰਾਜਸਥਾਨ ਵਿਚ ਸਾਜ਼ਾਂ ਨਾਲ ਗਾਉਣ ਵਾਲਿਆਂ ਵਾਸਤੇ ਸ਼ਬਦ 'ਘੜਕਾ' ਪੈ ਗਿਆ । ਓਹਾ 'ਘੜਕਾ' ਅਖਵਾਉਣ ਵਾਲੇ ਗਾਇਕ ਪੰਜਾਬ ਵਿਚ ਆ ਕੇ 'ਢਾਡੀ' ਬਣ ਗਏ ।

ਪੰਜਾਬ ਵਿਚ ਵੱਸਣ ਵਾਲੇ ਜੱਟਾਂ ਦੀਆਂ ਬਹੁਤੀਆਂ ਗੋਤਾਂ ਰਾਜਸਥਾਨ (ਖ਼ਾਸ ਕਰ ਜੈਸਲਮੇਰ) ਵਿਚੋਂ ਆਈਆਂ ਹਨ । ਉਹਨਾਂ ਦੇ ਨਾਲ ਉਹਨਾਂ ਦੇ ਖ਼ਾਨਦਾਨੀ ਭੱਟ ਵੀ ਆ ਗਏ । ਰਾਜਸਥਾਨ ਵਿਚੋਂ ਆਉਣ ਵਾਲੇ ਲੋਕਾਂ ਦੀ ਏਥੇ ਆ ਕੇ ਸ਼੍ਰੇਣੀ ਵੰਡ ਨਵੇਂ ਸਿਰਿਓਂ ਹੋ ਗਈ । ਰਾਜਪੂਤ, ਛੱਤਰੀ ਜਾਂ ਜੱਟ ਉਹਨਾਂ ਰਾਜਸਥਾਨੀਆਂ ਦਾ ਹੀ ਬਦਲਿਆ ਹੋਇਆ ਰੂਪ ਹਨ । 'ਘੜਕਾ' ਦਾ ਬਦਲਿਆ ਹੋਇਆ ਰੂਪ ਹੈ 'ਢਾਡੀ' । ਏਧਰ ਆ ਕੇ ਉਹਨਾਂ ਦੇ ਸਾਜ਼ ਵੀ ਬਦਲ ਗਏ । ਪੁਰਾਤਨ ਸਾਜ਼ ਸਨ 'ਸਰੰਦਾ' ਤੇ 'ਮਰਦੰਗ' । ਪਿੱਛੋਂ ਸਰੰਦੇ ਦੀ ਥਾਂ ਸਾਰੰਗੀ ਤੇ ਮਰਦੰਗ ਦੀ ਥਾਂ ਢੱਡ ਨੇ ਲੈ ਲਈ ।

ਭਾਰਤ ਦੇ ਬਹੁਤ ਸਾਰੇ ਹਿੱਸੇ ਉਤੇ ਇਸਲਾਮੀ ਰਾਜ ਹੋ ਗਿਆ, ਤੇ ਬਹੁਤ ਸਾਰੇ ਭੱਟ ਮੁਸਲਮਾਨ ਬਣ ਗਏ । ਕਿਉਂਕਿ ਉਹਨਾਂ ਦੀ ਰੋਟੀ ਹੁਕਮਰਾਨਾਂ ਦੇ ਹੱਥ ਸੀ । ਜਿਹੜੇ ਭੱਟ ਮੁਸਲਮਾਨ ਬਣ ਗਏ, ਉਹ ਕੁਛ ਮੀਰਾਸੀ ਤੇ ਬਹੁਤੇ ਸ਼ੇਖ਼ (ਬਿਰਾਦੀ) ਅਖਵਾਉਣ ਲੱਗ ਪਏ, ਪਰ ਉਹਨਾਂ ਦਾ ਪਿਤਾ-ਪੁਰਖੀ ਕਿੱਤਾ ਓਹਾ ਰਿਹਾ, ਵਾਰਾਂ ਗਾਉਣਾ । 'ਸਿੰਘ ਸਭਾ' ਲਹਿਰ ਤੋਂ ਪਹਿਲਾਂ ਪੰਜਾਬ ਵਿਚ ਢਾਡੀ ਬਹੁਤੇ ਸ਼ੇਖ਼ ਹੀ ਹੁੰਦੇ ਸਨ ।

ਢਾਡੀ ਦਾ ਅਰਥ ਹੈ 'ਜੱਸ ਗਾਉਣ ਵਾਲਾ' । ਤੇ 'ਵਾਰ' ਕਵਿਤਾ ਦਾ ਉਹ ਨਮੂਨਾ ਹੁੰਦਾ ਹੈ, ਜਿਸ ਵਿਚ ਕਿਸੇ ਨਾ ਕਿਸੇ ਢੰਗ ਨਾਲ ਮੁੱਖ-ਨਾਇਕ ਦਾ ਜੱਸ ਗਾਇਆ ਜਾਵੇ । 'ਵਾਰ' ਦਾ ਸ਼ਬਦੀ ਅਰਥ ਮੈਂ 'ਵਾਰਤਾ' ਲੈਂਦਾ ਹਾਂ । ਜੋ ਫ਼ਰਕ 'ਨਾਵਲ' ਤੇ ਛੋਟੀ 'ਕਹਾਣੀ' ਵਿਚ ਹੈ, ਓਹਾ ਫ਼ਰਕ 'ਮਹਾਂਕਾਵਿ' ਤੇ 'ਵਾਰ' ਵਿਚ ਹੈ । ਵਾਰ ਵਿਚ ਜੀਵਨ ਦੇ ਕਿਸੇ ਖ਼ਾਸ ਹਿੱਸੇ ਜਾਂ ਘਟਨਾ ਦਾ ਵਰਨਣ ਹੁੰਦਾ ਹੈ ।

ਪੁਰਾਤਨ ਸਮੇਂ ਵਿਚ ਪ੍ਰਸਿੱਧ ਕਬੀਲਿਆਂ ਦੇ ਆਪਣੇ ਆਪਣੇ ਉਚੇਚੇ 'ਢਾਡੀ' ਹੁੰਦੇ ਸਨ । ਤੇ ਢਾਡੀ ਦਾ ਪਹਿਲਾ ਫ਼ਰਜ਼ ਹੁੰਦਾ ਸੀ ਆਪਣੇ ਮਾਲਕ ਨੂੰ ਖ਼ੁਸ਼ ਕਰਨਾ । ਦੂਸਰੇ ਸ਼ਬਦਾਂ ਵਿਚ ਅਮਨ ਦੇ ਸਮੇਂ ਕੇਵਲ ਵੱਡੇ ਲੋਕਾਂ ਦੇ ਮਨੋਰੰਜਨ ਵਾਸਤੇ ਵਾਰਾਂ ਗਾਈਆਂ ਜਾਂਦੀਆਂ ਸਨ । ਇਸ ਮਨੋਰਥ ਨੂੰ ਪੂਰਾ ਕਰਨ ਵਾਸਤੇ ਢਾਡੀਆਂ ਨੇ ਸ਼ਿੰਗਾਰ ਰਸ, ਪਿਆਰ

ਪ੍ਰੀਤ ਦੀਆਂ ਵਾਰਾਂ ਲਿਖ ਕੇ ਗਾਣੀਆਂ। ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਵਾਲ, ਮਿਰਜ਼ਾ ਸਾਹਿਬਾਂ, ਆਦਿ ਇਸ ਦੀਆਂ ਚੰਗੀਆਂ ਉਦਾਹਰਣਾਂ ਹਨ।

ਬੀਰ ਰਸ ਤੇ ਸ਼ਿੰਗਾਰ ਰਸ ਹੀ ਨਹੀਂ, ਵਾਰ ਵਿਚ ਕਰੁਣਾ ਰਸ ਵੀ ਆ ਗਿਆ। ਜਿਵੇਂ ਰਾਜਾ ਹਰੀਚੰਦ ਤੇ ਪੂਰਨ ਭਗਤ ਦੀ ਕਥਾ।

ਜਿਸ ਤਰ੍ਹਾਂ ਆਸਾ, ਭੈਰਵੀ, ਤਿਲੰਗ, ਮਲਾਰ ਆਦਿ ਸਾਡੇ ਪੁਰਾਤਨ (ਕਲਾਸੀਕਲ) ਰਾਗ ਹਨ, ਉਸੇ ਤਰ੍ਹਾਂ ਢਾਡੀਆਂ ਦੀਆਂ ਵੀ ਕਲਾਸੀਕਲ ਧੁਨਾਂ (ਰਾਗ) ਹਨ। ਕਿਸੇ ਢਾਡੀ ਨੇ ਵਖਰੀ 'ਲੈਅ' ਵਿਚ 'ਹੀਰ' ਦੀ ਕਹਾਣੀ ਲਿਖੀ ਤੇ ਗਾਈ। ਉਹ ਤਰਜ਼ ਏਨੀ ਪ੍ਰਸਿੱਧ ਹੋਈ, ਕਿ ਉਸ 'ਧੁਨ' (ਲੈਅ) ਦਾ ਨਾਮ 'ਹੀਰ' (ਜਾਂ ਕਲੀ) ਪੈ ਗਿਆ। ਏਸੇ ਤਰ੍ਹਾਂ ਮਿਰਜ਼ਾ, ਦੁੱਲਾ, ਸੱਸੀ, ਸੋਹਣੀ, ਮਲਕੀ, ਪੂਰਨ, ਰਾਠੌਰ ਆਦਿ ਧੁਨਾ ਨੂੰ ਢਾਡੀਆਂ ਦੇ ਕਾਲਸੀਕਲ ਰਾਗ ਮੰਨਣਾ ਚਾਹੀਦਾ ਹੈ। ਇਹਨਾਂ ਦਾ ਸੰਬੰਧ 'ਸਮੇਂ' ਨਾਲੋਂ ਕਹਾਣੀ ਦੇ ਵਿਸ਼ੇ-ਵਸਤੂ ਨਾਲ ਵਧੇਰੇ ਹੁੰਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਰਾਗੀਆਂ ਤੇ ਕਥਾਕਾਰਾਂ ਦੇ ਨਾਲ ਨਾਲ ਸਿਪਾਹੀ-ਸਿੱਖਾਂ ਵਾਸਤੇ ਢਾਡੀਆਂ ਦੀ ਲੋੜ ਵੀ ਸਮਝੀ। ਠੰਢੇ ਪੈ ਚੁੱਕੇ ਲਹੂ ਨੂੰ ਜਿੰਨਾ ਢਾਡੀ ਗਰਮਾ ਸਕਦਾ ਹੈ, ਰਾਗੀ ਨਹੀਂ। ਏਸੇ ਗੱਲ ਨੂੰ ਮੁੱਖ ਰੱਖ ਕੇ ਛੇਵੇਂ ਪਾਤਸ਼ਾਹ ਨੇ ਢਾਡੀਆਂ ਨੂੰ ਸਿੱਖ-ਸਟੇਜ 'ਤੇ ਲਿਆਂਦਾ। ਮਹਾਰਾਜ ਨੇ ਨੱਗਰ 'ਸੁਰਸਿੰਘ' ਦੇ ਰਹਿਣ ਵਾਲੇ ਪ੍ਰਸਿੱਧ ਢਾਡੀ ਨੱਥਾ ਤੇ ਅਬਦੁੱਲਾ ਨੂੰ ਬੁਲਾ ਕੇ ਉਹਨਾਂ ਕੋਲੋਂ ਬੀਰ ਰਸ ਦੀਆਂ ਵਾਰਾਂ ਸੁਣੀਆਂ। ਜਿੱਥੇ ਉਹਨਾਂ ਪੁਰਾਤਨ ਯੋਧਿਆਂ ਦੀਆਂ ਵਾਰਾਂ ਸੁਣਾਈਆਂ, ਓਥੇ ਗੁਰੂ ਮਹਾਰਾਜ ਦੇ ਜੱਸ ਵਜੋਂ ਵੀ ਕੁਛ ਪਉੜੀਆਂ ਰਚ ਕੇ ਸੁਣਾਈਆਂ।

[ਅਫ਼ਸੋਸ, ਗੁਰੂ-ਜੱਸ ਬਾਰੇ ਉਹ ਰਚੀਆਂ ਪਉੜੀਆਂ ਇਸ ਵੇਲੇ ਕਿਤੇ ਨਹੀਂ ਮਿਲਦੀਆਂ। ਇਕ ਵਾਰ ਮੈਂ ਆਪਣੇ ਢਾਡੀ ਜੱਥੇ ਸਮੇਤ ਪਿੰਡ 'ਨਰਵੜ' (ਹੁਣ ਪਾਕਿਸਤਾਨ, ਜ਼ਿਲ੍ਹਾ ਲਾਹੌਰ) ਦੀਵਾਨ 'ਤੇ ਗਿਆ। ਅਸੀਂ ਕੀਰਤਨ ਕਰਕੇ ਆਪਣੇ ਡੇਰੇ 'ਤੇ ਚਲੇ ਗਏ। ਸਾਥੋਂ ਪਿੱਛੋਂ ਭਾਈ 'ਰੰਗੀਲਾ' (ਰਬਾਬੀ, ਪਿੰਡ ਰੋੜਾਂ ਵਾਲਾ) ਦਾ ਵਕਤ ਸੀ। ਉਹਨਾਂ ਕੁਛ ਪਉੜੀਆਂ ਸੁਣਾਈਆਂ, ਤੇ ਦਾਅਵਾ ਕੀਤਾ, ਕਿ ਇਹ ਪਉੜੀਆਂ ਹਨ, ਜੋ ਢਾਡੀ ਅਬਦੁੱਲਾ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਜੱਸ ਵਿਚ ਗਾਈਆਂ ਸਨ। ਮੈਨੂੰ ਪਤਾ ਲੱਗਾ, ਤਾਂ ਮੈਂ ਆਪ ਭਾਈ 'ਰੰਗੀਲਾ' ਪਾਸ ਗਿਆ। ਮੈਂ ਬੜੀ ਸ਼ਰਧਾ ਨਾਲ ਬੇਨਤੀ ਕੀਤੀ, ਕਿ ਉਹ ਮੈਨੂੰ ਪਉੜੀਆਂ ਲਿਖਾ ਦੇਣ, ਤੇ ਮੈਂ ਉਹਨਾਂ ਦੇ ਹਵਾਲੇ ਸਹਿਤ ਕਿਸੇ ਗ੍ਰੰਥ ਵਿਚ ਛਾਪ ਦਿਆਂਗਾ। ਪਰ ਭਾਈ ਰੰਗੀਲਾ ਜੀ ਨੇ ਮੇਰੀ ਬੇਨਤੀ ਪਰਵਾਨ ਨਾ ਕੀਤੀ। ਅਖੀਰ ਮੈਂ ਇਕ ਵਾਰ ਸੁਣਾ ਦੇਣ ਵਾਸਤੇ ਕਿਹਾ, ਤਾਂ ਉਹਨਾਂ ਸੁਣਾਉਣ ਤੋਂ ਵੀ ਇਨਕਾਰ ਕਰ ਦਿੱਤਾ।]

ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੇ ਦਰਬਾਰ ਵਿਚ ਢਾਡੀਆਂ ਨੂੰ ਹੋਰ ਵੀ ਆਦਰ-ਮਾਣ ਬਖ਼ਸ਼ਿਆ। ਨਾਲ ਹੀ ਜ਼ਾਤ-ਬਰਾਦਰੀ ਦੇ ਵਲਗਣ ਵਿਚੋਂ ਨਿਕਲ ਕੇ ਆਮ ਸਿੱਖਾਂ ਨੂੰ ਢਾਡੀ ਬਣਨ ਵਾਸਤੇ ਪ੍ਰੇਰਿਆ।

(ਪਰ 'ਸਿੰਘ ਸਭਾ' ਲਹਿਰ ਤੋਂ ਪਿਛੋਂ ਹੀ ਸਿੱਖ ਢਾਡੀ ਬਣੇ। ਨਹੀਂ ਤਾਂ ਇਹ ਹੁਨਰ ਮਿਰਾਈਆਂ ਦੇ ਹੱਥ ਹੀ ਰਿਹਾ।)

ਸਿੱਖ ਸਟੇਜ ਦੇ ਢਾਡੀਆਂ ਤੇ ਬਾਹਰ ਦੇ ਪੁਰਾਣੇ (ਹੀਰ, ਮਿਰਜ਼ਾ, ਦੁੱਲਾ) ਗਾਉਣ ਵਾਲੇ ਢਾਡੀਆਂ ਵਿਚ ਇਕ ਮੁੱਢਲਾ ਫ਼ਰਕ ਹੈ। ਪੁਰਾਣੇ ਢਾਡੀ ਅਖਾੜੇ ਦੇ ਵਿਚਕਾਰ ਖਲੋ ਕੇ ਗਾਉਂਦੇ ਸਨ। ਸਰੋਤੇ ਉਹਨਾ ਦੇ ਉਦਾਲੇ ਘੇਰਾ ਪਾਈ ਬੈਠੇ ਸੁਣਦੇ ਸਨ। ਢਾਡੀ ਛੰਦ ਦੀ ਚਾਲ ਬਦਲਣ ਵਾਸਤੇ ਤਿੰਨ-ਚਾਰ ਕਹਾਣੀਆਂ ਇਕੱਠੀਆਂ ਸ਼ੁਰੂ ਕਰ ਲੈਂਦੇ ਸਨ। ਇਕ ਪਾਸੇ ਹੀਰ ਕਹੀ ਹੈ, ਤਾਂ ਦੂਸਰੇ ਪਾਸੇ ਮਿਰਜ਼ਾ ਸ਼ੁਰੂ ਕਰ ਦਿੱਤਾ। ਤੀਜੇ ਪਾਸੇ ਦੁੱਲਾ ਜਾਂ ਪੂਰਨ ਕਹਿ ਦਿੱਤਾ। ਇਸ ਤਰ੍ਹਾਂ ਛੰਦਾਂ ਦੀਆਂ ਚਾਲਾਂ ਤੇ ਤਰਜ਼ਾਂ ਬਦਲ ਕੇ ਨਵੀਂ ਵੰਨਗੀ ਪੈਦਾ ਕਰ ਲਈ। ਫਿਰ ਉਹਨਾਂ ਢਾਡੀਆਂ ਵਾਸਤੇ ਕੋਈ ਵੀ ਕਹਾਣੀ ਸਮਾਪਤ ਕਰਨੀ ਜ਼ਰੂਰੀ ਨਹੀਂ ਸੀ। ਉਹ ਵਾਰਾਂ ਬਹੁਤ ਲੰਮੀਆਂ ਹੁੰਦੀਆਂ ਸਨ, ਜੋ ਇਕ ਬੈਠਕ ਵਿਚ ਪੂਰੀਆਂ ਨਹੀਂ ਸਨ ਹੋ ਸਕਦੀਆਂ।

ਸਿੱਖ ਢਾਡੀ ਸਟੇਜ ਉਤੇ ਖਲੋ ਕੇ ਗਾਉਂਦਾ ਹੈ। ਸੰਗਤ ਸਾਰੀ ਉਸਦੇ ਸਾਮ੍ਹਣੇ ਬੈਠੀ ਹੁੰਦੀ ਹੈ। ਇਸ ਲਈ ਉਸ ਨੂੰ ਆਪਣਾ ਢੰਗ ਬਦਲਣਾ ਪੈ ਗਿਆ। ਨਾਲ ਹੀ, ਸਿਰਫ਼ ਇਕ ਸਾਖੀ (ਪਰਸੰਗ) ਸੁਨਾਉਣ ਦਾ ਰਿਵਾਜ ਪੈ ਗਿਆ। ਸੋ, ਇਕ ਵਾਰ ਵਿਚ ਪਰਸੰਗ ਅਨੁਸਾਰ ਉਸਨੇ ਛੰਦਾਂ ਦੀਆਂ ਚਾਲਾਂ ਤੇ ਧੁਨੀਆਂ ਬਦਲ ਕੇ ਤਰਜ਼ਾਂ ਵਿਚ ਵੰਨਗੀ ਪੈਦਾ ਕਰ ਲਈ।

'ਸਿੱਖ ਢਾਡੀ' ਦਾ ਇਕ ਉਚੇਚਾ ਫ਼ਰਜ਼ ਵੀ ਹੈ। (ਮੇਰੇ ਵਿਚਾਰ ਅਨੁਸਾਰ ਹਰ ਢਾਡੀ 'ਸਿੱਖ ਢਾਡੀ' ਨਹੀਂ ਹੁੰਦਾ, ਭਾਵੇਂ ਉਹ ਸਿੱਖ ਵੀ ਕਿਉਂ ਨਾ ਹੋਵੇ।) ਤੇ ਉਸ ਫ਼ਰਜ਼ ਬਾਰੇ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ :

''ਢਾਡੀ ਤਿਸ ਨੋ ਆਖੀਐ, ਜਿ ਖਸਮੈ ਧਰੇ ਪਿਆਰੁ।
ਦਰਿ ਖੜਾ ਸੇਵਾ ਕਰੇ, ਗੁਰ ਸਬਦੀ ਵਿਚਾਰੁ।''

ਇਸ ਪ੍ਰਮਾਣ ਦਾ ਸੰਬੰਧ ਢਾਡੀ ਦੇ ਆਚਰਣ ਤੇ ਧਾਰਮਿਕ ਭਾਵਨਾ ਨਾਲ ਹੈ।

ਇਸ ਸਮੇਂ ਪੰਜਾਬੀ ਵਿਚ ਦੋ ਢੰਗ ਦੀਆਂ ਵਾਰਾਂ ਲਿਖੀਆਂ ਜਾਂਦੀਆਂ ਹਨ। ਇਕ ਤਾਂ ਕਵੀ ਦਰਬਾਰਾਂ ਵਿਚ ਪੜ੍ਹਨ ਵਾਸਤੇ। ਇਸ 'ਵਾਰ' ਦੇ ਛੰਦ ਦੀ ਚਾਲ ਇਕੋ ਹੁੰਦੀ ਹੈ, ਤੇ ਲੰਬਾਈ ਵਿਚ ਵੀ ਬਹੁਤੀ ਲੰਮੀ ਨਹੀਂ ਹੁੰਦੀ। ਇਹ ਢਾਡੀਆਂ ਦੀ ਲੋੜ ਪੂਰੀ ਨਹੀਂ ਕਰਦੀ। ਇਕ ਵਾਰ ਪਟਿਆਲਾ ਤੋਂ ਮੈਨੂੰ ਬੁਲਾਵਾ ਆਇਆ। ਉਹ 'ਰਾਣੀ ਸਾਹਿਬ ਕੌਰ' ਦਾ ਦਿਨ ਮਨਾ ਰਹੇ ਸਨ। ਨਾਲ ਹੀ ਕਿਸੇ ਪ੍ਰਸਿੱਧ ਕਵੀ ਦੀ ਲਿਖੀ ਵਾਰ ਵੱਲ ਇਸ਼ਾਰਾ ਸੀ, ਕਿ ਮੈਂ ਉਹ ਸੁਣਾਵਾਂ। ਮੈਂ ਉਤਰ ਵਿਚ ਲਿਖਿਆ ਕਿ ਉਹ ਵਾਰ ਢਾਡੀਆਂ ਦੀ ਲੋੜ ਪੂਰੀ ਨਹੀਂ ਕਰਦੀ। ਮੈਂ ਆਪਣੀ ਲਿਖੀ ਵਾਰ ਸੁਣਾਵਾਂਗਾ। ਸੋ ਮੈਂ 'ਰਾਣੀ ਸਾਹਿਬ ਕੌਰ' ਦੀ ਵਾਰ ਲਿਖੀ ਤੇ ਸੁਣਾਈ।

ਬਾਹਰ ਦੀਆਂ ਵਾਰਾਂ ਗਾਉਣ ਵਾਲੇ ਵਾਸਤੇ ਕਿਸੇ ਇਖ਼ਲਾਕੀ ਬੰਦਸ਼ ਦੀ ਲੋੜ ਨਹੀਂ ਹੁੰਦੀ। ਉਹ ਸ਼ਰਾਬ ਪੀਵੇ, ਰੋਮਾਂਟਿਕ ਨੰਗੇ ਇਸ਼ਾਰੇ ਕਰੇ, ਜਾਂ ਵਾਸ਼ਨਾ ਭੜਕਾਊ ਸ਼ਬਦ ਵਰਤੇ, ਉਸਨੂੰ ਸਭ ਕੁਛ ਮਾਫ਼ ਹੈ। ਮਗਰ ਸਿੱਖ ਢਾਡੀ ਧਾਰਮਿਕ ਪ੍ਰਚਾਰਕ ਮੰਨਿਆਂ ਜਾਂਦਾ ਹੈ। ਉਹ ਜਿੰਨਾ ਰਹਿਤ ਮਰਯਾਦਾ ਵਿਚ ਪੱਕਾ ਹੋਵੇਗਾ, ਓਨਾ ਹੀ ਉਸਦਾ ਸਤਕਾਰ ਹੋਵੇਗਾ।

ਫਿਰ ਧਾਰਮਿਕ ਵਾਰ ਲਿਖਣ ਵਾਲੇ ਵਾਸਤੇ ਇਹ ਵੀ ਜ਼ਰੂਰੀ ਹੈ, ਕਿ ਉਹ ਆਪਣੇ

ਧਰਮ (ਭਾਵ ਗੁਰਬਾਣੀ) ਤੇ ਇਤਿਹਾਸ ਤੋਂ ਚੰਗਾ ਜਾਣੂ ਹੋਵੇ। ਉਸਨੂੰ ਗਵਾਂਢੀ ਧਰਮਾਂ ਦਾ ਵੀ ਕੁਛ ਗਿਆਨ ਹੋਵੇ ਤਾਂ ਵਧੇਰੇ ਚੰਗਾ ਹੈ।

ਮੇਰਾ ਨਿਸ਼ਚਾ ਹੈ, ਕਿ ਜਿੰਨ੍ਹਾਂ ਚਿਰ ਗੁਰਬਾਣੀ ਦਾ ਗਿਆਨ ਨਾ ਹੋਵੇ, ਓਨਾ ਚਿਰ ਇਤਿਹਾਸ (ਖ਼ਾਸ ਕਰ ਸਤਿਗੁਰਾਂ ਦੇ ਇਤਿਹਾਸ) ਨਾਲ ਇਨਸਾਫ਼ ਨਹੀਂ ਕੀਤਾ ਜਾ ਸਕਦਾ। ਤੇ ਜਿੰਨਾ ਚਿਰ ਇਤਿਹਾਸ ਤੋਂ ਜਾਣੂੰ ਨਾ ਹੋਈਏ, ਗੁਰਬਾਣੀ ਦੇ ਅਰਥਾਂ ਦੀ ਗਹਿਰਾਈ ਤਕ ਨਹੀਂ ਪਹੁੰਚਿਆ ਜਾ ਸਕਦਾ।

ਇਹ ਮੇਰਾ ਜ਼ਾਤੀ ਤਜਰਬਾ ਹੈ। ਪਹਿਲਾਂ 'ਭਗਤ ਬਾਣੀ' ਤਾਂ ਮੈਂ ਗਿਆਨੀ ਪਾਸ ਕਰਨ ਸਮੇਂ ਕੋਰਸ ਵਜੋਂ ਪੜ੍ਹੀ। ਚਾਰ ਜਿਲਦਾਂ ਵਿਚ 'ਸ਼ਬਦਾਰਥ' ਪੜ੍ਹਿਆ। ਗਿ. ਬਿਸ਼ਨ ਸਿੰਘ ਦਾ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਪੜ੍ਹਿਆ। (ਗੁਰਬਾਣੀ ਦੇ ਸੰਬੰਧ ਵਿਚ ਮੈਂ ਇਕ ਛੋਟੀ ਜੇਹੀ ਪੁਸਤਕ ਵੀ ਲਿਖੀ, 'ਗੁਰਬਾਣੀ ਵਿਚਾਰ'। ਸਹੀ ਅਰਥਾਂ ਵਿਚ ਉਹ ਸਿੱਖ ਪ੍ਰਚਾਰਕਾਂ ਵਾਸਤੇ ਹੈ।)

ਸਿੱਖ ਇਤਿਹਾਸ ਮੇਰਾ ਮਨ-ਭਾਉਂਦਾ ਵਿਸ਼ਾ ਹੈ। ਇਸ ਬਾਰੇ ਮੈਂ ਯਥਾ-ਸ਼ਕਤਿ ਬਹੁਤ ਕੁਛ ਪੜ੍ਹਿਆ ਹੈ।

ਕਵਿਤਾ ਲਿਖਣ ਲੱਗਾ ਕਈ ਵਾਰ ਕਵੀ ਅਜੇਹੇ ਸ਼ਬਦ ਲਿਖ ਜਾਂਦਾ ਹੈ, ਜੋ ਬੜੇ ਜਜ਼ਬਾਤੀ ਹੁੰਦੇ ਹਨ, ਤੇ ਉਸ ਸਮੇਂ ਸਰੋਤਿਆਂ 'ਤੇ ਵੀ ਅਸਰ ਕਰਦੇ ਹਨ, ਪਰ ਪਿਛੋਂ ਅਰਥ ਕੀਤਿਆਂ ਉਹ ਧਾਰਮਿਕ ਸਿਧਾਂਤ ਤੇ ਇਤਿਹਾਸਕ ਸਚਾਈ ਦੇ ਉਲਟ ਜਾਂਦੇ ਹਨ।

ਮਿਸਾਲ ਵਜੋਂ ਇਕ ਸੁਰਗਵਾਸੀ ਕਵੀ ਦੀਆਂ ਚਾਰ ਸਤਰਾਂ ਦੇਂਦਾ ਹਾਂ। ਨਾਮ ਜਾਣ ਬੁੱਝ ਕੇ ਨਹੀਂ ਲਿਖ ਰਿਹਾ, ਕਿਉਂਕਿ ਕਿਸੇ ਦੀ ਜ਼ਾਤ ਵਿਰੁੱਧ ਲਿਖਣਾ ਮੇਰਾ ਮਨੋਰਥ ਨਹੀਂ।

ਪਰਸੰਗ ਇਉਂ ਹੈ : ਚਮਕੌਰ ਦੇ ਮੈਦਾਨ ਵਿਚ ਵੱਡਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ ਹਨ। ਦੂਸਰੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਗੁਰਦੇਵ ਦੇ ਸਾਮ੍ਹਣੇ ਖਲੇ ਜੰਗ ਵਿਚ ਜਾਣ ਦੀ ਆਗਿਆ ਮੰਗ ਰਹੇ ਹਨ।

> "ਗੜ੍ਹੀ ਵੈਰੀਆਂ ਜ਼ੋਰ ਪਾ ਚੌਫੇਰਿਓਂ ਘੇਰੀ।
> ਸਾਗਰ ਦੇ ਵਿਚ ਹੋਂਵਦੀ ਜਿਉਂ ਛੋਟੀ ਬੇੜੀ।
> ਜਿਉਂਦੇ ਨਿਕਲ ਜਾਣ ਦੀ ਹੁਣ ਵਾਹ ਹੈ ਕਿਹੜੀ।
> ਹੱਥ ਵਿਖਾਈਏ ਵੈਰੀਆਂ ਓੜਕ ਦੀ ਵੇਰੀ।"

ਵਿਰੋਧੀ ਨੁਕਤਾ ਚੀਨੀ ਕਰਨ ਲੱਗਾ ਕਹੇਗਾ, ਕਿ ਸਾਹਿਬਜ਼ਾਦੇ ਨੂੰ ਗੜ੍ਹੀ ਵਿਚੋਂ ਜਿਉਂਦੇ ਨਿਕਲ ਜਾਣ ਦੀ ਆਸ ਨਹੀਂ ਸੀ ਰਹੀ, ਉਹ ਤਾਂ ਸ਼ਹੀਦ ਹੋਣ ਵਾਸਤੇ ਤਿਆਰ ਹੋਇਆ। ਜਿਉਂਦੇ ਨਿਕਲ ਜਾਣ ਦੀ ਉਸਨੂੰ ਥੋੜੀ ਬਹੁਤੀ ਵੀ ਆਸ ਹੁੰਦੀ, ਤਾਂ ਉਹ ਕਦੇ ਜੰਗ ਵਿਚ ਜਾਣ ਲਈ ਤਿਆਰ ਨਾ ਹੁੰਦਾ।

ਇਹਨਾਂ ਅਰਥਾਂ ਨਾਲ ਸ਼ਹੀਦੀ ਦੀ ਕੀਮਤ ਬਹੁਤ ਘਟ ਗਈ। ਪਰ ਉਪਰਲੀ ਕਵਿਤਾ ਦੇ ਇਹਨਾਂ ਅਰਥਾਂ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ।

ਏਸੇ ਪ੍ਰਸੰਗ ਵਿਚ, ਇਕ ਵਾਰ ਕਵੀ ਦਰਬਾਰ ਵਿਚ ਕਿਸੇ ਸੱਜਣ ਪਾਸੋਂ ਦੋ ਸਤਰਾਂ

ਸੁਣੀਆਂ ਸਨ। ਉਹ ਸਹੀ ਸਹੀ ਯਾਦ ਨਹੀਂ, ਪਰ ਲਗਭਗ ਇਉਂ ਸਨ।

ਛੋਟਾ ਸਾਹਿਬਜ਼ਾਦਾ ਜੰਗ ਵਿਚੋਂ ਵਾਪਸ ਪਾਣੀ ਮੰਗਣ ਆ ਜਾਂਦਾ ਹੈ। ਗੁਰੂ ਜੀ ਇਸ ਤੋਂ ਇਨਕਾਰ ਕਰਦੇ ਹਨ, ਤਾਂ ਸ਼ਾਹਿਬਜ਼ਾਦਾ ਅੱਗੋਂ ਉੱਤਰ ਦੇਂਦਾ ਹੈ :

"ਵੈਰੀ ਕਹਿੰਦੇ ਸੀ, ਨਿਕਲ ਨਾ ਜਾਏ ਯੋਧਾ,
ਤੇ ਮੈਂ ਨਿਕਲ ਕੇ ਹੱਥ ਵਿਖਾਨ ਆਇਆ।
ਸੱਚੀ ਪੁੱਛੋ, ਤਾਂ ਸੱਚਿਆ ਪਾਤਸ਼ਾਹਾ!
ਲੈਣ ਤੁਸਾਂ ਦਾ ਵੀ ਇਮਤਿਹਾਨ ਆਇਆਂ।"

(ਇਮਤਿਹਾਨ ਇਸ ਗੱਲ ਦਾ, ਕਿ ਭਲਾ ਮੋਹ-ਮਮਤਾ ਵੱਸ ਪੁੱਤਰ ਨੂੰ ਪਾਣੀ ਪਿਆਉਂਦੇ ਹਨ ਜਾਂ ਨਹੀਂ।)

ਆਹਮੋ ਸਾਹਮਣੇ ਰਹੇ ਯੋਧਿਆਂ ਵਿਚੋਂ ਇਕ ਦਾ ਪਿੱਛਾ ਦੇ ਕੇ ਜਿਉਂਦੇ ਨਿਕਲ ਜਾਣਾ ਅਸੰਭਵ ਹੈ। ਤੇ ਦੂਸਰਾ ਨੁਕਤਾ ਸਿੱਧਾਂਤ ਦੇ ਉਲਟ ਹੈ। ਸਿੱਖ ਦਾ ਧਰਮ ਗੁਰੂ ਦੀ ਆਗਿਆ ਦਾ ਪਾਲਣ ਕਰਨਾ ਹੈ, ਗੁਰੂ ਦਾ ਇਮਤਿਹਾਨ ਲੈਣਾ ਨਹੀਂ।

ਧਾਰਮਿਕ ਕਵਿਤਾ ਵਿਚ ਐਹੋ ਜਿਹੀਆਂ ਭੁੱਲਾਂ ਤੋਂ ਬਚਣਾ ਬਹੁਤ ਜ਼ਰੂਰੀ ਹੈ। ਮੇਰੀਆਂ ਵਾਰਾਂ ਵਿਚ ਵੀ ਕਈ ਉਣਤਾਈਆਂ ਹੋਣਗੀਆਂ। ਪਰ ਮੈਂ ਯਥਾ-ਸ਼ਕਤ ਅਜੇਹੀਆਂ ਉਣਤਾਈਆਂ ਤੋਂ ਬਚਣ ਦਾ ਯਤਨ ਜ਼ਰੂਰ ਕੀਤਾ ਹੈ। ਆਰੰਭ ਵਿਚ ਲਿਖੀਆਂ ਵਾਰਾਂ ਵਿਚ ਕੋਈ ਭੁੱਲ ਜਚੀ ਵੀ ਹੈ, ਤਾਂ ਪਿੱਛੋਂ ਉਸਨੂੰ ਸੋਧਣ ਦਾ ਚਾਰਾ ਕੀਤਾ ਹੈ। ਜੇ ਕੋਈ ਜਜ਼ਬਾਤੀ ਪਉੜੀ, ਇਤਿਹਾਸ ਤੋਂ ਜ਼ਰਾ ਦੂਰ ਗਈ ਹੈ, ਤਾਂ ਵਿਆਖਿਆ ਵਿਚ ਉਸ ਬਾਰੇ ਖੁਲਾਸਾ ਕਰ ਦਿੱਤਾ ਹੈ।

ਹੇਠਾਂ ਮੈਂ ਅੱਜ ਤਕ ਲਿਖੀਆਂ ਵਾਰਾਂ ਦੀ ਫ਼ਰਿਸਤ ਦੇਂਦਾ ਹਾਂ।

1.	ਦਸਮੇਸ਼ ਆਗਮਨ		1-1-35
2.	ਸ਼ਹੀਦ ਗੰਜ ਸਿੰਘਣੀਆਂ (ਲਾਹੌਰ)		2-4-35
3.	ਸ਼ਹੀਦੀ ਗੁਰੂ ਅਰਜਨ ਦੇਵ ਜੀ		15-5-35
4.	ਬੰਦੀ ਛੋੜ ਹਰਿ ਗੋਬਿੰਦ ਜੀ		2-6-35
5.	ਸਾਕਾ ਸਰਹਿੰਦ—ਸ਼ਹੀਦੀ ਛੋਟੇ ਸਾਹਿਬਜ਼ਾਦੇ		25-9-35
6.	ਗੁਰੂ ਨਾਨਕ ਦੇਵ	ਦੌਲਤ ਖ਼ਾਨ	11-10-35
7.	ਵਲੀ ਕੰਧਾਰੀ		30-10-35
8.	ਸਾਕਾ ਗੱਡੀ ਪੰਜਾ ਸਾਹਿਬ		5-1-36
9.	ਸਿੰਘਾਂ ਨੇ ਅਬਦਾਲੀ ਤੋਂ ਢੋਕਾਂ ਛੁਡਾਈਆਂ		10-1-36
10.	ਪਿਆਰੇ ਦਾ ਪਿਆਰਾ		9-11-36
11.	ਸ਼ਹੀਦੀ ਗੁਰੂ ਤੇਗ ਬਹਾਦਰ ਜੀ		12-12-36
12.	ਬਾਲਾ ਪ੍ਰੀਤਮ—ਗੁਰੂ ਗੋਬਿੰਦ ਸਿੰਘ ਜੀ		24-12-36
13.	ਸ਼ਹੀਦੀ ਮਹਾਂ ਸਿੰਘ ਮੁਕਤਸਰ		4-1-37
14.	ਬੰਦਾ ਸਿੰਘ ਦੀ ਸਰਹਿੰਦ ਉਤੇ ਫ਼ਤਹਿ		1-3-37
15.	ਜੰਗ ਸੈਦ ਖ਼ਾਨ—ਗੁਰੂ ਗੋਬਿੰਦ ਸਿੰਘ ਨਾਲ		1-8-37

16. ਸ਼ਹੀਦੀ ਭਾਈ ਤਾਰੂ ਸਿੰਘ ਜੀ	21-8-37
17. ਸੇਠ ਨਾਹਰੂ ਮੱਲ	3-12-37
18. ਸ਼ਹੀਦੀ ਸ਼ਬੇਗ ਸਿੰਘ ਸ਼ਾਹਬਾਜ਼ ਸਿੰਘ	2-8-38
19. ਰੁਹੇਲ ਖੰਡ ਯਾਤਰਾ-ਗੁਰੂ ਨਾਨਕ ਦੇਵ ਜੀ	1-10-41
20. ਸ਼ਹੀਦੀ ਸ. ਹਰੀ ਸਿੰਘ ਨਲੂਆ	5-10-42
21. ਸ਼ਹੀਦੀ ਬਾਬਾ ਦੀਪ ਸਿੰਘ	23-11-43
22. ਜੰਗ ਭੰਗਾਣੀ—ਗੁਰੂ ਗੋਬਿੰਦ ਸਿੰਘ ਜੀ	10-11-44
23. ਸ਼ਹੀਦੀ ਬੰਦਾ ਸਿੰਘ	20-9-46
24. ਵਾਰ ਬੀਬੀ ਸਾਹਿਬ ਕੌਰ	1-1-47
25: ਸ਼ਹੀਦੀ ਅਕਾਲੀ ਫੂਲਾ ਸਿੰਘ	13-2-48
26. ਜੰਗ ਚਮਕੌਰ	15-8-48
27. ਜੰਗ ਮੁਲਤਾਨ—ਮੁਜ਼ੱਫਰ ਖ਼ਾਨ ਦੀ ਮੌਤ	6-10-48
28. ਕਸੂਰ ਫ਼ਤਹਿ, ਕੁਤਬਦੀਨ ਨੂੰ ਜਾਗੀਰ	10-10-48
29. ਚੋਣ ਪੰਜ ਪਿਆਰੇ	12-12-48
30. ਸ਼ਹੀਦ ਭਾਈ ਤਾਰਾ ਸਿੰਘ 'ਵਾਂ'	1-3-49
31. ਜੰਗ ਹਰਿ ਗੋਬਿੰਦ ਪੁਰਾ—ਛੇਵੇਂ ਗੁਰਾਂ ਨਾਲ	15-3-49
32. ਡੱਲੇ ਦਾ ਸਿਦਕ—ਬੰਦੂਕ ਪਰਖਣੀ	23-3-49
33. ਮੱਸੇ ਰੰਘੜ ਦੀ ਮੌਤ	4-5-49
34. ਚੌਧਰੀ ਨੱਥੇ ਦੀ ਬਹਾਦਰੀ	4-7-49
35, ਵੱਡਾ ਘਲੂਘਾਰਾ	19-7-49
36. ਜੰਗ ਪਿਪਲੀ ਸਾਹਿਬ (ਘਲੂਘਾਰੇ ਪਿੱਛੋਂ)	9-8-49
37. ਸ਼ਹੀਦੀ ਭਾਈ ਬੋਤਾ ਸਿੰਘ	2-12-49
38. ਛੋਟਾ ਘਲੂਘਾਰਾ	12-2-50
39. ਕਸੂਰ ਮਾਰ ਕੇ ਪੰਡਤਾਣੀ ਛੁਡਾਈ	18-2-50
40. ਜੈਨ ਖ਼ਾਨ ਸਰਹਿੰਦ ਦੀ ਮੌਤ	28-2-50
41. ਅਹਿਮਦ ਸ਼ਾਹ ਦਾ ਅੱਠਵਾਂ ਹਮਲਾ	4-3-50
42. ਜੰਗ ਸੰਗਰਾਣਾ ਸਾਹਿਬ (ਪਾ: ਛੇਵੀਂ)	29-3-50
43. ਬਿਧੀ ਚੰਦ ਨੇ ਘੋੜੇ ਲਿਆਂਦੇ	2-4-50
44. ਸ਼ਹੀਦੀ ਭਾਈ ਮਨੀ ਸਿੰਘ ਜੀ	4-4-50
45. ਸ਼ਹੀਦੀ ਭਾਈ ਗੁਰਬਖ਼ਸ਼ ਸਿੰਘ ਜੀ	19-5-50
46. ਸ਼ਾਹ ਜ਼ਮਾਨ ਦਾ ਆਖ਼ਰੀ ਹਮਲਾ	28-8-50
47. ਕਸ਼ਮੀਰ ਫ਼ਤਹਿ—ਸਿੱਖ ਰਾਜ ਵਿਚ ਸ਼ਾਮਲ	7-10-50
48. ਉੱਚ ਦਾ ਪੀਰ (ਗੁਰੂ ਗੋਬਿੰਦ ਸਿੰਘ ਜੀ)	30-12-50
49. ਜੰਗ ਲਲਾ ਬੇਗ (ਪਾ: ਛੇਵੀਂ)	27-1-51

50. ਬਾਬਰ ਦੀ ਚੱਕੀ-ਗੁਰੂ ਨਾਨਕ ਦੇਵ ਜੀ 8-2-51
51. ਜੰਗ ਪੈਂਦੇ ਖ਼ਾਨ (ਪਾ: ਛੇਵੀਂ) 15-12-51
52. ਜਲਾਲਾਬਾਦ ਮਾਰ ਕੇ ਪੰਡਤਾਣੀ ਛੁਡਾਈ 25-6-51
53. ਹਮਜ਼ਾ ਗੌਸ ਤੇ ਗੁਰੂ ਨਾਨਕ ਜੀ 11-7-51
54. ਨਦੌਣ ਯੁੱਧ (ਪਾ: ਦਸਵੀਂ) 30-553
55. ਰੁਸਤਮ ਖ਼ਾਂ ਦੀ ਅਨੰਦਪੁਰ 'ਤੇ ਚੜ੍ਹਾਈ 1-7-53
56. ਹੁਸੈਨੀ ਤੇ ਕਿਰਪਾਲ ਦੀ ਮੌਤ 2-1-54
57. ਬਚਿੱਤਰ ਸਿੰਘ ਦਾ ਹਾਥੀ ਨਾਲ ਜੰਗ 10-3-54
58. ਸਤਿਗੁਰ ਨਾਨਕ ਪ੍ਰਗਟਿਆ 21-3-55
59. ਹਰਿਗੋਬਿੰਦ ਸਾਹਿਬ ਪ੍ਰਗਟੇ 20-4-55
60. ਪ੍ਰਸੰਗ ਭਾਈ ਜੱਗਾ ਸਿੰਘ 26-4-55
61. ਚਵਿੰਡੇ ਦੀਆਂ ਸਿੰਘਣੀਆਂ ਦੀ ਬਹਾਦਰੀ 5-7-55
62. ਸ਼ਹੀਦੀ ਹਕੀਕਤ ਰਾਏ 9-7-55
63. ਜੰਗ ਰਾਮ ਰਉਣੀ—ਮੀਰ ਮੰਨੂੰ ਨਾਲ 12-7-55
64. ਨਾਦਰ ਦਾ ਹਿੰਦ 'ਤੇ ਹਮਲਾ 11-9-55
65. ਮਾਤਾ ਸੁਲੱਖਣੀ 1-8-56
66. ਸੱਜਣ ਠੱਗ ਤੇ ਗੁਰੂ ਨਾਨਕ ਦੇਵ ਜੀ 5-8-56
67. ਪਿੰਗਲਾ ਤੇ ਬੀਬੀ ਰਜਨੀ 9-8-56
68. ਖਡੂਰ ਦਾ ਤਪਾ—ਸ਼ਿਵ ਨਾਥ 10-8-56
69. ਬਾਬਾ ਆਦਮ ਤੇ ਭਾਈ ਭਗਤੂ 30-12-56
70. ਅਘੜ ਸਿੰਘ ਹੱਥੋਂ ਮੋਮਨ ਖ਼ਾਂ ਦੀ ਮੌਤ 18-1-57
71. ਸੱਤਾ ਬਲਵੰਡ ਤੇ ਲੱਧਾ ਉਪਕਾਰੀ 8-6-57
72. ਭਾਈ ਗੁਰਦਾਸ ਦੇ ਸਿਦਕ ਦੀ ਪਰਖ 13-6-57
73. ਮੱਖਣ ਸ਼ਾਹ—ਗੁਰੂ ਲਾਧੋ ਰੇ 27-6-57
74. ਵਿਆਹ ਕੰਵਰ ਨੌਨਿਹਾਲ ਸਿੰਘ 18-8-57
75. ਜੰਗ ਹਿੰਦ ਤੇ ਚੀਨ 25-12-62

ਕੁਛ ਹੋਰ ਛੋਟੀਆਂ ਵਾਰਾਂ :

1. ਹੈਦਰਾਬਾਦ ਦੀ ਜਿੱਤ 20-9-48
2. ਜੰਗ ਹਜ਼ਰੋ 29-8-50
3. ਸ਼ਹੀਦੀ ਸ. ਕੇਵਲ ਸਿੰਘ 25-9-63
4. ਸ਼ਹੀਦੀ ਸ. ਊਧਮ ਸਿੰਘ 2-12-79

ਇਹਨਾਂ ਤੋਂ ਇਲਾਵਾ ਬਹੁਤ ਸਾਰੇ ਫੁਟਕਲ ਛੰਦ ਵੀ ਰਚੇ। ਇਹ ਸਾਰੀਆਂ ਰਚਨਾਵਾਂ ਲਗਭਗ ਸੌ-ਸੌ ਸਫ਼ੇ ਦੀਆਂ ਅਠਾਰਾਂ ਪੁਸਤਕਾਂ ਵਿਚ ਹਨ, ਜਿਨ੍ਹਾਂ ਦੇ ਪਹਿਲਾਂ 'ਸੀਤਲ' ਸ਼ਬਦ ਆਉਂਦਾ ਹੈ : ਜਿਵੇਂ 'ਸੀਤਲ ਕਿਰਣਾਂ', 'ਸੀਤਲ ਸੁਨੇਹੇ' ਆਦਿ।

'ਸਿੱਖ ਰਾਜ ਕਿਵੇਂ ਗਿਆ ?' ਦੀ ਲੰਮੀ ਵਾਰ ਇਹਨਾਂ ਤੋਂ ਵੱਖਰੀ ਹੈ, ਜੋ ਦੋ ਪੁਸਤਕਾਂ ('ਸਿੱਖ ਰਾਜ ਕਿਵੇਂ ਗਿਆ' ? ਤੇ 'ਦੁਖੀਏ-ਮਾਂ-ਪੁੱਤ') ਵਿਚ ਫੁੱਟ ਨੋਟਾਂ ਦੀ ਥਾਂ ਦਰਜ ਹੈ। ਵਿਸਥਾਰ ਨਾਲ ਗਾਵੀਏ, ਤਾਂ ਇਹ ਵਾਰ ਛੇ-ਸੱਤ ਘੰਟੇ ਦਾ ਸਮਾਂ ਲੈਂਦੀ ਹੈ। ਅਸੀਂ ਇਸ ਨੂੰ ਤਿੰਨਾਂ ਭਾਗਾਂ ਵਿਚ ਗਾਉਂਦੇ ਹਾਂ।

ਉਪਰ ਲਿਖੀਆਂ ਤਾਰੀਖਾਂ ਵਾਰਾਂ ਦੀ ਕਵਿਤਾ (ਪਉੜੀਆਂ) ਲਿਖਣ ਦੀਆਂ ਹਨ। ਵਿਚ ਵਿਆਖਿਆ ਓਦੋਂ ਲਿਖੀ ਹੈ, ਜਦੋਂ ਮੈਂ ਇਹ ਪੁਸਤਕਾਂ ਦੀ ਸ਼ਕਲ ਵਿਚ ਛਾਪਣੀਆਂ ਸ਼ੁਰੂ ਕੀਤੀਆਂ।

ਕੁਦਰਤ ਦੇ ਰੰਗ, ਸਮੇਂ ਦੀ ਲੋੜ ਅਨੁਸਾਰ ਮੈਨੂੰ ਪ੍ਰਕਾਸ਼ਕ ਵੀ ਆਪ ਹੀ ਬਣਨਾ ਪਿਆ। ਪਹਿਲਾਂ ਮੈਨੂੰ ਪ੍ਰਕਾਸ਼ਕ ਮਿਲਿਆ ਕੋਈ ਨਾ, ਤੇ ਫਿਰ ਪ੍ਰਕਾਸ਼ਕ ਦੀ ਲੋੜ ਨਾ ਰਹੀ। ਭਾਵੇਂ ਮੇਰੀਆਂ ਕੁਛ-ਕੁ ਕਿਤਾਬਾਂ ਦਾ ਪ੍ਰਕਾਸ਼ਕ 'ਲਾਹੌਰ ਬੁਕ ਸ਼ਾਪ'(ਲੁਧਿਆਣਾ) ਹੈ।

ਪਹਿਲਾਂ ਮੈਂ ਇਕ ਸੋਲਾਂ ਸਫ਼ੇ ਦਾ ਪਰਸੰਗ ਛਾਪਿਆ, 'ਸ਼ਹੀਦ ਗੰਜ ਸਿੰਘਣੀਆਂ'। ਉਸ ਸਮੇਂ ਲਾਹੌਰ 'ਸ਼ਹੀਦ ਗੰਜ ਸਿੰਘਣੀਆਂ' ਦਾ ਮੋਰਚਾ ਚੱਲ ਰਿਹਾ ਸੀ। ਹਰ ਸਮੇਂ ਓਥੇ ਵੀਹ-ਪੰਝੀ ਸਿੰਘ ਤਿਆਰ-ਬਰ-ਤਿਆਰ ਰਹਿੰਦੇ। ਐਤਵਾਰ ਦੀਵਾਨ ਸਜਣਾ, ਤਾਂ ਬਹੁਤ ਰੌਣਕ ਹੋ ਜਾਣੀ। ਮਹੀਨੇ ਵਿਚ ਇਕ ਦੋ ਪ੍ਰੋਗ੍ਰਾਮ ਅਸਾਂ ਓਥੇ ਜ਼ਰੂਰ ਕਰਨੇ। ਉਹ ਇਕ ਹਜ਼ਾਰ ਕਾਪੀ ਦੋ ਕੁ ਮਹੀਨੇ ਵਿਚ ਵਿਕ ਗਈ।

ਫਿਰ ਮੈਂ ਫੁਟਕਲ ਕਵਿਤਾਵਾਂ ਦਾ ਸੰਗ੍ਰਹਿ 'ਵਹਿੰਦੇ ਹੰਝੂ' ਛਾਪਿਆ, ਪੰਨੇ 64, ਪੇਪਰ ਬੈਕ। ਉਹ ਵੀ ਚਾਰ-ਪੰਜ ਮਹੀਨੇ ਵਿਚ ਵਿਕ ਗਿਆ। ਇਹ ਮੁਢਲੇ ਤਜਰਬੇ ਸਨ।

1942 ਵਿਚ ਮੈਂ 'ਸੀਤਲ ਕਿਰਣਾਂ' ਨੂੰ ਕਿਤਾਬੀ ਰੂਪ ਦਿੱਤਾ। ਉਸ ਵਿਚ ਚਾਰ ਪਰਸੰਗ ਤੇ ਕੁਛ ਫੁਟਕਲ ਛੰਦ ਹਨ। ਪਰਸੰਗਾਂ ਦੀਆਂ ਪਉੜੀਆਂ ਦੇ ਨਾਲ ਨਾਲ ਮੈਂ ਉਹਨਾਂ ਦੀ ਵਿਆਖਿਆ (ਲੈਕਚਰ) ਵੀ ਦਿੱਤਾ। ਮੈਂ ਅੰਮ੍ਰਿਤਸਰ ਦੇ ਸਾਰੇ ਪ੍ਰਕਾਸ਼ਕਾਂ ਦੀ ਖ਼ੁਸ਼ਾਮਦ ਕਰ ਹਾਰਿਆ, ਕਿ ਤੁਸੀਂ ਇਹ ਕਿਤਾਬ ਛਾਪ ਲਵੋ, ਤੇ ਮੇਰੇ ਪਾਸੋਂ ਸਦਾ ਵਾਸਤੇ ਹੱਕ (ਕਾਪੀ ਰਾਈਟ) ਲਿਖਵਾ ਲਵੋ। ਮੈਂ ਏਨੀ ਖ਼ੁਸ਼ੀ 'ਤੇ ਹੀ ਸੰਤੁਸ਼ਟ ਸਾਂ, ਕਿ ਲੋਕ ਕਹਿਣਗੇ ਇਸ ਆਦਮੀ ਦੀ ਇਕ ਕਿਤਾਬ ਵੀ ਛਪੀ ਹੋਈ ਹੈ। ਪਰ ਕਿਸੇ ਹਾਮੀ ਨਾ ਭਰੀ। ਸਗੋਂ ਉਹਨਾਂ ਮੇਰਾ ਹੌਸਲਾ ਹੀ ਢਾਹਿਆ। ਕਹਿਣ : ਇਹ ਕਿਤਾਬ ਨਹੀਂ ਚੱਲਣੀ, ਵਿਚੇ ਵਾਰਤਕ, ਵਿਚੇ ਕਵਿਤਾ, ਅੱਗ ਪਾਣੀ ਦਾ ਮੇਲ, ਇਹ ਨਹੀਂ ਚੱਲੇਗੀ।

ਪਰ ਮੇਰੇ ਮਨ ਵਿਚ ਚਾਅ ਸੀ। ਸੋ, ਮੈਂ ਸੌ ਸਫ਼ੇ ਦੀ ਕਿਤਾਬ ਛਾਪ ਲਈ। ਸਸਤਾ ਭਾਅ ਸੀ। ਢਾਈ ਰੁਪੈ ਰਿੰਮ ਕਾਗਜ਼ ਤੇ ਸੋਲਾਂ ਸਫ਼ੇ ਦੀ ਢਾਈ ਰੁਪੈ ਛਪਾਈ। ਤੀਹ-ਪੈਂਤੀ ਰੁਪੈ ਵਿਚ ਇਕ ਹਜ਼ਾਰ ਕਿਤਾਬ ਛਪ ਗਈ। ਕੱਪੜੇ ਦੀ ਵਧੀਆ ਜਿਲਦ ਕਰਾਈ, ਸਿਰਫ਼ ਨੌਂ ਰੁਪੈ ਸੈਂਕੜਾ। ਗੁਰੂ ਦੀ ਨਿਗ੍ਹਾ ਸਵੱਲੀ। ਉਹ ਐਡੀਸ਼ਨ ਪੰਜ-ਛੇ ਮਹੀਨੇ ਵਿਚ ਵਿਕ ਗਈ। ਮੈਂ ਸੋਚਦਾ ਹਾਂ, ਕਿ ਗੁਰੂ ਮਹਾਰਾਜ ਨੇ ਮੈਨੂੰ ਲੁੱਟੇ ਜਾਣ ਤੋਂ ਬਚਾ ਲਿਆ। ਹੁਣ ਤਕ 'ਸੀਤਲ ਕਿਰਣਾਂ' ਡੇਢ ਲੱਖ ਤੋਂ ਉਪਰ ਵਿਕ ਚੁੱਕੀ ਹੈ। ਅਜੇ ਵੀ ਉਸ ਦੀ ਵਿੱਕਰੀ ਸਾਰੀਆਂ ਕਿਤਾਬਾਂ ਨਾਲੋਂ ਵਧੇਰੇ ਹੈ।

ਪਾਕਿਸਤਾਨ ਬਣਨ ਤੋਂ ਪਹਿਲਾਂ ਮੈਂ ਉਹ ਕਿਤਾਬ ਉਰਦੂ ਅੱਖਰਾਂ (ਤੇ ਪੰਜਾਬੀ ਬੋਲੀ) ਵਿਚ ਛਾਪੀ। ਚੌਦਾਂ-ਪੰਦਰਾਂ ਹਜ਼ਾਰ ਉਹ ਉਰਦੂ ਅੱਖਰਾਂ ਵਿਚ ਵੀ ਵਿਕ ਗਈ। ਪੰਜਾਬ ਦੇ ਬਟਵਾਰੇ ਪਿਛੋਂ ਉਰਦੂ ਵਿਚ ਨਹੀਂ ਛਪੀ।

ਇਕ ਗਲਤੀ ਵੀ ਕੀਤੀ। ਮੈਂ 'ਸੀਤਲ ਕਿਰਣਾਂ' ਪੰਜਾਬੀ ਬੋਲੀ ਤੇ ਦੇਵ ਨਾਗਰੀ (ਹਿੰਦੀ) ਅੱਖਰਾਂ ਵਿਚ ਵੀ ਛਾਪ ਦਿੱਤੀ। ਸਿੱਟਾ ਇਹ ਨਿਕਲਿਆ, ਕਿ ਪੰਜ-ਛੇ ਸਾਲ ਸਾਂਭਣ ਪਿੱਛੋਂ ਉਹਦੀ ਜਿਲਦ ਲਾਹ ਕੇ ਬਾਕੀ ਰੱਦੀ ਵਿਚ ਵੇਚੀ। ਅੱਜ ਜਦੋਂ ਮੈਂ ਕਿਸੇ (ਖ਼ਾਸ ਕਰ ਸਿੱਖ) ਲੀਡਰ ਨੂੰ ਭਾਸ਼ਣ ਦੇਂਦਿਆਂ ਸੁਣਦਾ ਹਾਂ, ਕਿ ਪੰਜਾਬੀ ਲੇਖਕਾਂ ਨੂੰ ਆਪਣੀਆਂ ਪੰਜਾਬੀ ਰਚਨਾਵਾਂ ਦੇਵ-ਨਾਗਰੀ ਲਿੱਪੀ ਵਿਚ ਛਾਪਣੀਆਂ ਚਾਹੀਦੀਆਂ ਹਨ, ਤਾਂ ਕਿ ਪੰਜਾਬੀ ਦਾ ਪ੍ਰਚਾਰ ਵਧੇ, ਤਾਂ ਮੈਨੂੰ ਝੱਟ ਆਪਣਾ ਤਜਰਬਾ ਯਾਦ ਆ ਜਾਂਦਾ ਹੈ। ਨਾਲ ਹੀ ਉਹਨਾਂ ਸਾਹਿੱਤ ਦੇ ਹਮਾਇਤੀਆਂ ਦੀ ਤੇਜ਼ ਬੁੱਧੀ 'ਤੇ ਹਾਸਾ ਵੀ ਆ ਜਾਂਦਾ ਹੈ।

ਯਾਦ ਰੱਖੋ, ਬੋਲੀ ਤੇ ਲਿੱਪੀ ਦਾ ਰੂਹ-ਬੁੱਤ ਵਾਲਾ ਰਿਸ਼ਤਾ ਹੈ। ਕਿਸੇ ਬੋਲੀ ਦੀ ਲਿੱਪੀ ਬਦਲ ਦਿਹੋ, ਕੁਛ ਸਮੇਂ ਵਿਚ ਉਹ 'ਬੋਲੀ' ਬਿਨਾਂ ਮਾਰਿਆਂ ਹੀ ਮਰ ਜਾਏਗੀ। ਬੋਲੀ ਦੀ ਲਿੱਪੀ ਬਦਲਨ ਦੀ ਸਲਾਹ ਦੇਣ ਵਾਲੇ ਜਾਂ ਹਨੇਰੇ ਵਿਚ ਹਨ, ਤੇ ਜਾਂ ਅੱਤ ਚਲਾਕ, ਜੋ ਮਿੱਤਰ ਬਣ ਕੇ ਬੋਲੀ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਮੇਰਾ ਦਾਅਵਾ ਹੈ, ਕਿ ਗੁਰਮੁਖੀ ਲਿੱਪੀ ਬਿਨਾ ਪੰਜਾਬੀ ਜਿੰਦਾ ਨਹੀਂ ਰਹਿ ਸਕਦੀ।

11

ਸਾਡੇ ਪਿਛਲੇ ਪਿੰਡ 'ਕਾਦੀਵਿੰਡ' ਦੇ ਨੇੜੇ 'ਰਾਮ ਥੰਮ੍ਹਣ' (ਜ਼ਿਲ੍ਹਾ ਲਾਹੌਰ, ਪਾਕਿਸਤਾਨ) ਵਿਸਾਖੀ ਦਾ ਮੇਲਾ ਲੱਗਿਆ ਕਰਦਾ ਸੀ। ਬਾਬਾ 'ਰਾਮ ਥੰਮ੍ਹਣ' ਜੀ ਬੜੇ ਬੰਦਗੀ ਵਾਲੇ ਮਹਾਂਪੁਰਸ਼ ਹੋਏ ਹਨ। ਪਰ ਉਹਨਾਂ ਬਾਰੇ ਇਕ ਦੰਤ-ਕਥਾ ਪ੍ਰਸਿੱਧ ਹੈ। ਕਹਿੰਦੇ ਹਨ, ਰਾਮ ਥੰਮ੍ਹਣ ਦੀ ਮਾਤਾ ਰਿਸ਼ਤੇ ਵਿਚੋਂ ਮਾਤਾ ਤ੍ਰਿਪਤਾ ਜੀ ਦੀ ਭੈਣ ਲਗਦੀ ਸੀ। ਇਕ ਵਾਰ ਉਹਨੇ ਗੁਰੂ ਨਾਨਕ ਦੇਵ ਜੀ ਬਾਰੇ ਸੁਭਾਵਕ ਕਿਹਾ, "ਤੇਰਾ ਪੁੱਤਰ ਤਾਂ ਕਮਲਾ ਹੈ।"

ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਸੁਤੇ ਹੀ ਵਾਕ ਹੋ ਗਿਆ, "ਮਾਸੀ ਜੀ! ਤੁਹਾਡੇ ਪੁੱਤਰ ਦੀਆਂ ਸਾਰੀਆਂ ਸੰਗਤਾਂ ਹੀ ਕਮਲੀਆਂ ਹੋ ਜਾਇਆ ਕਰਨਗੀਆਂ।"

ਕਿਸੇ ਪਰਮਾਣੀਕ ਇਤਿਹਾਸ ਵਿਚ ਮੈਂ ਇਹ ਗੱਲ ਨਹੀਂ ਪੜ੍ਹੀ। ਪਰ ਸਾਡੇ ਇਲਾਕੇ ਵਿਚ ਇਹ ਆਮ ਪ੍ਰਸਿਧ ਸੀ।

ਬਾਬਾ ਰਾਮ ਥੰਮਣ ਦੇ ਮੰਦਿਰ ਦੇ ਨਾਲ ਵਾਹਵਾ ਖੁੱਲ੍ਹਾ ਸਰੋਵਰ ਸੀ। ਚੇਤ ਦੀ ਮਸਾਂਦ ਵਾਲੇ ਦਿਨ ਪਿਛਲੇ ਪਹਿਰ ਤਕ ਮੇਲਾ ਭਰ ਜਾਣਾ, ਤੇ ਵਿਸਾਖੀ ਵਾਲੇ ਦਿਨ ਦੁਪਿਹਰ ਤਕ ਰੌਣਕ ਰਹਿਣੀ। ਉਸ ਰਾਤ ਸਰੋਵਰ ਦੀ ਪਰਕਰਮਾ ਵਿਚ ਜੋ ਹੁਲ੍ਹੜਬਾਜ਼ੀ ਹੋਣੀ, ਉਹ ਕਹਿਣ ਸੁਣਨ ਤੋਂ ਬਾਹਰੀ ਸੀ।

ਫਿਰ ਅੰਧ ਵਿਸ਼ਵਾਸ। ਕਿਸੇ ਦਾ ਪੁੱਤਰ ਨਾ ਵਿਆਹਿਆ ਜਾਣਾ, ਤਾਂ ਉਹਨੇ ਰਾਮ ਥੰਮ੍ਹਣ ਜਾ ਕੇ ਸੁੱਖਣਾ ਸੁੱਖਣੀ, "ਹੇ ਬਾਬਾ ਰਾਮ ਥੰਮ੍ਹਣ! ਮੇਰਾ ਪੁੱਤਰ ਵਿਆਹਿਆ ਜਾਵੇ।

ਮੈਂ ਨੌਂਹ ਨੂੰ ਤੇਰੇ ਮੇਲੇ ਵਿਚ 'ਵਰ੍ਹਾਂਦ' ਛਡਾਂਗੀ।''

ਇਸਤਰੀਆਂ ਦੀ ਭਾਸ਼ਾ ਵਿਚ ਸ਼ਬਦ 'ਵਰ੍ਹਾਂਦ' ਗਾਹਲ ਦੇ ਬਰਾਬਰ ਹੈ।

ਸੁੱਖ ਪੂਰੀ ਹੋ ਜਾਣੀ, ਤਾਂ ਘਰ ਦਿਆਂ ਨੇ ਨੌਂਹ ਨੂੰ ਪਹਿਲੇ ਮੇਲੇ 'ਤੇ ਲੈ ਕੇ ਜਾਣਾ। ਉਹਨੂੰ ਸਮਝਾਂ ਦੇਣਾ, ਕਿ ਤੂੰ ਰਾਤ ਇਸ ਭੀੜ ਵਿਚ ਇਕੱਲੀ ਰਹਿਣਾ ਹੈ। ਬੱਸ ਪਰਕਰਮਾ ਤੋਂ ਬਾਹਰ ਨਾ ਜਾਈਂ, ਤੇ ਸਵੇਰੇ ਐਸ ਥਾਂ 'ਤੇ ਪਰਿਵਾਰ ਨੂੰ ਆ ਮਿਲੀਂ। ਬਹੁਤਿਆਂ ਤਾਂ ਉਸਦੇ ਵਾਲ ਵੀ ਖੁੱਲ੍ਹੇ ਖਿਲਾਰ ਦੇਣੇ। ਉਹਨੂੰ ਪਾਗਲਾਂ ਦਾ ਸਾਂਗ ਬਣਾ ਦੇਣਾ। ਵੇਖਣ ਵਾਲਿਆਂ ਵੀ ਸਮਝ ਲੈਣਾ, ਕਿ ਇਹ 'ਵਰ੍ਹਾਂਦ' ਛੱਡੀ ਹੋਈ ਹੈ। ਉਸ ਗ਼ਰੀਬਣੀ ਦਾ ਜੋ ਸਾਰੀ ਰਾਤ ਹਾਲ ਹੋਣਾ, ਰੱਬ ਹੀ ਜਾਣਦਾ ਹੈ। ਦਿਨ ਚੜ੍ਹਦੇ ਤਕ ਉਹਦੇ ਨਵੇਂ ਲੀੜੇ ਲੀਰੋ-ਲੀਰ ਹੋਏ ਹੋਣੇ। ਇਕ ਹੋਰ ਵੀ ਲੋਕਾਂ ਵਿਚ ਵਹਿਮ ਸੀ, ਕਿ ਜੇ 'ਵਰ੍ਹਾਂਦ' ਕਿਸੇ ਨੂੰ ਸਰਾਪ ਦੇ ਦੇਵੇ, ਤਾਂ ਉਹ ਅਾਹਲਾ ਨਹੀਂ ਜਾਂਦਾ। ਘਰਦਿਆਂ ਨੇ ਇਹ ਗੱਲ ਨੌਂਹ ਨੂੰ ਸਮਝਾਂ ਦੇਣੀ। ਕਿਤੇ ਮੁੰਡੀਹਰ ਨੇ ਉਸ ਗ਼ਰੀਬ ਨੂੰ ਵਧੇਰੇ ਤੰਗ ਕਰਨਾ, ਤਾਂ ਉਹਨੇ ਦੋਵੇਂ ਹੱਥ ਉਤਾਹ ਚੁਕ ਕੇ ਧਮਕੀ ਦੇਣੀ, ''ਮੈਂ ਤੁਹਾਨੂੰ ਸਰਾਪ ਦੇ ਦਿਆਂਗੀ।'' ਉਸ ਕੋਲ ਆਪਣੇ ਬਚਾਉ ਵਾਸਤੇ ਇਕ ਏਹਾ ਹਥਿਆਰ ਹੁੰਦਾ।

ਏਹੋ ਜੇਹਾ ਮੇਲਾ ਸੀ 'ਰਾਮ ਥੰਮਣ'।

ਲਾਗੇ ਦੇ ਪਿੰਡ 'ਰਾਜਾ ਜੰਗ' ਦੇ ਜ਼ੈਲਦਾਰ ਸ. ਬਹਾਲ ਸਿੰਘ ਬੜੇ ਗੁਰਮੁਖ ਸਿੱਖ ਸਨ। ਉਹਨਾਂ ਰਾਮ ਥੰਮਣ ਮੇਲੇ 'ਤੇ ਧਾਰਮਿਕ ਦੀਵਾਨ ਸ਼ੁਰੂ ਕੀਤਾ। ਇਕ ਮੇਲੇ ਤੇ ਅਸੀਂ ਵੀ ਬੁਲਾਏ ਹੋਏ ਗਏ। ਵਿਸਾਖੀ ਤੋਂ ਪਹਿਲੀ ਰਾਤ ਕੀਰਤਨ ਕੀਤਾ। ਵਿਸਾਖੀ ਵਾਲੇ ਦਿਨ ਪਹਿਲਾਂ ਰਾਗੀ ਸਿੰਘਾਂ ਕੀਰਤਨ ਕੀਤਾ। ਫਿਰ ਅਸਾਂ ਇਕ ਪਰਸੰਗ ਕਿਹਾ। ਸਾਡੇ ਪਿਛੋਂ ਇਕ ਹੋਰ ਢਾਡੀ ਜਥਾ ਲਗਾ। ਉਹਨਾਂ ਮੰਗਲਾਚਾਰ ਵਜੋਂ ਗੁਰਬਾਣੀ ਦਾ ਜੋ ਸ਼ਬਦ ਪੜ੍ਹਿਆ, ਉਸ ਦੀਆਂ ਸਾਰੀਆਂ ਤੁਕਾਂ ਗ਼ਲਤ ਕਹੀਆਂ। ਇਕ ਦਾ ਵੀ ਸਹੀ ਉਚਾਰਣ ਨਾ ਕੀਤਾ। ਫਿਰ ਜੋ ਉਹਨਾਂ ਨੇ ਇਤਿਹਾਸ ਦੀ ਵਿਆਖਿਆ ਕੀਤੀ, ਰੱਬ ਹੀ ਰਾਖਾ ਸੀ।

ਉਹਨਾਂ ਪਿੱਛੋਂ ਵਾਰੀ ਆ ਗਈ, ਬਾਬਾ ਫਤਹਿ ਸਿੰਘ 'ਮਾਂਗਾ' ਦੀ। ਉਸ ਸਮੇਂ ਉਹ ਕਾਫ਼ੀ ਬਜ਼ੁਰਗ ਸਨ। ਆਪ ਗੁਰਬਾਣੀ ਦੇ ਬਹੁਤ ਵਿੱਦਵਾਨ ਸਨ। ਆਪ ਲੈਕਚਰ ਵਿਚ ਸਰੋਤਿਆਂ ਨੂੰ ਹਸਾਉਂਦੇ ਬਹੁਤ ਸਨ। ਪਰ ਉਹਨਾਂ ਦਾ ਮਜ਼ਾਕ ਵੀ ਕੁਛ ਅਰਥ ਰਖਦਾ ਸੀ। ਉਹਨਾਂ ਉਠਦਿਆਂ ਹੀ ਸ਼ੁਰੂ ਕੀਤਾ, ''ਬੋਲੋ ਭਾਈ ਜੀ ਵਾਹਗੁਰੂ। ਅੱਠਾਂ ਅੱਠਾਂ ਆਨਿਆਂ ਦੀਆਂ ਲੈ ਲੈਣੀਆਂ ਢੱਡਾਂ, ਤੇ ਟਾਹਲੀ ਦਾ ਮੋਛਾ ਲਾ ਲੈਣਾ ਮੋਢੇ ਨਾਲ ਤੇ ਸ਼ੁਰੂ ਕਰ ਦੇਣਾ, 'ਅੱਲ੍ਹੇਵਾਹ, ੳ ਦਿਲਬਰਾ ਵਾਸਤਾਈ।''

ਨਾਲ ਹੀ ਉਹਨਾਂ ਖੱਬੀ ਅਰਕ ਸਾਰੰਗੀ ਵਾਂਗ ਮੋਢੇ ਨਾਲ ਲਾ ਲਈ, ਤੇ ਸੱਜੇ ਹੱਥ ਨਾਲ ਗਜ਼ ਫੇਰਨ ਦੀ ਪੂਰੀ ਸਾਂਗ ਉਤਾਰੀ। ਸਾਰੀ ਸੰਗਤ ਵਿਚ ਹਾਸਾ ਪੈ ਗਿਆ।

ਉਸ ਢਾਡੀ ਜਥੇ ਨੇ ਪਤਾ ਨਹੀਂ, ਕਿਵੇਂ ਮਹਿਸੂਸ ਕੀਤਾ, ਪਰ ਮੈਨੂੰ ਬਹੁਤ ਗੁੱਸਾ ਆਇਆ। ਮੁੱਕਰਦਾ ਨਹੀਂ, ਓਦੋਂ ਮੇਰੇ ਮਨ ਵਿਚ ਕੁਛ ਹਉਮੈ ਵੀ ਸੀ। ਮੈਂ ਸੋਚਦਾ ਸਾਂ, ਮੈਂ ਗੁਰਮੁਖੀ, ਉਰਦੂ, ਹਿੰਦੀ, ਅੰਗਰੇਜ਼ੀ, ਚਾਰ ਜ਼ਬਾਨਾਂ ਜਾਣਦਾ ਹਾਂ, ਤੇ ਇਹ ਬਾਬਾ ਸਭ ਗੁਰਮੁਖੀ।

(ਪਿਛੋਂ ਤਾਂ ਸਾਡੀ ਬਾਬਾ ਫਤਹਿ ਸਿੰਘ ਨਾਲ ਗੂੜ੍ਹੀ ਮਿੱਤਰਤਾ ਹੋ ਗਈ। ਕਿਸੇ ਦੀਵਾਨ 'ਤੇ ਇਕੱਠਿਆਂ ਹੋ ਜਾਣਾ, ਤਾਂ ਦੋ ਦਿਨ ਇਕੱਠਿਆਂ ਹੀ ਰਹਿਣਾ।)

ਦੋ-ਚਾਰ ਦਿਨ ਵਿਚ ਉਹ ਗੁੱਸਾ ਮੱਠਾ ਹੋਇਆ, ਤਾਂ ਮੈਂ ਨਵੇਂ ਪੱਖ ਤੋਂ ਸੋਚਣਾ ਸ਼ੁਰੂ ਕੀਤਾ। ਭਈ! ਬਾਬੇ ਨੇ ਗੱਲ ਤਾਂ ਠੀਕ ਹੀ ਕਹੀ ਸੀ ਨਾ। ਆਖਰ ਬਹੁਤੇ ਢਾਡੀ ਗੁਰਬਾਣੀ ਜਾਂ ਇਤਿਹਾਸ ਬਾਰੇ ਕਿੰਨਾ ਕੁ ਜਾਣਦੇ ਹਨ। ਤੇ ਮੈਂ ਵੀ ਅਜੇ ਕਿੰਨਾ ਕੁ ਜਾਣਦਾ ਹਾਂ! ਇਹਾ ਗੱਲ ਨਾ, ਜਿੱਥੇ ਰੁੱਖ ਨਹੀਂ, ਓਥੇ ਅਰਿੰਡ ਪ੍ਰਧਾਨ।......ਏਨੇ ਨਾਲ ਨਹੀਂ ਸਰਨਾ। ਸਿੱਖ ਇਤਿਹਾਸ ਬਾਰੇ ਮਿਹਨਤ ਕਰਨੀ ਚਾਹੀਦੀ ਹੈ।

ਸੋ ਮੈਂ ਮਨ ਬਣਾ ਲਿਆ, ਕਿ ਮੈਂ ਸਿੱਖ ਇਤਿਹਾਸ ਬਾਰੇ ਲਿਖਾਂਗਾ।

ਉਸ ਸਮੇਂ 'ਸਿੱਖ ਰਾਜ ਕਿਵੇਂ ਗਿਆ?' ਸਾਡਾ 'ਮਾਸਟਰ ਪੀਸ' ਪਰਸੰਗ ਸੀ। ਅਸੀਂ ਕਿਤੇ ਵਿਆਹ 'ਤੇ ਜੰਵ ਨਾਲ ਵੀ ਗਏ, ਤਾਂ ਅਗਲਿਆਂ ਓਥੇ ਵੀ 'ਸਿੱਖ ਰਾਜ ਕਿਵੇਂ ਗਿਆ'? ਹੀ ਸੁਣਨਾ। ਤੇ ਕਿਤੇ ਮਹਾਰਾਜ ਦੇ ਅਵਤਾਰ ਧਾਰਨ ਦੇ ਪੁਰਬ 'ਤੇ ਵੀ ਜਾਣਾ, ਤਾਂ ਸੰਗਤਾਂ ਨੇ ਉਚੇਚਾ ਕਹਿ ਕੇ 'ਸਿੱਖ ਰਾਜ ਕਿਵੇਂ ਗਿਆ?' ਸੁਣਨਾ। ਮੈਂ ਮਨ ਬਣਾ ਲਿਆ, ਕਿ ਪਹਿਲਾਂ ਏਸੇ ਵਿਸ਼ੇ 'ਤੇ ਪੁਸਤਕ ਲਿਖੀ ਜਾਵੇ। ਪਰ ਇਹ ਵੀ ਧਾਰ ਲਈ, ਕਿ ਲਿਖਣੀ ਪੂਰੀ ਮਿਹਨਤ ਨਾਲ ਹੈ।

ਪੰਜਾਬੀ ਵਿਚ ਜਿਹੜੀਆਂ ਪੁਸਤਕਾਂ ਪੜ੍ਹੀਆਂ ਸਨ, ਉਹ ਫਿਰ ਪੜ੍ਹੀਆਂ। ਤੇ ਨਾਲ ਨਾਲ ਜ਼ਰੂਰੀ ਨੋਟ ਲੈਣੇ ਵੀ ਸ਼ੁਰੂ ਕਰ ਦਿੱਤੇ। ਮੈਂ ਇਹ ਨਸ਼ਾਨਾ ਮਿਥ ਲਿਆ, ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਦੇ ਅੰਤ ਤਕ ਲਿਖਣਾ ਹੈ। (ਉਸ ਸਮੇਂ ਸੀ ਤਾਂ ਇਹ 'ਸ਼ੇਖ ਚਿੱਲੀ' ਵਾਲੀ ਗੱਲ ਹੀ, ਪਰ ਵਾਹਿਗੁਰੂ ਨੇ ਨੇਪਰੇ ਚਾੜ੍ਹ ਦਿਤੀ)।

ਘਰ ਹੁੰਦਿਆਂ ਵੀ ਮੈਂ ਸਾਰਾ ਦਿਨ ਪੜ੍ਹਦੇ ਰਹਿਣਾ। ਤੇ ਜਦੋਂ ਦੋ-ਚਾਰ ਦਿਨ ਬਾਹਰ ਪ੍ਰੋਗਰਾਮ 'ਤੇ ਜਾਣਾ, ਤਾਂ ਹਰ ਸਮੇਂ ਮੇਰੇ ਕੋਲ ਦੋ ਚਾਰ ਕਿਤਾਬਾਂ ਹੋਣੀਆਂ। ਕੀਰਤਨ ਕਰਨ ਪਿਛੋਂ ਮੈਂ ਉਹਨਾਂ ਦਾ ਅਧਿਐਨ ਸ਼ੁਰੂ ਕਰ ਦੇਣਾ।

ਜਿਹੜੀ ਪੁਸਤਕ ਪੜ੍ਹਨੀ, ਉਸ ਦੇ ਫੁੱਟ ਨੋਟਾਂ ਵੱਲ ਉਚੇਚਾ ਧਿਆਨ ਦੇਣਾ। ਉਸ ਲੇਖਕ ਨੇ ਹੇਠਾਂ ਜਿਸ ਜਿਸ ਪੁਸਤਕ ਦਾ ਹਵਾਲਾ ਦੇਣਾ, ਮੈਂ ਉਸ ਦਾ ਨਾਮ ਲਿਖ ਲੈਣਾ। ਇਸ ਤਰ੍ਹਾਂ ਮੇਰੇ ਪਾਸ ਸਿੱਖ ਇਤਿਹਾਸ ਦੀ ਕਾਫੀ ਲੰਮੀ ਫ਼ਰਿਸਤ ਬਣ ਗਈ। ਏਨਾ ਗਿਆਨ ਤਾਂ ਹੋ ਗਿਆ, ਕਿ ਸਿੱਖ ਇਤਿਹਾਸ ਬਾਰੇ ਕਿਸ ਕਿਸ ਪੁਸਤਕ ਵਿਚੋਂ ਮਸਾਲਾ ਮਿਲ ਸਕਦਾ ਹੈ, ਪਰ ਉਹ ਪੁਸਤਕਾਂ ਮਿਲਣ ਕਿਥੋਂ? ਮੇਰੇ ਵਾਸਤੇ ਇਹ ਮਸਲਾ ਕਾਫੀ ਗੰਭੀਰ ਸੀ।

ਇਕ ਵਾਰ ਅਸੀਂ ਜ਼ਿਲਾ ਮੁਲਤਾਨ ਦੇ ਇਕ ਚੱਕ ਵਿਚ ਕੀਰਤਨ ਕਰਨ ਗਏ। ਪਰਸੰਗ ਏਹਾ ਕਿਹਾ, 'ਸਿੱਖ ਰਾਜ ਕਿਵੇਂ ਗਿਆ?'। ਦੀਵਾਨ ਦੀ ਸਮਾਪਤੀ ਪਿੱਛੋਂ ਅਸੀਂ ਇਕ ਬੈਠਕ ਵਿਚ ਆਰਾਮ ਕਰ ਰਹੇ ਸਾਂ। ਪਿੰਡ ਦੇ ਨੰਬਰਦਾਰ ਸਾਹਿਬ ਸਾਡੇ ਕੋਲ ਆ ਬੈਠੇ। ਦੱਸ-ਕੁ ਮਿੰਟ ਰਸਮੀ ਗੱਲਾਂ ਬਾਤਾਂ ਪਿਛੋਂ ਉਹਨਾਂ ਕਿਹਾ, "ਗਿਆਨੀ ਜੀ! ਮੈਂ ਤੁਹਾਡੇ ਵਾਸਤੇ ਇਕ ਤੋਹਫਾ ਲਿਆਇਆ ਹਾਂ। ਪਰ ਇਕ ਸਖਤ ਸ਼ਰਤ 'ਤੇ ਦੇ ਸਕਾਂਗਾ।" ਨਾਲ ਹੀ ਉਹਨਾਂ ਇਕ ਛੋਟੀ ਜੇਹੀ ਕਿਤਾਬ ਮੇਰੇ ਸਾਮ੍ਹਣੇ ਧਰ ਦਿੱਤੀ। The MAHARAJA DULEEP SINGH and THE GOVERNMENT,

Pnblished for private circulation, 1884.

ਇਸ ਪੁਸਤਕ ਬਾਰੇ ਮੈਂ ਜਾਣਦਾ ਸਾਂ, ਪਰ ਕਿਤੋਂ ਪ੍ਰਾਪਤ ਨਹੀਂ ਸਾਂ ਕਰ ਸਕਿਆ। ਮ. ਦਲੀਪ ਸਿੰਘ ਨੇ ਇੰਗਲੈਂਡ ਵਿਚ ਆਪਣੀ ਪੈਨਸ਼ਨ ਬਾਰੇ ਇਕ ਲੰਮੇ ਸਮੇਂ ਤਕ ਮੁਕੱਦਮਾ ਲੜਿਆ।[1] ਪਰ ਉਸਨੂੰ ਇਨਸਾਫ਼ ਦੀ ਆਸ ਨਾ ਰਹੀ, ਤਾਂ ਉਸ ਨੇ ਓਥੋਂ ਦੇ ਪ੍ਰਸਿੱਧ ਅਖ਼ਬਾਰ (TIMES) 'ਟਾਈਮਜ਼' ਦੇ ਐਡੀਟਰ ਦੇ ਨਾਮ ਇਕ ਚਿੱਠੀ ਲਿਖੀ। ਉਹ 31 ਅਗਸਤ, 1882 ਨੂੰ 'ਟਾਈਮਜ਼' ਵਿਚ ਛਪੀ। ਓਸੇ ਪਰਚੇ ਵਿਚ ਐਡੀਟਰ ਵੱਲੋਂ 'ਮੁੱਖ ਲੇਖ' ਛਪਿਆ। ਉਸ ਨੇ ਮਹਾਰਾਜੇ ਦਾ ਹਰ ਗੱਲ ਵਿਚ ਵਿਰੋਧ ਕੀਤਾ ਤੇ ਭਾਸ਼ਾ ਵੀ ਅਪਮਾਨ-ਜਨਕ ਵਰਤੀ। ਦੂਸਰੀ ਚਿੱਠੀ ਵਿਚ ਮਹਾਰਾਜੇ ਨੇ ਉਸ ਲੇਖ ਦਾ ਉੱਤਰ ਦਿਤਾ, ਜੋ 'ਟਾਈਮਜ਼' ਵਿਚ ਅੱਠ ਸਤੰਬਰ, 1882 ਨੂੰ ਛਪੀ।

'ਟਾਈਮਜ਼' ਦੇ ਉਸ ਲੇਖ ਕਾਰਨ ਮਹਾਰਾਜੇ ਦੇ ਜਾਣੂ ਲੋਕਾਂ ਵਿਚ ਕਈ ਕਿਸਮ ਦੀਆਂ ਗ਼ਲਤ-ਫ਼ਹਿਮੀਆਂ ਪੈਦਾ ਹੋ ਗਈਆਂ। ਇਸ ਵਾਸਤੇ ਮਹਾਰਾਜੇ ਨੇ ਆਪਣੀ ਨਿਗਰਾਨੀ ਵਿਚ, ਇਕ ਅੰਗਰੇਜ਼ ਲੇਖਕ ਪਾਸੋਂ ਉਹ ਪੁਸਤਕ 'ਮਹਾਰਾਜਾ ਦਲੀਪ ਸਿੰਘ ਤੇ ਗੌਰਮਿੰਟ' ਲਿਖਵਾਈ, ਜੋ ਛਾਪ ਕੇ ਆਪਣੇ ਦੋਸਤਾਂ ਵਿਚ ਵੰਡੀ।

ਉਹ ਪੁਸਤਕ ਵੇਖ ਕੇ ਮੈਂ ਬਹੁਤ ਖ਼ੁਸ਼ ਹੋਇਆ। ਮੈਂ ਦਿਲ ਵਿਚ ਸੋਚਿਆ ਕਿ ਮੈਂ ਇਸ ਦਾ ਸੌ ਰੁਪਏ ਤਕ ਦੇ ਸਕਾਂਗਾ। (ਉਸ ਸਮੇਂ ਇਕ ਸੌ, ਇਸ ਵੇਲੇ ਦੇ ਪੰਜ ਹਜ਼ਾਰ ਦੇ ਬਰਾਬਰ ਸੀ।)

ਮੈਂ ਨੰਬਰਦਾਰ ਦਾ ਬੜੇ ਢੁੱਕਵੇਂ ਸ਼ਬਦਾਂ ਵਿਚ ਧੰਨਵਾਦ ਕੀਤਾ, ਤੇ ਨਾਲ ਹੀ 'ਸ਼ਰਤ' ਬਾਰੇ ਪੁਛਿਆ।

ਉੱਤਰ ਵਿਚ ਉਹਨਾਂ ਦੱਸਿਆ, "ਮੇਰੇ ਪਿਤਾ ਜੀ ਫੌਜੀ ਅਫ਼ਸਰ ਸਨ। ਪਹਿਲੇ ਸੰਸਾਰ ਯੁੱਧ ਸਮੇਂ ਉਹ ਫ਼ਰਾਂਸ ਵਿਚ ਸਨ। ਓਥੇ ਉਹਨਾਂ ਦੇ ਇਕ ਮਿੱਤਰ ਨੇ ਇਹ ਪੁਸਤਕ ਭੇਟਾ ਕੀਤੀ ਸੀ। ਮੇਰੀ ਸ਼ਰਤ ਇਹ ਹੈ, ਕਿ ਆਪ ਮਹੀਨਾ ਭਰ ਇਹ ਪੁਸਤਕ ਰੱਖ ਸਕਦੇ ਹੋ। ਤੇ ਫਿਰ ਡਾਕ ਰਾਹੀਂ ਰਜਿਸਟਰੀ ਕਰਾ ਕੇ ਭੇਜ ਦੇਣੀ। ਕਿਸੇ ਦੇ ਹੱਥ ਨਹੀਂ ਦੇਣੀ।"

ਮੈਂ ਖ਼ੁਸ਼ੀ ਨਾਲ ਇਹ ਸ਼ਰਤ ਪ੍ਰਵਾਨ ਕਰ ਲਈ। ਪੰਦਰਾਂ-ਵੀਹ ਦਿਨ ਵਿਚ ਮੈਂ ਉਹ ਸਾਰੀ ਕਿਤਾਬ ਟਾਈਪ ਕਰਵਾ ਲਈ ਤੇ ਵਾਅਦੇ ਅਨੁਸਾਰ ਰਜਿਸਟਰੀ ਦੁਆਰਾ ਮਾਲਕ ਨੂੰ ਵਾਪਸ ਕਰ ਦਿੱਤੀ।

ਏਸੇ ਤਰ੍ਹਾਂ ਇਕ ਮਿੱਤਰ ਕੋਲੋਂ Evans Bell ਦੀ ਪੁਸਤਕ The Annexation of the Punjab and Maharaja Duleep Singh ਮਿਲੀ। ਮੈਂ ਉਹ ਵੀ ਸਾਰੀ ਟਾਈਪ ਕਰਵਾ ਲਈ।

ਮੇਰਾ ਤਜਰਬਾ ਹੈ, ਕਿ ਲਗਨ ਹੋਵੇ, ਤਾਂ ਆਦਮੀ ਬਹੁਤ ਕੁਛ ਪ੍ਰਾਪਤ ਕਰ ਸਕਦਾ ਹੈ। ਲਾਹੌਰ ਅਨਾਰਕਲੀ ਦੇ ਪਿਛਲੇ ਪਾਸੇ ਮੋੜ ਉਤੇ ਇਕ ਕਿਤਾਬਾਂ ਦੀ ਦੁਕਾਨ ਹੁੰਦੀ ਸੀ: 'ਰਾਮਾ ਕ੍ਰਿਸ਼ਨਾ'। ਜਦ ਮੈਂ ਲਾਹੌਰ ਜਾਣਾ, ਉਸ ਦੁਕਾਨ ਉਤੇ ਜ਼ਰੂਰ ਚੱਕਰ

1. ਵੇਰਵੇ ਸਹਿਤ ਪੜ੍ਹੋ 'ਦੁਖੀਏ ਮਾਂ ਪੁੱਤ'

ਮਾਰਨਾ। ਇਕ ਵਾਰ ਓਥੇ ਮੈਨੂੰ ਤਿੰਨ ਕਿਤਾਬਾਂ ਮਿਲੀਆਂ, ਜੋ ਮੇਰੇ ਵਾਸਤੇ ਬੜੀਆਂ ਕੀਮਤੀ ਸਨ।

1. **Sir John Login and Duleep Singh**
2. **Private letters of the Marquess of Dalhnusie.**
3. **The Sikhs, by J.H. Gordon.**

ਪਹਿਲੀ ਕਿਤਾਬ ਦੇ ਉਸ ਨੇ ਚਾਲੀ ਰੁਪੈ ਮੰਗੇ, ਤੇ ਦੂਸਰੀਆਂ ਦੋਹਾਂ ਦੇ ਪੰਦਰਾਂ-ਪੰਦਰਾਂ। ਉਸ ਸਮੇਂ ਮੇਰੀ ਜੇਬ ਵਿਚ ਚਾਲੀ ਰੁਪੈ ਤੇ ਕੁਛ ਭਾਨ ਸੀ। ਮੈਂ ਪਹਿਲੀ ਕਿਤਾਬ ਖ਼ਰੀਦ ਲਈ, ਤੇ ਦੂਸਰੀਆਂ ਬਾਰੇ ਦੁਕਾਨਦਾਰ ਤੋਂ ਵਾਅਦਾ ਲੈ ਲਿਆ, ਕਿ ਮੈਂ ਫਿਰ ਆ ਕੇ ਲੈ ਜਾਵਾਂਗਾ।

ਬਾਹਰ ਆ ਕੇ ਮੈਂ ਪੈਸੇ ਗਿਣੇ, ਤਾਂ ਕੇਵਲ ਲਾਹੌਰ ਤੋਂ ਕਸੂਰ ਤਕ ਦਾ ਲਾਰੀ ਦਾ ਕਰਾਇਆ ਹੀ ਸੀ। ਫਿਰ ਵੀ ਮੈਂ ਏਨਾ ਖ਼ੁਸ਼ ਸਾਂ, ਜਿਵੇਂ ਕਾਰੂੰ ਦਾ ਖ਼ਜ਼ਾਨਾ ਮਿਲ ਗਿਆ ਹੋਵੇ। ਅਨਾਰਕਲੀ ਤੋਂ ਸੁਲਤਾਨ ਦੀ ਸਰਾਂ ਤਕ ਮੈਂ ਤੁਰ ਕੇ ਆਇਆ, ਕਿਉਂਕਿ ਤਾਂਗੇ ਜੋਗਾ ਕਰਾਇਆ (ਸਿਰਫ਼ ਇਕ ਆਨਾ) ਮੇਰੇ ਪਾਸ ਨਹੀਂ ਸੀ।

ਇਸ ਤੋਂ ਪਾਠਕ ਸਮਝ ਲਵੇਗਾ, ਕਿ ਮੇਰੇ ਅੰਦਰ ਸਿੱਖ ਇਤਿਹਾਸ ਬਾਰੇ ਕਿਤਨੀ ਪਰਬਲ ਲਗਨ ਸੀ। ਬਹੁਤ ਸਾਰੀਆਂ ਕਿਤਾਬਾਂ ਮੈਂ ਅੰਮ੍ਰਿਤਸਰ 'ਰੈਫਰੈਂਸ ਲਾਇਬਰੇਰੀ ਵਿਚੋਂ ਪ੍ਰਾਪਤ ਕੀਤੀਆਂ। ਗਿ: ਕਰਤਾਰ ਸਿੰਘ ਜੀ ਦੀ ਸਫ਼ਾਰਸ਼ ਨਾਲ ਮੈਨੂੰ ਏਨੀ ਸਹੂਲਤ ਮਿਲ ਗਈ, ਕਿ ਮੈਂ ਇਕ ਪੁਸਤਕ ਨਾਲ ਲੈ ਜਾਇਆ ਕਰਾਂ, ਤੇ ਅਗਲੀ ਵਾਰ ਉਹ ਵਾਪਸ ਕਰਕੇ ਹੋਰ ਲੈ ਜਾਇਆ ਕਰਾਂ।

ਕੁਛ ਪੁਸਤਕਾਂ ਹੋਰ ਲਾਇਬਰੇਰੀਆਂ ਵਿਚ ਬਹਿ ਕੇ ਵੀ ਪੜ੍ਹੀਆਂ।

ਇਸ ਤਰ੍ਹਾਂ ਕਾਫ਼ੀ ਮਸਾਲਾ ਇਕੱਠਾ ਕਰ ਕੇ ਮੈਂ 'ਸਿੱਖ ਰਾਜ ਕਿਵੇਂ ਗਿਆ ?' ਲਿਖਣਾ ਸ਼ੁਰੂ ਕੀਤਾ। ਜਿਹੜੀ ਚੀਜ਼ ਜਿਸ ਥਾਂਉਂ ਲਈ, ਥੱਲੇ ਉਸ ਦਾ ਹਵਾਲਾ ਵੀ ਦੇ ਦਿੱਤਾ। ਕਾਫ਼ੀ ਮਿਹਨਤ ਨਾਲ ਮੈਂ 15 ਅਪ੍ਰੈਲ, 1944 ਨੂੰ ਇਹ ਤਿੰਨ-ਕੁ ਸੌ ਸਫ਼ੇ ਦੀ ਪੁਸਤਕ ਸੰਪੂਰਨ ਕੀਤੀ।

ਉਸ ਸਮੇਂ ਤਕ ਮੇਰੀਆਂ ਤਿੰਨ-ਚਾਰ 'ਵਾਰਾਂ' ਦੀਆਂ ਪੁਸਤਕਾਂ ਛਪ ਚੁਕੀਆਂ ਸਨ। ਮੇਰਾ ਝਕ ਲੱਥਾ ਹੋਇਆ ਸੀ। ਸੋ ਜੂਨ, 1944 ਵਿਚ ਮੈਂ 'ਸਿੱਖ ਰਾਜ ਕਿਵੇਂ ਗਿਆ ?' ਛਾਪ ਦਿੱਤਾ। ਗੁਰੂ ਮਹਾਰਾਜ ਦੀ ਕਿਰਪਾ ਨਾਲ ਪਹਿਲੀ ਐਡੀਸ਼ਨ ਸਾਲ ਦੇ ਅੰਦਰ ਹੀ ਵਿਕ ਗਈ। ਮੇਰਾ ਹੌਸਲਾ ਵਧ ਗਿਆ। ਫਿਰ ਮੈਂ ਮਿਥੇ ਪ੍ਰੋਗਰਾਮ ਅਨੁਸਾਰ ਇਹ ਇਤਿਹਾਸ ਦੀ ਲੜੀ ਪੂਰੀ ਕਰਨ ਦੀ ਧਾਰ ਲਈ। ਗੁਰੂ ਦੀ ਕਿਰਪਾ ਤੇ ਪਾਠਕਾਂ ਦੇ ਸਹਿਯੋਗ ਨਾਲ ਇਤਿਹਾਸਕ ਲੜੀ ਇਉਂ ਛਪੀ।

1. ਸਿੱਖ ਰਾਜ ਕਿਵੇਂ ਗਿਆ ? ਸੰਪੂਰਨ ਕੀਤਾ ਅਪ੍ਰੈਲ ਵਿਚ, ਛਪਿਆ ਜੂਨ, 1944 ਵਿਚ।
2. ਦੁਖੀਏ ਮਾਂ ਪੁੱਤ (ਮ. ਜਿੰਦਾਂ ਤੇ ਮ. ਦਲੀਪ ਸਿੰਘ) ਲਿਖਿਆ ਜਨਵਰੀ, ਤੇ ਛਪਿਆ ਜੂਨ, 1946 ਵਿਚ।
3. ਬੰਦਾ ਸਿੰਘ ਸ਼ਹੀਦ, ਲਿਖਿਆ ਨਵੰਬਰ ਵਿਚ ਤੇ ਛਪਿਆ ਦਸੰਬਰ, 1946

ਵਿਚ ।

4. ਸਿਖ ਰਾਜ ਕਿਵੇਂ ਬਣਿਆਂ ? ਲਿਖਿਆ ਜਨਵਰੀ ਵਿਚ, ਤੇ ਛਪਿਆ ਮਾਰਚ, 1950 ਵਿਚ ।
5. ਸਿਖ ਰਾਜ ਤੇ ਸ਼ੇਰੇ ਪੰਜਾਬ, ਲਿਖਿਆ ਅਗਸਤ ਵਿਚ, ਤੇ ਛਪਿਆ ਨਵੰਬਰ, 1950 ਵਿਚ ।
6. ਸਿਖ ਮਿਸਲਾਂ ਤੇ ਸਰਦਾਰ ਘਰਾਣੇ, ਲਿਖਿਆ ਜਨਵਰੀ ਵਿਚ, ਤੇ ਛਪਿਆ ਸਤੰਬਰ 1952 ਵਿਚ ।
7. ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ, ਲਿਖਿਆ ਤੇ ਛਪਿਆ ਦਸੰਬਰ, 1966 ਵਿਚ ।
8. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ, ਲਿਖਿਆ ਤੇ ਛਪਿਆ ਨਵੰਬਰ, 1967 ਵਿਚ ।
9. ਮਨੁੱਖਤਾ ਦੇ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ, ਲਿਖਿਆ ਫ਼ਰਵਰੀ, ਤੇ ਛਪਿਆ ਮਈ, 1971 ਵਿਚ ।

ਤਿੰਨ ਪੁਸਤਕਾਂ ਬੱਚਿਆਂ ਵਾਸਤੇ ਵੀ ਲਿਖੀਆਂ ?

1. ਧਰਮ ਦਾ ਰਾਖਾ ਗੁਰੂ ਤੇਗ ਬਹਾਦਰ ਜੀ, ਛਪਿਆ ਅਕਤੂਬਰ, 1975 ਵਿਚ ।
2. ਬਾਬਾ ਨਾਨਕ, ਦਸੰਬਰ 1975 ਵਿਚ ।
3. ਸਿਖ ਸ਼ਹੀਦ ਤੇ ਯੋਧੇ, ਜਨਵਰੀ, 1976 ।

ਸੰਨ 1975 ਵਿਚ ਗੁਰੂ ਤੇਗ ਬਹਾਦਰ ਜੀ ਦਾ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਮਨਾਇਆ ਗਿਆ । ਕੁਛ ਸੱਜਣਾਂ ਵੱਲੋਂ ਅਜੇਹੇ ਲੇਖ ਛਪੇ, ਜਿਨ੍ਹਾਂ ਵਿਚ ਪਰਗਟ ਕੀਤਾ ਗਿਆ, ਕਿ ਔਰੰਗਜ਼ੇਬ ਉਸ ਸਮੇਂ 'ਹਸਨਅਬਦਾਲ' (ਪੰਜਾ ਸਾਹਿਬ) ਸੀ, ਜਦੋਂ ਗੁਰੂ ਤੇਗ ਬਹਾਦਰ ਜੀ ਸ਼ਹੀਦ ਕੀਤੇ ਗਏ । ਭਾਵ, ਗੁਰੂ ਜੀ ਔਰੰਗਜ਼ੇਬ ਦੀ ਗੈਰ-ਹਾਜ਼ਰੀ ਵਿਚ ਸ਼ਹੀਦ ਕੀਤੇ ਗਏ । ਤੇ ਆਸਰਾ ਲਿਆ ਗੁਲਾਮ ਹੁਸੈਨ ਦੀ ਲਿਖਤ (ਸੀਅਰੁੱਲ ਮੁਤਾਖਰੀਨ) ਦਾ, ਜਿਸਨੂੰ 'ਮੈਕਾਲਿਫ਼' ਇਤਿਹਾਸ ਹੀ ਨਹੀਂ ਮੰਨਦਾ । ਇਸ ਦੇ ਜਵਾਬ ਵਿਚ ਮੈਂ ਛੋਟੀ ਜੇਹੀ ਪੁਸਤਕ ਲਿਖੀ 'ਲਾਸਾਨੀ ਸ਼ਹੀਦ, ਗੁਰੂ ਤੇਗ ਬਹਾਦਰ ਜੀ ।' ਛਪੀ ਅਕਤੂਬਰ, 1975 ਵਿਚ । ਇਸ ਵਿਚ ਮੈਂ ਗੈਰ-ਸਿਖ ਲੇਖਕਾਂ ਦੇ ਹਵਾਲੇ ਦੇ ਕੇ ਸਾਬਤ ਕਰਨ ਦਾ ਯਤਨ ਕੀਤਾ, ਕਿ ਗੁਰੂ ਮਹਾਰਾਜ ਔਰੰਗਜ਼ੇਬ ਦੇ ਸਾਮ੍ਹਣੇ ਸ਼ਹੀਦ ਕੀਤੇ ਗਏ ।

ਸਿੱਖ ਇਤਿਹਾਸ ਬਾਰੇ ਲਿਖਣ ਲੱਗਿਆਂ ਮੈਂ ਮਨ ਵਿਚ ਇਕ ਗੱਲ ਧਾਰ ਲਈ ਸੀ, ਕਿ ਮੈਂ ਇਹ ਗੈਰ ਸਿੱਖਾਂ ਵਾਸਤੇ ਲਿਖਣਾ ਹੈ । ਭਾਵ, ਅਸੀਂ ਦੂਸਰਿਆਂ ਦੀਆਂ ਕਰਾਮਾਤਾਂ ਨੂੰ ਨਹੀਂ ਮੰਨਦੇ, ਤਾਂ ਸਾਡੀਆਂ ਕਰਾਮਾਤਾਂ ਨੂੰ ਵੀ ਕਿਸੇ ਨਹੀਂ ਮੰਨਣਾ । ਸੋ ਹਰ ਘਟਨਾ ਨੂੰ ਵਿਗਿਆਨਕ ਪੱਖ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ ।

ਇਕ ਗੱਲ ਹੋਰ । ਕੀ ਇਤਿਹਾਸ ਵੀ ਸਾਹਿੱਤ ਦਾ ਅੰਗ ਹੈ, ਜਾਂ ਨਹੀਂ । ਇਹ ਇਕ ਅਹਿਮ ਸਵਾਲ ਹੈ । ਮੇਰੀ ਰਾਏ ਹੈ, ਕਿ ਇਤਿਹਾਸ ਵੀ ਸਾਹਿੱਤ ਦਾ ਇਕ ਜ਼ਰੂਰੀ ਅੰਗ ਹੈ । ਫ਼ਰਕ ਕੇਵਲ ਏਨਾ ਹੀ ਹੈ ਨਾ, ਕਿ ਸਾਹਿੱਤ ਵਿਚ ਪਾਤਰ ਕਲਪਤ ਹੁੰਦੇ ਹਨ, ਤੇ ਇਤਿਹਾਸ ਵਿਚ ਸਹੀ, ਹੋਏ ਬੀਤੇ । ਜੇ ਇਤਿਹਾਸਕ ਨਾਵਲ ਨੂੰ ਸਾਹਿੱਤ ਮੰਨਿਆਂ

ਜਾਂਦਾ ਹੈ, ਤਾਂ ਇਤਿਹਾਸ ਨੂੰ ਕਿਉਂ ਨਹੀਂ ? ਸ਼ਰਤ ਇਹ ਹੈ, ਕਿ ਇਤਿਹਾਸਕਾਰ ਦਾ ਆਪਣੀ ਬੋਲੀ ਉਤੇ ਅਜੇਹਾ ਕਾਬੂ ਹੋਣਾ ਚਾਹੀਦਾ ਹੈ, ਜੋ ਪਾਠਕ ਨੂੰ ਕੀਲ ਸਕੇ। ਫਿੱਕੀ ਬੋਲੀ ਵਾਲਾ ਤਾਂ ਨਾਵਲ ਵੀ ਪੜ੍ਹਨ ਨੂੰ ਦਿਲ ਨਹੀਂ ਕਰਦਾ। ਜਿਹੜੀ ਬੋਲੀ ਪਾਠਕ ਦਾ ਮਨੋਰੰਜਨ ਵੀ ਕਰੇ ਤੇ ਪਾਤਰ ਦੀ ਰੂਪ ਰੇਖਾ ਵੀ ਉਘਾੜ ਸਕੇ, ਉਹ ਇਤਿਹਾਸ ਸਾਹਿੱਤ ਦਾ ਇਕ ਨਰੋਆ ਅੰਗ ਹੈ।

ਮੇਰੀਆਂ ਕੁਛ ਇਤਿਹਾਸਕ ਪੁਸਤਕਾਂ ਦਾ ਉਰਦੂ ਤੇ ਅੰਗਰੇਜ਼ੀ ਵਿਚ ਵੀ ਅਨੁਵਾਦ ਹੋਇਆ, ਤੇ ਛਪੀਆਂ।

12

ਸਭ ਤੋਂ ਵਧੇਰੇ ਚਰਚਾ ਮੇਰੇ ਨਾਵਲਾਂ ਦੀ ਹੋਵੇਗੀ। ਮੈਂ ਨਾਵਲ ਨਾ ਲਿਖਦਾ, ਤਾਂ ਸ਼ਾਇਦ ਮੇਰੀਆਂ ਲਿਖੀਆਂ 'ਵਾਰਾਂ' ਤੇ 'ਗੀਤਾਂ' ਦੀ ਵੀ ਚਰਚਾ ਹੁੰਦੀ। ਪਰ ਜਦੋਂ ਇਕ ਹੁਨਰ ਵਧੇਰੇ ਉਨਤੀ ਕਰ ਜਾਏ, ਤਾਂ ਦੂਸਰੇ ਹੁਨਰ ਉਸਦੇ ਪਰਛਾਵੇਂ ਓਹਲੇ ਧੁੰਧਲੇ ਪੈ ਜਾਂਦੇ ਹਨ।

ਪਰ ਮੈਂ ਨਾਵਲ ਲਿਖਦਾ ਕਿਵੇਂ ਨਾ। ਮੇਰੇ ਅੰਦਰ ਕੁਛ ਕਹਿਣ ਵਾਸਤੇ ਸੀ। ਤੇ ਉਹ ਨਾਵਲ ਰਾਹੀਂ ਹੀ ਕਿਹਾ ਜਾ ਸਕਦਾ ਸੀ।

ਜਿਵੇਂ ਇਤਿਹਾਸ ਲਿਖਣ ਤੋਂ ਪਹਿਲਾਂ ਮੈਂ ਬਹੁਤ ਸਾਰੇ ਇਤਿਹਾਸ ਪੜ੍ਹੇ ਸਨ, ਓਵੇਂ ਨਾਵਲ ਲਿਖਣ ਤੋਂ ਪਹਿਲਾਂ ਨਾਵਲ ਵੀ ਬਹੁਤ ਪੜ੍ਹੇ। ਪਹਿਲਾਂ ਭਾਈ ਮੋਹਨ ਸਿੰਘ 'ਵੈਦ' (ਤਰਨਤਾਰਨ) ਦੇ ਨਾਵਲ ਪੜ੍ਹੇ। ਫਿਰ ਭਾਈ ਵੀਰ ਸਿੰਘ ਦੇ 'ਸੁੰਦਰੀ' ਆਦਿ ਪੜ੍ਹੇ। ਨੌਧ ਸਿੰਘ ਗਿਆਨੀ ਪਾਸ ਕਰਨ ਸਮੇਂ ਕੋਰਸ ਵਜੋਂ ਪੜ੍ਹਿਆ। ਉਸ ਦੇ ਨਾਲ ਪੜ੍ਹਿਆ 'ਨਵਾਬ ਖਾਂ'। ਇਸ ਨਾਵਲ ਬਾਰੇ ਕਿਸੇ ਨੇ ਮਜ਼ਾਕ ਵੀ ਉਡਾਇਆ ਸੀ।

''ਪੜ੍ਹ ਲੈ ਜਿਹੜਾ 'ਨਵਾਬ ਖ਼ਾਂ' ਗਿਆਨੀ ਅਖਵਾਵੇ।'

ਮੈਂ ਵੀ ਉਹਨਾਂ 'ਨਵਾਬ ਖ਼ਾਂ' ਪੜ੍ਹਨ ਵਾਲੇ ਗਿਆਨੀਆਂ ਵਿਚੋਂ ਇਕ ਹਾਂ।

ਸ. ਨਾਨਕ ਸਿੰਘ ਜੀ ਦੇ ਸਾਰੇ ਨਾਵਲ ਪੜ੍ਹੇ। ਕੁਝ ਹੋਰ ਸਮਕਾਲੀ ਲੇਖਕਾਂ ਦੇ ਨਾਵਲ ਵੀ ਪੜ੍ਹੇ।

ਫਿਰ ਆਈ ਹਿੰਦੀ ਦੀ ਵਾਰੀ। 'ਚੰਦਰ ਕਾਂਤਾ' ਤੇ 'ਭੂਤ ਨਾਥ' ਤੋਂ ਸ਼ੁਰੂ ਕਰਕੇ ਲਗਭਗ ਹਿੰਦੀ ਦੇ ਸਾਰੇ ਹੀ ਪ੍ਰਸਿੱਧ ਨਾਵਲਕਾਰਾਂ ਦੀਆਂ ਰਚਨਾਵਾਂ ਪੜ੍ਹੀਆਂ। 'ਟੇਹੜੇ ਮਿਹੜੇ ਰਾਸਤੇ' ਦੇ ਉਤਰ ਵਿਚ 'ਸੀਧੇ ਸਾਦੇ ਰਾਸਤੇ' ਵਿਚ ਕਲਾਕਾਰਾਂ ਦੀ 'ਨੋਕ ਟੋਕ' ਵੀ ਪੜ੍ਹੀ।

ਹਿੰਦੀ ਵਾਲਿਆਂ ਨੇ 'ਪ੍ਰੇਮ ਚੰਦ' ਨੂੰ ਸਭ ਤੋਂ ਉੱਤਮ ਅਸਥਾਨ ਦੇ ਰਖਿਆ ਹੈ। ਭਾਵੇਂ ਉਹ ਉਰਦੂ ਦਾ ਲੇਖਕ ਸੀ। ਹਿੰਦੀ ਵਿਚ ਅਨੁਵਾਦ ਹੋ ਕੇ ਛਪਿਆ ਹੈ। ਫਿਰ ਵੀ ਉਸਦੀ ਉਤਮਤਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਸਾਹਿੱਤ ਅਜੇਹਾ ਹੁਨਰ ਹੈ, ਜਿਸ ਦਾ ਸਿਖਰ ਕਦੇ ਕਿਸੇ ਨਹੀਂ ਛੋਹਿਆ।

ਪ੍ਰੇਮ ਚੰਦ ਦੇ ਮੈਂ ਸਾਰੇ ਨਾਵਲ ਪੜ੍ਹੇ। ਪਹਿਲੀ ਵਾਰ ਉਹ ਮੈਨੂੰ ਬੜਾ ਪਸੰਦ ਆਇਆ। ਦਸ-ਕੁ ਸਾਲ ਪਿੱਛੋਂ ਮੈਂ ਫਿਰ ਸਾਰਾ ਪ੍ਰੇਮ ਚੰਦ ਪੜ੍ਹਿਆ,ਤਾਂ ਉਹ ਬਹੁਤ ਥਾਂਵਾਂ

ਤੇ ਮੈਨੂੰ 'ਉਲਾਰ' ਜਾਪਿਆ। ਜਿਉਂ ਜਿਉਂ ਪਾਠਕ ਦਾ ਆਪਣਾ ਗਿਆਨ ਵਧਦਾ ਜਾਂਦਾ ਹੈ, ਉਸ ਦੇ 'ਸੁਆਦ' ਤੇ ਪਰਖ ਵਿਚ ਵੀ ਫ਼ਰਕ ਆਉਂਦਾ ਜਾਂਦਾ ਹੈ। ਬੰਗਾਲੀ ਲੇਖਕ ਤਾਰਾ ਸ਼ੰਕਰ ਦਾ 'ਗਣ ਦੇਵਤਾ' ਪੜ੍ਹਨ ਪਿੱਛੋਂ ਤਾਂ ਪ੍ਰੇਮ ਚੰਦ ਉਸ ਤੋਂ ਬਹੁਤ ਹੀ ਪਿੱਛੇ ਜਾਪਿਆ। ਪ੍ਰੇਮ ਚੰਦ ਨੇ ਯੂ. ਪੀ. ਦੇ ਪੇਂਡੂ ਜੀਵਨ ਬਾਰੇ ਲਿਖਿਆ ਹੈ। 'ਗਣ ਦੇਵਤਾ' ਬੰਗਾਲ ਦੇ ਪੇਂਡੂ ਜੀਵਨ ਬਾਰੇ ਹੈ।

ਬੰਗਾਲ ਵਿਚ ਪੁਰਾਤਨ ਤਿੰਨ ਨਾਵਲਕਾਰਾਂ : ਬੰਕਮ ਚੰਦਰ, ਸ਼ਰਤ ਚੰਦਰ ਤੇ ਰਾਬਿੰਦਰ ਨਾਥ ਠਾਕਰ (ਟੈਗੋਰ) ਦੀ ਬਹੁਤ ਮਾਨਤਾ ਹੈ। ਉਹਨਾਂ ਵਿਚੋਂ ਬੰਕਮ ਮੈਨੂੰ ਬਹੁਤਾ ਪਸੰਦ ਨਹੀਂ ਆਇਆ। ਪਰ ਉਹ ਨਵੀਂ ਨਾਵਲ-ਕਲਾ ਦਾ ਪਿਤਾਮਾ ਮੰਨਿਆਂ ਜਾਂਦਾ ਹੈ, ਇਸ ਲਈ ਉਸਦਾ ਸਤਿਕਾਰ ਹੈ। ਮੇਰੀ ਨਜ਼ਰ ਵਿਚ ਪੰਜਾਬੀ ਨਾਵਲ ਵਿਚ ਨਾਨਕ ਸਿੰਘ ਦਾ ਓਹਾ ਅਸਥਾਨ ਹੈ, ਜੋ ਬੰਗਲਾ ਵਿਚ ਬੰਕਮ ਚੰਦਰ ਦਾ।

ਟੈਗੋਰ ਦੇ ਦੋ ਨਾਵਲ ਪਸੰਦ ਆਏ ਹਨ..."ਗੋਰਾ' ਤੇ 'ਆਂਖ ਕੀ ਕਿਰਕਰੀ'। ਸ਼ਰਤ ਚੰਦਰ ਦਾ ਕੋਈ ਮੁਕਾਬਲਾ ਨਹੀਂ। ਮੈਂ ਉਸਦੇ ਸਾਰੇ ਨਾਵਲ ਦੋ-ਦੋ, ਤਿੰਨ-ਤਿੰਨ ਵਾਰ ਪੜ੍ਹੇ। ਵੱਡਾ ਗੁਣ ਇਹ ਹੈ, ਕਿ ਉਹ ਮਨੁੱਖ ਦੇ ਅੰਦਰ ਬੜੀ ਗਹਿਰਾਈ ਨਾਲ ਝਾਤੀ ਮਾਰਦਾ ਹੈ। ਉਸਦੇ ਮੁਕਾਬਲੇ 'ਤੇ ਰੂਸ ਦਾ ਮਹਾਨ ਨਾਵਲਕਾਰ ਦਾਸਤੋਵਸਕੀ ਹੀ ਜਚਿਆ ਹੈ।

ਇਕ ਵਾਰ ਇਕ ਪੰਜਾਬੀ ਆਲੋਚਕ ਨੇ ਮੇਰੇ ਤੇ ਸਵਾਲ ਕੀਤਾ, "ਤੁਸੀਂ ਪੰਜਾਬੀ ਨਾਵਲਾਂ ਬਾਰੇ ਕੀ ਰਾਏ ਰੱਖਦੇ ਹੋ। ਜਾਂ ਤੁਸੀਂ ਕਿਸ ਤੋਂ ਵਧੇਰੇ ਪ੍ਰਭਾਵਤ ਹੋਏ ਹੋ।"

ਮੈਂ ਕੁਛ ਬਾਹਰ ਦੇ ਨਾਵਲਕਾਰਾਂ ਦੇ ਨਾਮ ਲਏ, ਜਿੰਨ੍ਹਾਂ ਵਿਚ ਰੂਸ, ਫ਼ਰਾਂਸ ਤੇ ਤੇ ਇੰਗਲੈਂਡ ਦੇ ਕੁਛ ਪ੍ਰਸਿੱਧ ਲੇਖਕ ਸਨ। ਮਿਸਾਲ ਵਜੋਂ : ਡਿਕਨਜ਼, ਹਿਯੂਗੋ, ਜ਼ੋਲਾ, ਹਾਰਡੀ, ਦਾਸਤੋਵਸਕੀ, ਤਾਲਸਤਾਇ, ਆਦਿ।

ਉਸ ਆਲੋਚਕ ਨੇ ਇਕ ਲੇਖ ਵਿਚ ਇਸ ਨੂੰ ਮੇਰੀ ਹਉਮੈ ਦੱਸਿਆ। ਇਕ ਉਸ ਨੇ ਹੋਰ ਸਵਾਲ ਕੀਤਾ, ਜਿਸ ਦੇ ਉਤਰ ਵਿਚ ਮੈਂ ਕਿਹਾ, "ਮੈਂ ਨੁਕਸ ਵੀ ਉਸ ਨਾਵਲਕਾਰ ਵਿਚ ਭਾਲਣ ਦਾ ਯਤਨ ਕਰਦਾ ਹਾਂ, ਜੋ ਮੈਨੂੰ ਬਹੁਤ ਪਸੰਦ ਹੋਵੇ। ਸ਼ਰਤ ਚੰਦਰ ਮੇਰੀ ਨਜ਼ਰ ਵਿਚ 'ਮਹਾਨ' ਹੈ। ਪਰ ਉਸ ਦੇ ਬਹੁਤੇ ਨਾਵਲਾਂ ਦਾ ਆਰੰਭ ਬਹੁਤ ਹੀ ਫਿੱਕਾ ਹੁੰਦਾ ਹੈ। ਕੁਛ ਨਾਵਲ ਤਾਂ ਅਜੇਹੇ ਹਨ, ਜੇ ਉਸ ਉਪਰ ਸ਼ਰਤ ਚੰਦਰ ਦਾ ਨਾਮ ਨਾ ਹੋਵੇ, ਤਾਂ ਸ਼ਾਇਦ ਪਾਠਕ ਪੜ੍ਹੇ ਹੀ ਨਾ। ਇਹ ਨੁਕਸ ਮੈਨੂੰ ਬਹੁਤ ਰੜਕਿਆ ਤੇ ਮੈਂ ਇਸ ਤੋਂ ਬਚਣ ਦਾ ਯਤਨ ਕੀਤਾ।"

ਨਾਵਲ ਦੀ ਟੈਕਨੀਕ ਬਾਰੇ ਵੀ ਮੈਂ ਕੁਛ ਪੁਸਤਕਾਂ ਪੜ੍ਹੀਆਂ। ਹਿੰਦੀ ਵਿਚ ਪ੍ਰੇਮ ਚੰਦ ਬਾਰੇ ਖ਼ਾਸ ਕਰ ਉਸ ਦੇ 'ਇਸਤਰੀ ਪਾਤਰ'। ਉਰਦੂ ਵਿਚ 'ਨਾਵਲ ਕਿਆ ਹੈ' ਪੜ੍ਹੀ। ਉਹ ਮੈਨੂੰ ਬਹੁਤ ਪਸੰਦ ਆਈ। ਉਸ ਦੀ ਬੋਲੀ ਬੜੀ ਸਰਲ ਤੇ ਬਾ-ਮੁਹਾਵਰਾ ਸੀ। ਪੰਜਾਬੀ ਵਿਚ ਵੀ ਕੁਛ ਪੁਸਤਕਾਂ ਪੜ੍ਹੀਆਂ। ਪਰ ਉਹਨਾਂ ਦੀ ਬੋਲੀ ਬਾਰੇ ਸਮਝਣਾ ਔਖਾ ਹੈ, ਕਿ ਉਹ ਪੰਜਾਬੀ ਹੈ, ਹਿੰਦੀ ਹੈ, ਜਾਂ ਕੋਈ ਨਵੀਂ ਹੀ ਭਾਸ਼ਾ ਜਨਮ ਲੈ ਰਹੀ ਹੈ। ਹਾਂ, ਉਸ ਬਾਰੇ ਵਿਰੋਧੀ ਇਹ ਕਹਿ ਸਕਦਾ ਹੈ, ਕਿ ਪੰਜਾਬੀ 'ਪੂਰਨ' ਬੋਲੀ ਨਹੀਂ ਹੈ। ਕਿਉਂਕਿ ਇਸ ਵਿਚ ਸਾਰੇ ਵਿਚਾਰ ਪਰਗਟ ਨਹੀਂ ਕੀਤੇ

ਜਾ ਸਕਦੇ।

ਪਰ ਮੇਰਾ ਤਜਰਬਾ ਹੈ, ਕਿ ਸੰਸਾਰ ਦੀ ਨਾ ਹੀ ਕੋਈ ਬੋਲੀ ਪੂਰਨ ਹੈ, ਤੇ ਨਾ ਹੀ ਲਿਪੀ। ਵੱਖ ਵੱਖ ਲੋਕਾਂ ਦੇ ਮਿਲਾਪ ਕਾਰਨ ਹਰ ਬੋਲੀ ਵਿਚ ਨਵੇਂ ਵਿਚਾਰਾਂ ਦੇ ਨਾਲ ਨਵੇਂ ਸ਼ਬਦ ਵੀ ਰਚਮਿਚ ਜਾਂਦੇ ਹਨ। ਤੇ ਲਿਪੀ ਤਾਂ ਕੋਈ ਵੀ ਨਹੀਂ, ਜੋ ਮਨੁੱਖੀ ਗਲੇ ਦੀ ਹਰ ਆਵਾਜ਼ ਨੂੰ ਸਪਸ਼ਟ ਕਰ ਸਕੇ।

ਹੁਣ ਮੈਂ ਆਪਣੇ ਨਾਵਲਾਂ ਬਾਰੇ ਲਿਖਦਾ ਹਾਂ। ਪਰ ਇਹ ਆਲੋਚਨਾ ਨਹੀਂ, ਸਿਰਫ਼ ਆਲੋਚਕਾਂ ਵਾਸਤੇ ਇਕ ਸੇਧ ਮਾਤਰ ਹੈ।

ਵੈਸੇ ਤਾਂ ਹਰ ਮਨੁੱਖ ਆਲੋਚਕ ਹੈ। ਸਭ ਤੋਂ ਵਧੇਰੇ ਉਹ ਆਪਣੇ ਆਪ 'ਤੇ ਨੁਕਤਾ ਚੀਨੀ ਕਰਦਾ ਹੈ। ਪਰ ਉਹ ਲੋਕਾਂ ਦੇ ਸਾਮ੍ਹਣੇ ਪਰਗਟ ਨਹੀਂ ਕਰਦਾ। ਕਿਉਂਕਿ ਉਸ ਤਰ੍ਹਾਂ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ। ਹਰ ਇਨਸਾਨ 'ਜੀਨ ਜੈਕ ਰੂਸੋ' ਨਹੀਂ ਬਣ ਸਕਦਾ, ਜੋ ਆਪਣੀਆਂ ਕਮਜ਼ੋਰੀਆਂ ਲੋਕਾਂ ਵਿਚ ਪਰਗਟ ਕਰ ਸਕੇ।

ਸਭ ਤੋਂ ਪਹਿਲਾਂ 1933 ਵਿਚ ਮੈਂ ਇਕ ਛੋਟਾ ਜੇਹਾ ਨਾਵਲ ਲਿਖਿਆ 'ਸ਼ਾਮ ਦੀ ਵਿਸਾਖੀ'। ਕਸੂਰ ਇਕ ਸਰਾਫ਼ੀ ਦੀ ਫ਼ਰਮ ਸੀ 'ਕਿਸ਼ਨ ਸਿੰਘ ਕਰਤਾਰ ਸਿੰਘ'। ਉਹਨਾਂ ਦੇ ਕਹਿਣ ਉਤੇ ਮੈਂ ਉਹ ਨਾਵਲ ਲਿਖਿਆ, ਤੇ ਉਹਨਾਂ ਛਪਵਾ ਕੇ ਵਿਸਾਖੀ ਦੇ ਪੁਰਬ ਸਮੇਂ ਸੰਗਤਾਂ ਵਿਚ ਮੁਫ਼ਤ ਵੰਡਿਆ।

ਸ਼ਾਮ ਦੀ ਵਿਸਾਖੀ' 80 ਸਫ਼ੇ ਦਾ ਛੋਟਾ ਜਿਹਾ ਨਾਵਲ ਸੀ। ਬਿਲਕੁਲ 'ਸੁੰਦਰੀ' ਜਾਂ 'ਬਿਜੈ ਸਿੰਘ' ਵਰਗਾ। ਓਹੋ ਟੈਕਨੀਕ ਤੇ ਓਹਾ ਮਨੋਰਥ। ਭਾਵ, ਉਹ ਸਿੱਖੀ ਦੇ ਪਰਚਾਰ ਵਾਸਤੇ ਹੀ ਲਿਖਿਆ ਗਿਆ ਸੀ। (ਅਫ਼ਸੋਸ, ਇਸ ਵੇਲੇ ਮੇਰੇ ਪਾਸ ਉਸਦੀ ਕੋਈ ਕਾਪੀ ਨਹੀਂ)। ਉਹ ਮੇਰਾ ਮੁਢਲਾ ਤਜਰਬਾ ਹੀ ਸਮਝਣਾ ਚਾਹੀਦਾ ਹੈ।

ਸਹੀ ਅਰਥਾਂ ਵਿਚ ਮੇਰਾ ਪਹਿਲਾ ਨਾਵਲ 'ਮੁੱਲ ਦਾ ਮਾਸ' ਹੀ ਸਮਝਣਾ ਚਾਹੀਦਾ ਹੈ। ਮੈਂ ਪਿੱਛੇ ਲਿਖ ਆਇਆ ਹਾਂ, ਕਿ ਕਦੇ ਮੈਂ 'ਮੁੱਲ ਦਾ ਮਾਸ' ਇਕ ਪੂਰੇ ਨਾਟਕ ਦੇ ਰੂਪ ਵਿਚ ਲਿਖਿਆ ਸੀ। ਪਰ ਨਾਟਕ ਛਾਪਣ ਦੀ ਹਿੰਮਤ ਨਾ ਪਈ। ਸੋ ਉਸੇ ਕਹਾਣੀ ਨੂੰ 1947 ਵਿਚ ਮੈਂ ਨਾਵਲ ਦਾ ਰੂਪ ਦਿੱਤਾ।

ਪਹਿਲਾ ਤਜਰਬਾ ਸੀ, ਸੋ ਇਸ ਉਤੇ ਮੈਨੂੰ ਬਹੁਤ ਮਿਹਨਤ ਕਰਨੀ ਪਈ। ਪਹਿਲਾਂ ਮੈਂ ਸਾਰੀ ਕਹਾਣੀ ਦੀ ਸਮਰੀ (ਸੰਖੇਪ ਰੂਪ) ਬਣਾਈ। ਫਿਰ ਕਾਂਡਾਂ ਦੀ ਵੰਡ ਕੀਤੀ, ਤੇ ਵੇਰਵਾ ਲਿਖਿਆ, ਕਿ ਹਰ ਕਾਂਡ ਵਿਚ ਕੀ ਕੁਛ ਲਿਖਣਾ ਹੈ। ਫਿਰ ਉਸ ਦੇ ਪਾਤਰ ਜ਼ਿੰਦਗੀ ਵਿਚ ਵੇਖੇ ਡਿੱਠੇ ਚਿਹਰੇ ਭਾਲੇ। ਢਾਡੀ ਹੋਣ ਦੇ ਕਾਰਨ ਲੱਖਾਂ ਲੋਕਾਂ ਨਾਲ ਮੇਰਾ ਵਾਹ ਪੈਂਦਾ ਸੀ। ਧਾਰਮਿਕ ਰੁਚੀਆਂ ਹੋਣ ਕਾਰਨ, ਮੇਰੇ ਵਿਚ ਚੰਚਲ-ਤਾਈ ਨਹੀਂ ਸੀ, ਤੇ ਹਰ ਕਿਸਮ ਦੇ ਨਸ਼ਿਆਂ ਤੋਂ ਵਾਹਿਗੁਰੂ ਨੇ ਬਚਾਇਆ ਹੋਇਆ ਸੀ। ਸੋ ਮੇਰੇ ਸਰੋਤੇ ਏਸੇ ਰੂਪ ਵਿਚ ਮੇਰਾ ਸਤਿਕਾਰ ਕਰਦੇ ਸਨ, ਤੇ ਕਈ ਵਾਰ ਘਰੋਗੀ ਗੁੰਝਲਾਂ ਮੇਰੇ ਸਾਹਮਣੇ ਖੁਹਲਦੇ ਸਨ। ਇਸ ਦਾ ਲਾਭ ਇਹ ਪੁੱਜਾ, ਕਿ ਮੈਨੂੰ ਪਾਤਰ ਜਿਉਂਦੇ ਜਾਗਦੇ ਮਿਲ ਗਏ, ਕਦੇ ਕਲਪਤ ਪਾਤਰ ਨਹੀਂ ਸਿਰਜਣੇ ਪਏ।

'ਮੁੱਲ ਦਾ ਮਾਸ' ਨਾਵਲ ਮੈਂ 4 ਅਪ੍ਰੈਲ, 1947 ਨੂੰ ਸੰਪੂਰਨ ਕੀਤਾ। ਅਜੇ ਇਸ ਦੇ ਛਾਪਣ ਦੀ ਵਾਰੀ ਨਹੀਂ ਸੀ ਆਈ, ਜਾਂ ਪਾਕਿਸਤਾਨ ਬਣ ਗਿਆ। ਸਾਡਾ

ਪਿੰਡ 'ਕਾਦੀਵਿੰਡ' ਹੱਦੋਂ ਪਰਲੇ ਪਾਸੇ ਚਲਾ ਗਿਆ।

''ਜੋ ਮਨਿ ਚਿਤਿ ਨ ਚੇਤੇ ਸਨਿ,
ਸੋ ਗਾਲੀ ਰਬ ਕੀਆਂ ।99।'' (ਸਲੋਕ ਫ਼ਰੀਦ)

ਮੈਨੂੰ ਯਕੀਨ ਨਹੀਂ ਸੀ, ਕਿ ਸਾਡਾ ਪਿੰਡ ਪਾਕਿਸਤਾਨ ਵਿਚ ਚਲਾ ਜਾਇਗਾ। ਲੀਡਰ ਸਾਹਿਬਾਨ ਸਦਾ ਏਹਾ ਤਸੱਲੀ ਦਿਆ ਕਰਦੇ, ਕਿ ਹੱਦ 'ਮੀਆਂ ਮੀਰ' ਵਾਲੀ ਨਹਿਰ ਬਣੇਗੀ। ਭਾਵ, ਲਾਹੌਰ ਸ਼ਹਿਰ ਦੇ ਨਾਲ ਲਾਹੌਰ ਦੀ ਅੱਧੀ ਤਹਿਸੀਲ ਪਾਕਿਸਤਾਨ ਵਿਚ ਜਾਵੇਗੀ, ਤੇ ਬਾਕੀ ਸਾਰਾ ਜ਼ਿਲਾ ਲਾਹੌਰ ਭਾਰਤ ਵਿਚ ਰਹੇਗਾ। ਪਰ ਹੋਇਆ ਇਸ ਦੇ ਉਲਟ। ਕਸੂਰ ਦੀ ਅੱਧੀ ਤਹਿਸੀਲ ਇਸ ਪਾਸੇ ਆਈ, ਤੇ ਬਾਕੀ ਸਾਰਾ ਜ਼ਿਲ੍ਹਾ ਪਾਕਿਸਤਾਨ ਵਿਚ ਚਲਾ ਗਿਆ।

ਮਜਬੂਰ ਹੋ ਕੇ 21 ਅਗਸਤ ਨੂੰ ਬਾਕੀ ਭਰਾਵਾਂ ਨਾਲ ਮੈਨੂੰ ਵੀ ਜੱਦੀ ਪਿੰਡ ਛੱਡ ਕੇ ਤੁਰਨਾ ਪੈ ਗਿਆ। ਮੇਰੇ ਮੁਜ਼ਾਰੇ ਮੁਸਲਮਾਨ ਸਨ। ਪਰ ਉਹ ਮੇਰੇ ਪੂਰੇ ਵਫ਼ਾਦਾਰ ਰਹੇ। ਮੇਰੇ ਵੱਲੋਂ ਉਹ ਹਰ ਤਰ੍ਹਾਂ ਸੁਖੀ ਸਨ। ਮੈਨੂੰ ਇਸ ਦਾ ਫਲ ਵੀ ਚੰਗਾ ਮਿਲਿਆ। ਮੇਰਾ ਬਹੁਤ ਸਾਰਾ ਸਾਮਾਨ ਉਹਨਾਂ ਚੁੱਕ ਕੇ ਹੱਦੋਂ ਪਾਰ ਪੁਚਾਇਆ। ਮੈਂ ਤਾਂ ਉਸ ਸਮੇਂ ਵੀ ਹੌਸਲੇ ਵਿਚ ਸਾਂ, ਪਰ ਉਹ ਸਾਰੇ ਧਾਹੀਂ ਮਾਰ ਮਾਰ ਰੋ ਰਹੇ ਸਨ।[1]

ਸਮੇਂ ਦੇ ਚੱਕਰ ਅਨੁਸਾਰ ਪਹਿਲਾਂ ਮੈਂ ਸ਼ਹਾਬਪੁਰੇ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਜ਼ਮੀਨ ਅਲਾਟ ਕਰਾਈ, ਤੇ ਫਿਰ ਛੱਡ ਕੇ ਜ਼ੀਰੇ ਆਉਣਾ ਪਿਆ। ਮੇਰੇ ਬੱਚਿਆਂ ਦੇ ਨਾਨਕੇ ਨੱਗਰ 'ਭੜਾਣਾ' ਜ਼ਿਲਾ ਫ਼ੀਰੋਜ਼ਪੁਰ ਵਿਚ ਹਨ। ਸੋ ਤਿੰਨ-ਚਾਰ ਮਹੀਨੇ ਮੇਰੇ ਪਰਵਾਰ ਨੂੰ ਓਥੇ ਗੁਜ਼ਾਰਨੇ ਪਏ।

ਤੇ ਉਹਨੀ ਦਿਨੀ ਮੇਰਾ ਸ਼ੁਗਲ ਇਹ ਸੀ, ਕਿ ਮੈਂ ਪਾਕਿਸਤਾਨ ਵਿਚੋਂ ਉਜੜ ਕੇ ਆਉਣ ਵਾਲਿਆਂ ਦੇ ਬਿਆਨ ਇਕੱਠੇ ਕਰ ਰਿਹਾ ਸਾਂ। ਜ਼ੀਰੇ ਬਹਿ ਕੇ ਮੈਂ ਦੇਸ ਦੀ ਵੰਡ ਬਾਰੇ ਇਕ ਪੁਸਤਕ ਲਿਖੀ 'ਪੰਜਾਬ ਦਾ ਉਜਾੜਾ'। ਉਸ ਦੀਆਂ ਦੋ ਐਡੀਸ਼ਨਾਂ ਛਪੀਆਂ ਤੇ ਫਿਰ ਛਾਪਣ ਦਾ ਹੌਸਲਾ ਨਹੀਂ ਪਿਆ।

ਜ਼ੀਰੇ ਆਰਜ਼ੀ ਤੌਰ 'ਤੇ ਸਿਰਫ਼ ਪੰਜ ਏਕੜ ਜ਼ਮੀਨ ਅਲਾਟ ਹੋਈ। ਪਾਕਿਸਤਾਨ ਵਿਚ ਸੌ ਘੁਮਾਂ ਤੋਂ ਉਪਰ ਸੀ। ਮੇਰੇ ਬੱਚੇ ਸਾਰੇ ਪੜ੍ਹਦੇ ਸਨ। ਪੰਜ ਏਕੜ ਉਤੇ ਗੁਜ਼ਾਰਾ ਕਰ ਲੈਣਾ ਸਾਡੇ ਵੱਸ ਦਾ ਰੋਗ ਨਹੀਂ ਸੀ। ਉਹ ਮੈਂ ਆਪਣੇ ਭਣੇਵੇਂ ਦੇ ਹਵਾਲੇ ਕੀਤੀ ਤੇ ਆਪ ਲੁਧਿਆਣਾ ਆ ਕੇ ਪ੍ਰਿੰਟਿੰਗ ਪ੍ਰੈਸ ਲਾ ਲਿਆ। ਸੋ 23 ਅਕਤੂਬਰ, 1948 ਤੋਂ ਮੈਂ ਲੁਧਿਆਣੇ ਜੋਗਾ ਹੀ ਹੋ ਗਿਆ। ਕੁਝ ਸਰਕਾਰ ਤੋਂ ਕਰਜ਼ਾ ਲੈ ਲਿਆ ਤੇ ਕੁਛ ਅੰਮ੍ਰਿਤਸਰ ਦੁਕਾਨਦਾਰਾਂ ਤੋਂ, ਤੇ ਏਥੇ ਆਪਣੀਆਂ ਕਿਤਾਬਾਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ।

ਤਿੰਨ ਸਾਲ ਪਿਛੋਂ ਪੱਕੀ ਅਲਾਟਮੈਂਟ ਹੋਈ, ਤਾਂ ਜ਼ੀਰੇ ਵਿਚ ਮੈਨੂੰ 62 ਏਕੜ ਜ਼ਮੀਨ ਅਲਾਟ ਹੋਈ। ਪਰ ਉਸ ਨਾਲ ਮੋਹ ਨਾ ਪਿਆ, ਜੋ ਕਦੀਵਿੰਡ ਵਾਲੀ ਜ਼ਮੀਨ ਨਾਲ ਮੋਹ ਸੀ। ਸਮਾਂ ਪਾ ਕੇ ਮੈਂ ਉਹ ਵੇਚ ਦਿੱਤੀ ਤੇ ਵਧੇਰੇ ਜਾਇਦਾਦ ਸ਼ਹਿਰ ਵਿਚ

1. ਵੇਰਵੇ ਸਹਿਤ ਵੇਖੋ 'ਵੇਖੀ ਮਾਣੀ ਦੁਨੀਆ'।

ਬਣਾ ਲਈ।

ਸੋ ਪਹਿਲਾ ਨਾਵਲ 'ਮੁੱਲ ਦਾ ਮਾਸ' ਮੈਂ ਲੁਧਿਆਣੇ ਆਪਣੇ ਪ੍ਰੈਸ ਵਿਚ ਹੀ ਛਾਪਿਆ।

ਹੁਣ ਮੈਂ ਪਹਿਲਾਂ ਨਾਵਲਾਂ ਦੀ ਸੂਚੀ ਦੇ ਲਵਾਂ।

1. 'ਮੁੱਲ ਦਾ ਮਾਸ'-ਲਿਖਿਆ 4.4.1947, ਤੇ ਛਪਿਆ ਅਪ੍ਰੈਲ, 1949 ਵਿਚ।
2. 'ਵਿਜੋਗਣ'-ਲਿਖਿਆ 3.12.1950, ਤੇ ਛਪਿਆ ਜਨਵਰੀ, 1951 ਵਿਚ।
3. 'ਅੰਨ੍ਹੀ ਸੁੰਦਰਤਾ'-ਲਿਖਿਆ 2.3.52 ਤੇ ਛਪਿਆ ਅਕਤੂਬਰ, 1952 ਵਿਚ।
4. 'ਦੀਵੇ ਦੀ ਲੋ'-ਲਿਖਿਆ 29.11.52 ਤੇ ਛਪਿਆ ਅਪ੍ਰੈਲ, 1953 ਵਿਚ।
5. 'ਪਤਵੰਤੇ ਕਾਤਲ'-ਲਿਖਿਆ 9.5.55 ਤੇ ਛਪਿਆ ਜੂਨ, 1955 ਵਿਚ।
6. 'ਜੰਗ ਜਾਂ ਅਮਨ'-ਲਿਖਿਆ 10.8.58 ਤੇ ਛਪਿਆ ਅਗਸਤ, 1959 ਵਿਚ।
7. ਬਦਲਾ'-ਲਿਖਿਆ 2.5.59, ਤੇ ਛਪਿਆ ਜੁਲਾਈ 1959 ਵਿਚ।
8. 'ਧਰਤੀ ਦੇ ਦੇਵਤੇ'-ਲਿਖਿਆ 10.11.59 ਤੇ ਛਪਿਆ ਜਨਵਰੀ, 1960 ਵਿਚ।
9. 'ਪ੍ਰੀਤ ਕਿ ਰੂਪ'-ਲਿਖਿਆ 24.8.60 ਤੇ ਛਪਿਆ ਸਤੰਬਰ, 1960 ਵਿਚ।
10. 'ਧਰਤੀ ਦੀ ਬੇਟੀ'-ਲਿਖਿਆ 11.9.60 ਤੇ ਛਪਿਆ ਨਵੰਬਰ, 1960 ਵਿਚ।
11. 'ਕਾਲੇ ਪਰਛਾਂਵੇਂ'-ਲਿਖਿਆ 5.1.61 ਤੇ ਛਪਿਆ ਮਾਰਚ, 1961 ਵਿਚ।
12. 'ਪ੍ਰੀਤ ਤੇ ਪੈਸਾ'-ਲਿਖਿਆ 20.11.61 ਤੇ ਛਪਿਆ ਦਸੰਬਰ, 1961 ਵਿਚ।
13. 'ਤੂਤਾਂ ਵਾਲਾ ਖੂਹ'-ਲਿਖਿਆ 17.12.62 ਤੇ ਛਪਿਆ ਮਾਰਚ, 1963 ਵਿਚ।
14. 'ਈਚੋਗਿੱਲ ਨਹਿਰ ਤਕ'-ਲਿਖਿਆ 17.2.66 ਤੇ ਛਪਿਆ ਮਾਰਚ, 1966 ਵਿਚ।
15. 'ਜੁਗ ਬਦਲ ਗਿਆ'-ਲਿਖਿਆ 19.10.71 ਤੇ ਛਪਿਆ ਦਸੰਬਰ, 1972 ਵਿਚ
16. 'ਜਵਾਲਾ ਮੁਖੀ'-ਲਿਖਿਆ 29.5.72 ਤੇ ਛਪਿਆ ਅਗਸਤ, 1972 ਵਿਚ।
17. 'ਸੁੰਞਾ ਆਹਲਣਾ'-ਲਿਖਿਆ 25.10.73 ਤੇ ਛਪਿਆ ਦਸੰਬਰ, 1973 ਵਿਚ।

ਦੋ ਇਤਿਹਾਸਕ ਨਾਵਲ ਵੀ ਹਨ:

1. 'ਮਹਾਰਾਣੀ ਜਿੰਦਾਂ'-ਲਿਖਿਆ 4.10.60 ਤੇ ਛਪਿਆ ਜਨਵਰੀ, 1961 ਵਿਚ।
2. 'ਮ: ਦਲੀਪ ਸਿੰਘ'-ਲਿਖਿਆ 7.2.61 ਤੇ ਛਪਿਆ ਮਾਰਚ, 1961 ਵਿਚ।

ਇਹਨਾਂ ਤੋਂ ਛੁੱਟ ਤਿੰਨ ਛੋਟੇ ਨਾਵਲ ਵੀ ਹਨ। ਐਜੂਕੇਸ਼ਨ ਮਨਿਸਟਰੀ, ਸਰਕਾਰ ਹਿੰਦ ਵੱਲੋਂ ਨੌ-ਸਿਖਿਅਕਾਂ ਵਾਸਤੇ ਸਾਹਿੱਤ ਲਿਖਵਾਇਆ ਜਾਂਦਾ ਹੈ। ਇਹਨਾਂ ਪੁਸਤਕਾਂ ਉਤੇ ਹਰ ਸਾਲ ਮੁਕਾਬਲੇ ਵਿਚ ਇਨਾਮ ਦਿੱਤੇ ਜਾਂਦੇ ਹਨ। ਕੋਈ ਵੀ ਲੇਖਕ ਤਿੰਨ ਵਾਰ ਇਹ ਲੈ ਸਕਦਾ ਹੈ। ਸੋ ਮੇਰੇ ਹੇਠ ਲਿਖੇ ਤਿੰਨਾਂ ਨਾਵਲਾਂ ਉਤੇ ਇਹ ਇਨਾਮ ਮਿਲ ਚੁਕਾ ਹੈ:

1. 'ਸੁਰਗ ਸਵੇਰਾ', ਅਪ੍ਰੈਲ 1961।
2. 'ਹਿਮਾਲੀਆ ਦੇ ਰਾਖੇ', ਜੂਨ 1963।
3. 'ਸੱਭੇ ਸਾਂਝੀਵਾਲ ਸਦਾਇਨ', ਫਰਵਰੀ 1965।

ਮੇਰੇ ਨਾਵਲਾਂ 'ਤੇ ਵਿਚਾਰ ਕਰਨ ਲਗਿਆਂ ਇਹਨਾਂ ਨੂੰ ਵੱਖ ਵੱਖ ਵਰਗਾਂ ਵਿਚ ਵੰਡ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਸਮਝਣ ਵਿਚ ਸਹੂਲਤ ਰਹੇਗੀ।

ਹਾਲਾਤ ਵੱਸ, ਮੈਨੂੰ ਪ੍ਰਕਾਸ਼ਕ ਵੀ ਆਪ ਹੀ ਬਣਨਾ ਪਿਆ। ਇਸ ਲਈ ਪਹਿਲੇ ਪੰਜ ਨਾਵਲ ਮੈਂ ਜਾਣ ਬੁੱਝ ਕੇ ਆਕਾਰ ਵਿਚ ਛੋਟੇ ਰੱਖੇ। ਜਿਥੇ ਵਿਸਥਾਰ ਦੀ ਲੋੜ ਸੀ, ਉਥੇ ਵੀ ਮੈਂ ਵਿਸਥਾਰ ਨਹੀਂ ਦੇ ਸਕਿਆ।

ਬਿਹਾਰ ਵਿਚ ਇਕ ਮੇਰੇ ਮਿੱਤਰ ਸਨ। ਕੰਮ ਉਹ ਠੇਕੇਦਾਰੀ ਦਾ ਕਰਦੇ ਸਨ, ਪਰ ਉਹਨਾਂ ਨੂੰ ਸ਼ੌਕ ਸੀ, ਕਿ ਕਦੇ ਉਹ ਫ਼ਿਲਮ ਪ੍ਰੋਡਿਊਸਰ ਬਣਨਗੇ। ਚਾਰ ਨਾਵਲ (ਵਿਜੋਗਣ, ਅੰਨ੍ਹੀ ਸੁੰਦਰਤਾ, ਪ੍ਰੀਤ ਕਿ ਰੂਪ, ਤੇ ਧਰਤੀ ਦੀ ਬੇਟੀ) ਮੈਂ ਉਹਨਾਂ ਵਾਸਤੇ ਲਿਖੇ ਸਨ। ਇਹਨਾਂ ਨੂੰ ਯਥਾਰਥ ਦੀ ਕਸਵੱਟੀ 'ਤੇ ਨਹੀਂ ਪਰਖਣਾ ਚਾਹੀਦਾ। ਇਹ ਫ਼ਿਲਮਾਂ ਵਾਸਤੇ ਲਿਖੇ ਗਏ ਸਨ।

'ਧਰਤੀ ਦੇ ਦੇਵਤੇ' ਸ. ਪ੍ਰਤਾਪ ਸਿੰਘ ਕੈਰੋਂ ਦੇ ਕਹਿਣ ਉਤੇ ਲਿਖਿਆ ਗਿਆ ਸੀ। ਨਿਸ਼ਾਨਾ ਸੀ ਪਿੰਡਾਂ ਦੀ ਉਨਤੀ ਦਾ।

ਬਾਕੀ ਮੈਂ ਦਿਲ ਦੀ ਗੱਲ ਕਹਿਣ ਵਾਸਤੇ ਲਿਖੇ ਹਨ। ਉਹਨਾਂ ਬਾਰੇ ਮੇਰੇ ਉਤੇ ਕਿਸੇ ਕਿਸਮ ਦੀ ਬੰਦਸ਼ ਨਹੀਂ ਸੀ।

ਹੁਣ ਮੈਂ ਹਰ ਨਾਵਲ ਬਾਰੇ ਕੁਛ ਵੇਰਵਾ ਦੇਂਦਾ ਹਾਂ।

13

1. ਮੁੱਲ ਦਾ ਮਾਸ : ਨਾਵਲ ਦੇ ਨਾਮ ਤੋਂ ਹੀ ਵਿਸ਼ੇ ਵਸਤੂ ਬਾਰੇ ਸਪਸ਼ਟ ਹੋ ਜਾਂਦਾ ਹੈ। ਪੈਸਿਆਂ ਤੋਂ ਖ਼ਰੀਦਿਆ ਇਸਤਰੀ ਦਾ ਸਰੀਰ, ਦਿਲ ਨਹੀਂ। ਭਾਵ ਮੁੱਲ ਦਾ ਵਿਆਹ।

ਕਹਾਣੀ :

ਹਰੀ ਸਿੰਘ ਥੋੜੀ ਜਿਹੀ ਧਰਤੀ ਦਾ ਮਾਲਕ ਹੈ। ਇਕ ਵੱਡੇ ਜ਼ਿਮੀਦਾਰ ਦੀ ਰੀਸ ਨਾਲ ਹਰੀ ਸਿੰਘ ਦਾ ਪਿਤਾ ਆਪਣੀ ਲੜਕੀ ਦੇ ਵਿਆਹ ਉਤੇ ਏਨਾ ਖ਼ਰਚ ਕਰ ਗਿਆ, ਜਿਸ ਨਾਲ ਉਹ ਪਰਵਾਰ ਕਰਜ਼ੇ ਥੱਲੇ ਦੱਬਿਆ ਗਿਆ। ਹਰੀ ਸਿੰਘ ਉਹ ਕਰਜ਼ਾ ਉਤਾਰ ਨਾ ਸਕਿਆ। ਅੰਤ ਉਸ ਨੂੰ ਆਪਣੀ ਮੁਟਿਆਰ ਲੜਕੀ 'ਚੰਦੋ' ਵੇਚਣ ਵਾਸਤੇ ਮਜਬੂਰ ਹੋਣਾ ਪਿਆ।

ਚੰਦੋ ਦੀ ਉਮਰ ਦੀਆਂ ਲੜਕੀਆਂ ਲੋਚਿਆ ਕਰਦੀਆਂ ਹਨ, ਕਿ ਉਹਨਾਂ ਦਾ ਸਾਥੀ ਗਭਰੂ-ਜਵਾਨ, ਸੁੰਦਰ ਤੇ ਮਿਠਬੋਲੜਾ ਹੋਵੇ। ਪਰ ਚੰਦੋ ਜਾਣਦੀ ਸੀ, ਕਿ ਉਸਦਾ ਵਿਆਹ ਕਿਸੇ ਦੁਹਾਜੂ ਨਾਲ ਹੀ ਹੋਵੇਗਾ। ਸੋ ਚਾਵਾਂ ਦੀ ਉਮਰ ਵਿਚ ਹੀ ਉਸ ਨੂੰ ਗ਼ਮ ਘੁਣ ਵਾਂਗ ਲੱਗ ਗਿਆ।

ਓਸੇ ਪਿੰਡ ਦੇ ਰਾਜਾ ਸੰਮਾ ਸਿੰਘ ਤੇ ਲਾਗੇ ਦੇ ਪਿੰਡ ਦੇ ਪੰਡਤ ਜਵਾਲਾ ਸਹਾਏ ਦੀ ਜੁੰਡੀ ਸੀ। ਦੋਵੇਂ ਹਰੀ ਸਿੰਘ ਦੇ ਘਰ ਆਏ ਤੇ ਪੰਦਰਾਂ ਸੌ ਰੁਪੈ ਵਿਚ ਚੰਦੋ ਦਾ ਰਿਸ਼ਤਾ ਪੱਕਾ ਕਰ ਗਏ। ਚੰਦੋ ਦੀ ਮਾਂ ਨੇ ਵਰ ਦੀ ਉਮਰ ਪੁੱਛੀ, ਤਾਂ ਸੰਮਾ ਸਿੰਘ ਗੋਲ-ਮੋਲ ਇਸ਼ਾਰਾ ਕਰ ਗਿਆ, ਕਿ ਮਰਦ ਤਾਂ ਪੰਜਾਹ ਸਾਲ ਦਾ ਵੀ ਵਡੇਰਾ ਨਹੀਂ ਮੁੱਲਿਆਂ ਜਾ ਸਕਦਾ। ਇਹ ਗੱਲ ਚੰਦੋ ਦੇ ਦਿਲ ਵਿਚ ਇਕ ਵਹਿਮ ਵਾਂਗ ਘਰ ਕਰ ਗਈ, ਕਿ ਉਸ ਦਾ ਹੋਣ ਵਾਲਾ ਪਤੀ ਪੰਜਾਹ ਸਾਲ ਤੋਂ ਘੱਟ ਨਹੀਂ। ਭਾਵ

ਉਸ ਦੇ ਪਿਤਾ ਨਾਲੋਂ ਵੀ ਵੱਡੀ ਉਮਰ ਦਾ ਹੈ।

ਦੂਸਰੇ ਪਾਸੇ ਪੰਡਤ ਨੇ ਆਪਣੇ ਪਿੰਡ ਦੇ ਗੰਡਾ ਸਿੰਘ ਨੂੰ ਪਚਵੰਜਾ ਸਾਲ ਦੀ ਉਮਰ ਵਿਚ ਦੂਸਰੇ ਵਿਆਹ ਵਾਸਤੇ ਤਿਆਰ ਕਰ ਲਿਆ। ਗੰਡਾ ਸਿੰਘ ਦੀ ਵੱਡੀ ਲੜਕੀ ਵਿਆਹੀ ਹੋਈ ਸੀ, ਉਸ ਤੋਂ ਛੋਟਾ ਲੜਕਾ ਬਾਰ੍ਹਾਂ ਸਾਲ ਦਾ ਸੀ, ਤੇ ਲੜਕੇ ਤੋਂ ਛੋਟੀ ਇਕ ਹੋਰ ਲੜਕੀ ਸੀ। ਉਹਨਾਂ ਬੱਚਿਆਂ ਦੀ ਮਾਂ ਮਰ ਚੁਕੀ ਸੀ। ਪੰਡਤ ਤੇ ਰਾਜੇ ਨੇ ਗੰਡਾ ਸਿੰਘ ਤੋਂ ਪੰਜ ਸੌ ਲੈਣਾ ਕੀਤਾ।

ਗੰਡਾ ਸਿੰਘ ਨੇ ਮੁਟਿਆਰ ਚੰਦੋ ਵਿਆਹ ਲਿਆਂਦੀ, ਪਰ ਉਸ ਦੀ ਕੁਛ ਪੈਲੀ ਗਹਿਣੇ ਪੈ ਗਈ ਤੇ ਪੁੱਤਰ ਦੀ ਮੰਗ ਤੋਂ ਜਵਾਬ ਮਿਲ ਗਿਆ।

ਨਾਲ ਨਾਲ ਸੁਰਿੰਦਰ ਤੇ ਹਰਪਾਲ ਦੀ ਕਹਾਣੀ ਚਲਦੀ ਹੈ। ਉਹ ਦੋਵੇਂ ਨਾਨਕੇ ਪਿੰਡ ਰਹਿੰਦੇ ਸਨ। ਉਹਨਾਂ ਦੀਆਂ ਮਾਂਵਾਂ ਸ਼ਰੀਕੇ ਵਿਚੋਂ ਭੈਣਾਂ ਤੇ ਸਹੇਲੀਆਂ ਹਨ। ਬੱਚਿਆਂ ਦਾ ਪਿਆਰ ਵੇਖ ਕੇ ਉਨ੍ਹਾਂ ਦੋਹਾਂ ਦੀ ਮੰਗਣੀ ਕਰ ਦਿਤੀ। ਉਹ ਜਵਾਨ ਹੋਏ ਤਾਂ ਉਹਨਾਂ ਦਾ ਵਿਆਹ ਹੋ ਗਿਆ।

ਪੰਜਾਬੀ ਵਿਚ ਅਖਾਣ ਹੈ : ਜੋੜੀਆਂ ਜੱਗ ਥੋੜੀਆਂ ਤੇ ਨਰੜ ਬਥੇਰੇ। ਗੁਰੂ ਮਹਾਰਾਜ ਜੀ ਫ਼ੁਰਮਾਉਂਦੇ ਹਨ :

"ਧਨ ਪਿਰੁ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ।
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ।"

(ਸੂਹੀ ਮ: ੩, ਪੰਨਾ 788)

ਇਸ ਸਿਧਾਂਤ ਦੀ ਪੂਰੀ ਵਿਆਖਿਆ ਕਾਂਡ 34 ਵਿਚ ਹੈ। ਓਹਾ ਲੇਖਕ ਦੇ ਵਿਚਾਰ ਸਮਝਣੇ ਚਾਹੀਦੇ ਹਨ।

ਵਿਆਹ ਤੋਂ ਪਹਿਲਾਂ ਚੰਦੋ ਦੇ ਮਨ ਦੀ ਅਵਸਥਾ ਨੂੰ ਸਮਝਣ ਵਾਸਤੇ ਦੋ ਮੌਕਾ-ਮੇਲ ਹਨ। ਇਕ ਤਾਂ ਜਦੋਂ ਉਹ ਮੁਕਲਾਵਾ ਹੋ ਕੇ ਆਈ ਹਾਣ-ਸਹੇਲੀ ਹਰਬੰਸੋ ਨਾਲ ਗੱਲਾਂ ਕਰਦੀ ਹੈ। ਹਰਬੰਸੋ ਬਹੁਤ ਖ਼ੁਸ਼ ਹੈ। ਉਹ ਆਪਣੇ ਪਤੀ ਵੱਲੋਂ ਮਿਲੇ ਪਿਆਰ ਤੇ ਸੱਸ ਵੱਲੋਂ ਮਿਲੇ ਸਤਿਕਾਰ ਦੇ ਨਸ਼ੇ ਵਿਚ ਮਸਤ ਹੈ। ਪਰ ਜਦੋਂ ਚੰਦੋ ਆਪਣੀ ਅਵਸਥਾ 'ਤੇ ਝਾਤੀ ਮਾਰਦੀ ਹੈ, ਤਾਂ ਉਹਦਾ ਦਿਲ ਟੁੱਟ ਜਾਂਦਾ ਹੈ। ਘਰ ਆ ਕੇ ਓਹ ਗੁੱਡੀ-ਗੁੱਡਾ ਖੇਡਦੀਆਂ ਬਾਲੜੀਆਂ 'ਤੇ ਗੁੱਸਾ ਕਢਦੀ ਹੈ। ਕਿਉਂਕਿ ਇਕ ਬਾਲੜੀ ਆਪਣੀ ਟਾਕੀਆਂ ਦੀ ਗੁੱਡੀ ਨੂੰ ਪੰਜਾਹ ਸਾਲ ਦੇ ਬੁੱਢੇ ਗੁੱਡੇ ਨਾਲ ਵਿਆਹੁਣ ਵਾਸਤੇ ਤਿਆਰ ਨਹੀਂ।

ਚੰਦੋ ਦਾ ਵਿਆਹ ਹੋ ਗਿਆ ਤੇ ਮੁਕਲਾਵਾ ਵੀ। ਜੋ ਉਸ ਨੂੰ ਗਹਿਣੇ ਪਏ ਸਨ, ਉਹ ਗੰਡਾ ਸਿੰਘ ਦੀ ਵੱਡੀ ਧੀ ਦੇ ਸਨ। ਉਹਨੇ ਬੜੀ ਬੇ-ਰੁਖ਼ੀ ਨਾਲ ਚੰਦੋ ਦੇ ਗਹਿਣੇ ਲਾਹ ਲਏ। ਚੰਦੋ ਹਰ ਪੱਖ ਤੋਂ ਠੱਗੀ ਗਈ।

ਜਵੰਦੀ ਤੇ ਪੰਡਤ ਜਵਾਲਾ ਸਹਾਏ ਗ਼ਰੀਬ ਚੰਦੋ ਦੇ ਮਗਰ 'ਰਾਹੂ' 'ਕੇਤੂ' ਵਾਂਗ ਲਗੇ ਹੋਏ ਸਨ। ਉਹ ਦੋਵੇਂ ਚੰਦੋ ਨੂੰ ਇਸਤਰੀ ਧਰਮ ਤੋਂ ਡੇਗਣਾ ਚਾਹੁੰਦੇ ਸਨ। ਉਹਨਾਂ ਦੀ ਚੁੱਕ ਵਿਚ ਆ ਕੇ ਗੰਡਾ ਸਿੰਘ ਨੇ ਚੰਦੋ ਨੂੰ ਕੁੱਟਣਾ ਮਾਰਨਾ ਸ਼ੁਰੂ ਕਰ ਦਿਤਾ।

ਕਲੇਸ਼ ਏਥੋਂ ਤਕ ਵਧ ਗਿਆ, ਕਿ ਇਕ ਦਿਨ ਚੰਦੋ ਨੇ ਜ਼ਿੰਦਗੀ ਤੋਂ ਤੰਗ ਆ ਕੇ ਖੂਹ ਵਿਚ ਛਾਲ ਜਾ ਮਾਰੀ। ਪਰ ਬਦਕਿਸਮਤ ਨੂੰ ਮੌਤ ਨੇ ਵੀ ਨਾ ਕਬੂਲਿਆ। ਖੂਹ ਵਿਚ ਪਾਣੀ ਥੋੜਾ ਸੀ। ਵਕਤ ਸਿਰ ਹਰਪਾਲ ਤੇ ਪੰਡਤ ਜਵਾਲਾ ਸਹਾਏ ਨੇ ਉਸ ਨੂੰ ਖੂਹ ਵਿਚੋਂ ਕਢ ਲਿਆ।

ਜਵੰਦੀ ਤੇ ਪੰਡਤ ਨੇ ਗੰਡਾ ਸਿੰਘ ਨੂੰ ਚੁੱਕਣਾ ਸ਼ੁਰੂ ਕਰ ਦਿੱਤਾ, ਕਿ ਚੰਦੋ ਹਰਪਾਲ ਸਿੰਘ ਨੂੰ ਚਾਹੁੰਦੀ ਹੈ। ਗੰਡਾ ਸਿੰਘ ਤੇ ਹਰਪਾਲ ਦੇ ਘਰ ਦੀ ਕੰਧ ਸਾਂਝੀ ਹੈ।

ਇਸ ਝੂਠੇ ਇਲਜ਼ਾਮ ਤੋਂ ਕ੍ਰੋਧ ਵਿਚ ਆ ਕੇ ਗੰਡਾ ਸਿੰਘ ਨੇ ਚੰਦੋ ਨੂੰ ਬਹੁਤ ਮਾਰਿਆ। ਪਰ ਸੂਰਤ ਤੇ ਹਰਪਾਲ ਨੇ ਸਮੇਂ ਸਿਰ ਆ ਕੇ ਉਸਨੂੰ ਛੁਡੌਂ ਲਿਆ।

ਹੁਣ ਜਵੰਦੀ ਨੇ ਚੰਦ ਨੂੰ ਪੱਟੀ ਪੜ੍ਹਾਈ, ਕਿ ਤੂੰ ਰੋਜ਼ ਹੱਡੀਆਂ ਕਿਉਂ ਤੁੜਾਉਂਦੀ ਏਂ, ਕਿਸੇ ਦਿਨ ਵਧੇਰੇ ਅਫ਼ੀਮ ਦੇ ਕੇ ਗੰਡਾ ਸਿੰਘ ਨੂੰ ਪਾਰ ਬੁਲੌਂ।

ਚੁੱਕਣਾ ਵਿਚ ਆ ਕੇ ਚੰਦੋ ਨੇ ਦੁੱਧ ਵਿਚ ਬਹੁਤ ਸਾਰੀ ਅਫ਼ੀਮ ਮਿਲੌਂ ਕੇ ਫੜਾ ਦਿੱਤੀ। ਪਰ ਜਦ ਗੰਡਾ ਸਿੰਘ ਪੀਣ ਲੱਗਾ, ਤਾਂ ਚੰਦੋ ਨੇ ਉਸਦੇ ਮੂੰਹੋਂ ਛੰਨਾ ਖੂਹ ਕੇ ਤੋੜ ਦਿੱਤਾ। ਉਸਦੀ ਅੰਦਰਲੀ ਇਸਤਰੀ ਪਤੀ ਦੀ ਜਾਨ ਲੈਣ ਵਾਸਤੇ ਤਿਆਰ ਨਾ ਹੋਈ।

ਪਰ ਕੁਛ ਸਮਾਂ ਬੀਤਣ ਪਿੱਛੋਂ ਗੰਡਾ ਸਿੰਘ ਕੁਦਰਤੀ ਮੌਤ ਮਰ ਗਿਆ। ਉਸ ਸਮੇਂ ਚੰਦੋ ਮਾਂ ਬਣਨ ਵਾਲੀ ਸੀ।

ਗੰਡਾ ਸਿੰਘ ਦਾ ਪਹਿਲੇ ਟੱਬਰ ਦਾ ਪੁੱਤਰ ਸੂਰਤ ਲਾਗੇ ਦੇ ਪਿੰਡ ਮੰਗਿਆ ਹੋਇਆ ਸੀ। ਗੰਡਾ ਸਿੰਘ ਨੇ ਪੈਲੀ ਗਹਿਣੇ ਪਾ ਕੇ ਦੂਜਾ ਵਿਆਹ ਕਰੌਂ ਲਿਆ, ਤਾਂ ਸੂਰਤ ਦੇ ਸਹੁਰਿਆਂ ਨੇ ਸਾਕ ਤੋਂ ਜਵਾਬ ਦੇ ਦਿੱਤਾ:

ਉਸ ਪਿੰਡ ਜਵੰਦ। ਦੇ ਪੇਕੇ ਸਨ। ਜਵੰਦੀ ਦੀ ਪ੍ਰੇਰਨਾ ਨਾਲ ਸੂਰਤ ਦੀ ਮੰਗ—ਮਨਜੀਤ—ਮਾਪਿਆਂ ਦੀ ਰਜ਼ਾ ਮੰਦੀ ਦੇ ਉਲਟ, ਸੂਰਤ ਦੇ ਘਰ ਆ ਗਈ। ਸ਼ਰਮ ਦੇ ਮਾਰੇ ਮਾਪਿਆਂ ਮਗਰ ਪੈਰਵੀ ਤਾਂ ਨਾ ਕੀਤੀ, ਪਰ ਮਨਜੀਤ ਨਾਲੋਂ ਸਦਾ ਵਾਸਤੇ ਸਾਂਝ ਤੋੜ ਲਈ।

ਪਤੀ ਦੇ ਮਰਨ ਪਿੱਛੋਂ ਚੰਦੋ ਦੇ ਘਰ ਪੁੱਤਰ ਹੋਇਆ 'ਕੁਲਵੰਤ'।

ਪਿੰਡ ਦਾ ਬਦਮਾਸ਼ ਦੂਲਾ ਸਿੰਘ ਗ਼ਰੀਬ ਚੰਦੋ ਦੇ ਮਗਰ ਪੈ ਗਿਆ। ਵਿਚੋਲੇ ਬਣੇ ਓਹਾ ਪੰਡਤ ਤੇ ਜਵੰਦੀ। ਸਭ ਤੋਂ ਪਹਿਲਾਂ ਉਹਨਾਂ ਚੰਦੋ ਤੇ ਸੂਰਤ ਵਿਚ ਪਾਟਕ ਪਾ ਕੇ ਦੋਹਾਂ ਨੂੰ ਵੱਖ ਵੱਖ ਮਕਾਨਾਂ ਵਿਚ ਅੱਡ ਕੀਤਾ। ਦੋਹਾਂ ਨੂੰ ਦਿਲੋਂ ਦੂਰ ਕਰ ਦਿੱਤਾ। ਇਸ ਤਰ੍ਹਾਂ ਦੂਲੇ ਵਾਸਤੇ ਰਸਤਾ ਸਾਫ਼ ਕਰ ਦਿੱਤਾ।

ਚੰਦੋ ਨੇਕ ਰਹਿਣਾ ਚਾਹੁੰਦੀ ਸੀ। ਪਰ ਸਮੇਂ ਨੇ ਉਸਨੂੰ ਮਜਬੂਰ ਕਰ ਦਿੱਤਾ। ਉਹ ਨਿਆਸਰੀ ਅਬਲਾ ਜਰਵਾਣੇ ਦੂਲੇ ਤੋਂ ਆਪਣਾ ਧਰਮ ਬਚੌਂ ਨਾ ਸਕੀ।

ਹੁਣ ਜਵੰਦੀ ਤੇ ਪੰਡਤ ਨੇ ਇਕ ਹੋਰ ਚਾਲ ਚੱਲੀ। ਉਹਨਾਂ ਸੂਰਤ ਨੂੰ ਚੁੱਕਣਾ ਸ਼ੁਰੂ ਕਰ ਦਿੱਤਾ। ਓਧਰੋਂ ਦੂਲੇ ਨੂੰ ਚੰਦੋ ਦੇ ਘਰ ਭੇਜਿਆ ਤੇ ਓਧਰੋਂ ਸੂਰਤ ਨੂੰ ਜਾ ਦੱਸਿਆ। ਸਿੱਟੇ ਵਜੋਂ ਚੰਦੋ ਦੇ ਘਰ ਦੋਹਾਂ ਦਾ ਟਾਕਰਾ ਹੋ ਗਿਆ। ਦੂਲੇ ਦੇ ਹੱਥੋਂ ਸੂਰਤ ਸਿੰਘ ਕਤਲ ਹੋ ਗਿਆ।

ਚੰਦੋ ਦੀ ਗਵਾਹੀ ਦੇ ਆਧਾਰ 'ਤੇ ਦੂਲਾ ਸਿੰਘ ਫਾਂਸੀ ਆ ਗਿਆ। ਕੁਛ ਦਿਨਾਂ ਪਿਛੋਂ ਚੰਦੋ ਨੇ ਆਤਮਘਾਤ ਕਰ ਲਿਆ। ਪਿੱਛੇ ਰਹਿ ਗਏ ਨਿਆਸਰੀ ਮਨਜੀਤ ਤੇ ਮਾਂ ਮਹਿੱਟਰ ਕੁਲਵੰਤ।

ਕੁਛ ਹੋਰ ਪਾਤਰ :—ਜਵੰਦੀ, ਪੰਡਤ ਜਵਾਲਾ ਸਹਾਏ ਤੇ ਰਾਜਾ ਸੰਮਾ ਸਿੰਘ, ਅੱਜ ਵੀ ਪਿੰਡਾਂ ਵਿਚ ਆਮ ਮਿਲਨਗੇ। ਭਗਤ ਫੱਗੂ ਮੱਲ ਆੜ੍ਹਤੀ ਵਰਗਾ ਠੱਗ ਤੇ ਦੁਸੰਧਾ ਸਿੰਘ ਵਰਗੇ ਕੰਜੂਸ ਵੀ ਮਿਲ ਜਾਣਗੇ। ਜ਼ਿੰਦਗੀ ਵਿਚ ਮੈਂ ਕਈ ਅਜਿਹੇ ਪਾਤਰ ਵੇਖੇ ਹਨ।

2. ਵਿਜੋਗਣ : ਮੈਂ ਪਿੱਛੇ ਲਿਖ ਆਇਆ ਹਾਂ, ਕਿ ਇਹ ਕਹਾਣੀ ਮਿੱਤਰ ਦੀ ਫ਼ਰਮਾਇਸ਼ 'ਤੇ ਫ਼ਿਲਮ ਵਾਸਤੇ ਲਿਖੀ ਸੀ। ਫ਼ਿਲਮੀ ਢੰਗ ਦੀ ਕਹਾਣੀ ਲਿਖ ਕੇ (ਜਿਸ ਵਿਚ 'ਬੋਲ ਚਾਲ' ਤੇ ਵੱਖ ਵੱਖ ਸੀਨ ਬਾਰੇ ਹਦਾਇਤਾਂ ਆਦਿ ਪੂਰਨ ਸਨ) ਮੈਂ ਉਸ ਮਿੱਤਰ ਨੂੰ ਭੇਜ ਦਿੱਤੀ। ਫਿਰ ਮੈਂ ਉਸ ਕਹਾਣੀ ਦੇ ਆਧਾਰ 'ਤੇ ਨਾਵਲ ਲਿਖ ਕੇ ਛਾਪਣਾ ਸ਼ੁਰੂ ਕਰ ਦਿੱਤਾ। ਤਿੰਨ ਫ਼ਰਮੇ (48 ਪੰਨੇ) ਛਪ ਗਏ। ਮੈਂ ਵਾਰ ਵਾਰ ਪੜ੍ਹਿਆ, ਪਰ ਮੈਨੂੰ ਪਸੰਦ ਨਾ ਆਇਆ। ਮੈਂ ਉਹ ਤਿੰਨ ਫ਼ਰਮੇ ਰੱਦੀ ਕਰ ਦਿੱਤੇ, ਤੇ ਸਾਰਾ ਨਾਵਲ ਫਿਰ ਨਵੇਂ ਸਿਰਿਓਂ ਲਿਖ ਕੇ ਛਾਪਿਆ, ਜਨਵਰੀ 1951।

ਏਥੇ ਲੁਧਿਆਣੇ ਇਕ ਸੱਜਣ ਨੇ 'ਫ਼ਿਲਮ ਕੰਪਨੀ' ਸ਼ੁਰੂ ਆ ਕੀਤੀ। ਉਸਦਾ ਪੂਰਾ ਨਾਮ ਯਾਦ ਨਹੀਂ ਰਿਹਾ, ਪਰ ਪਰਸਿੱਧ 'ਸ਼ਰਮਾ' ਸੀ। ਜਗਰਾਓਂ ਰੋਡ ਉਤੇ (ਜ਼ਰਾਇਤੀ ਯੂਨੀਵਰਸਿਟੀ ਦੇ ਸਾਮ੍ਹਣੇ) ਉਸਨੇ ਥੋੜੀ ਜੇਹੀ ਜ਼ਮੀਨ ਖ਼ਰੀਦ ਕੇ ਕੰਮ ਸ਼ੁਰੂ ਕਰ ਦਿੱਤਾ। ਕੰਪਨੀ ਦੇ ਹਿੱਸੇ ਵੇਚਣੇ ਸ਼ੁਰੂ ਕਰ ਦਿੱਤੇ, ਤੇ ਹਰ ਹਿੱਸੇਦਾਰ ਨੂੰ ਕੰਪਨੀ ਵਿਚ ਕੰਮ ਦੇਣ ਦਾ ਭਰੋਸਾ ਦੁਆਇਆ। ਦਿਨਾਂ ਵਿਚ ਹੀ ਦਫ਼ਤਰ ਵਾਸਤੇ ਚਾਰ-ਪੰਜ ਕਮਰੇ ਬਣ ਗਏ, ਤੇ ਨਾਲ ਹੀ ਬਹੁਤ ਵੱਡਾ ਹਾਲ (ਸਟੂਡੀਓ) ਖੜਾ ਕਰ ਦਿੱਤਾ। ਲਾਈਟਾਂ ਤੇ ਕੈਮਰੇ ਆ ਗਏ। ਇਕ ਫ਼ਿਲਮ ਡਾਇਰੈਕਟਰ 'ਪ੍ਰਤਾਪ' ਵੀ ਆਪਣੇ ਮਾਤਹਿਤਾਂ ਸਣੇ ਆ ਗਿਆ। ਫ਼ਿਲਮ ਵਿਚ ਕੰਮ ਕਰਨ ਵਾਲੇ ਚਾਹਵਾਨ ਵੀ ਆਉਣੇ ਸ਼ੁਰੂ ਹੋ ਗਏ। ਪ੍ਰਤਾਪ ਨੇ ਗੀਤ ਤੇ ਕਹਾਣੀਆਂ ਸੁਣਨੀਆਂ ਸ਼ੁਰੂ ਕਰ ਦਿੱਤੀਆਂ।

ਸ਼ਰਮਾ ਦਾ ਸਾਥੀ ਤੇ ਸਹਾਇਕ ਵੀ 'ਸ਼ਰਮਾ' ਹੀ ਸੀ। ਆਮ ਉਸਨੂੰ 'ਛੋਟਾ' ਸ਼ਰਮਾ ਕਹਿੰਦੇ ਸਨ। ਉਹ ਪੋਸਟਰ ਆਦਿ ਮੇਰੇ ਪ੍ਰੈਸ ਤੋਂ ਛਪਵਾਉਂਦਾ ਸੀ। ਉਹਨੂੰ ਵੇਨਾ ਪਤਾ ਸੀ, ਕਿ ਮੈਂ ਨਾਵਲ ਤੇ ਕਹਾਣੀਆਂ ਲਿਖਦਾ ਹਾਂ। ਇਕ ਦਿਨ ਰਾਤ ਦੇ ਅੱਠ ਵਜੇ ਉਹ ਮੇਰੇ ਘਰ ਆਇਆ। ਉਸਨੇ ਆਉਣ ਦਾ ਮਨੋਰਥ ਦੱਸ ਕੇ ਕਿਹਾ, ਕਿ ਤੁਸੀਂ ਚੱਲ ਕੇ ਡਾਇਰੈਕਟਰ ਨੂੰ ਕੋਈ ਆਪਣੀ ਕਹਾਣੀ ਸੁਣਾਓ। ਮੈਂ ਉਸਦੇ ਨਾਲ ਤੁਰ ਪਿਆ।

ਸ਼ਰਮਾ ਦੇ ਰਿਹਾਇਸ਼ੀ ਮਕਾਨ 'ਤੇ ਪੁੱਜੇ, ਤਾਂ ਅੱਗੇ ਇਕ ਮੇਜ਼ ਉਦਾਲੇ ਸ਼ਰਮਾ, ਪ੍ਰਤਾਪ ਤੇ ਉਸਦੇ ਤਿੰਨ-ਚਾਰ ਮਾਤਹਿਤ ਬੈਠੇ ਚਾਹ ਪੀ ਰਹੇ ਸਨ। ਮੇਰੇ ਵੱਲ ਵੇਖ ਕੇ ਪ੍ਰਤਾਪ ਨੇ ਨੱਕ ਚੜ੍ਹਾ ਕੇ ਵਿਅੰਗ ਨਾਲ ਕਿਹਾ, "ਯਹਿ ਬਾਬਾ ਜੀ ਫ਼ਿਲਮ ਵਾਸਤੇ ਕਹਾਣੀ ਸੁਨਾਇੰਗੇ? ਚਲੋ, ਬੀਸ ਪਹਿਲੇ ਰੀਜੈਕਟ (ਰੱਦ) ਕੀ ਹੈ, ਏਕ ਔਰ ਸਹੀ।"

ਪ੍ਰਤਾਪ ਦਾ ਐਸਾ ਸੋਚਣਾ ਸੁਭਾਵਕ ਸੀ। ਮੇਰੇ ਤੇੜ ਪਾਜਾਮਾ, ਗਲ ਕਮੀਜ਼, ਸਿਰ

'ਤੇ ਨੀਲੀ ਦਸਤਾਰ ਤੇ ਗਾਤਰੇ ਕਿਰਪਾਨ। ਮੈਂ ਸਿੱਖ ਧਰਮ ਦਾ ਪ੍ਰਚਾਰਕ ਹਾਂ, ਤੇ ਪ੍ਰਚਾਰਕ ਹੀ ਨਜ਼ਰ ਆ ਰਿਹਾ ਸਾਂ।

ਮੈਂ ਹੱਸ ਕੇ ਕਿਹਾ, ''ਮਿਸਟਰ ਪ੍ਰਤਾਪ! ਤੁਹਾਨੂੰ ਬਹੁਤਾ ਫ਼ਰਕ ਨਹੀਂ ਪਵੇਗਾ। ਵੀਹ ਦੀ ਥਾਂ ਇੱਕੀ ਸਹੀ। ਪਰ ਆਪ ਪਹਿਲਾਂ ਸਿਗਰਟ ਬੰਦ ਕਰੋ, ਤਾਂ ਕਿ ਮੈਂ ਤੁਹਾਡੇ ਕੋਲ ਬੈਠ ਸਕਾਂ।''

''ਲਉ! ਇਹ ਤਾਂ ਮੇਰਾ ਬਾਪ ਆ ਗਿਆ। ਉਹ ਵੀ ਸਿਗਰਟ ਨਹੀਂ ਪੀਣ ਦੇਂਦੇ।'' ਪ੍ਰਤਾਪ ਨੇ ਉੱਤਰ ਵਿਚ ਕਿਹਾ।

ਉਸਨੇ ਸਿਗਰਟ ਬੰਦ ਕਰ ਦਿੱਤੀ, ਤੇ ਮੈਂ ਅੰਦਰ ਲੰਘ ਕੇ ਨੀਯਤ ਕੁਰਸੀ ਉੱਤੇ ਬੈਠ ਗਿਆ।

ਛੋਟਾ ਸ਼ਰਮਾ ਮੈਨੂੰ ਦੱਸ ਚੁੱਕਾ ਸੀ, ਕਿ ਕੁਛ ਗੱਭਰੂ ਮੁੰਡਿਆਂ ਨੇ ਹੀ ਅੱਗੇ ਕਹਾਣੀਆਂ ਸੁਣਾਈਆਂ ਸਨ, ਜੋ ਪ੍ਰਤਾਪ ਨੂੰ ਪਸੰਦ ਨਹੀਂ ਸਨ ਆਈਆਂ। ਮੈਂ ਆਪਣਾ ਰੁਅਬ ਪਾਉਣ ਵਾਸਤੇ ਕਿਹਾ ''ਮਿਸਟਰ ਪ੍ਰਤਾਪ! ਮੇਰੀਆਂ ਬਹੁਤ ਸਾਰੀਆਂ ਕਹਾਣੀਆਂ ਤੇ ਨਾਵਲ ਛਪ ਚੁੱਕੇ ਹਨ। ਤੁਸੀਂ ਦੱਸੋ, ਕੇਹੋ ਜੇਹੀ ਕਹਾਣੀ ਚਾਹੀਦੀ ਹੈ। ਘਰੇਲੂ, ਜਾਸੂਸੀ, ਮਾਰਧਾੜ ਵਾਲੀ, ਜਾਂ ....''?

''ਘਰੇਲੂ ਹੋਵੇ, ਪਰ ....''

''ਉਸ ਵਿਚ ਕੁਛ ਪ੍ਰੀਤ ਪਿਆਰ, ਕੁਛ ਬਿਰਹਾ, ਤੜਪ, ਗ਼ਮ, ਰੋਣਾ ਧੋਣਾ, ਗਹਿਰਾ ਦੁਖਾਂਤ, ਕੁਛ ਖੜਯੰਤਰ, ਤੇ ਅੰਤ ਸੁਖਾਂਤ ਹੋਵੇ, ਪਰ ਹੋਵੇ ਪੰਜਾਬੀ ਸੱਭਯਤਾ ਦੇ ਅਨੁਸਾਰ।'' ਮੈਂ ਪ੍ਰਤਾਪ ਦੀ ਗੱਲ ਰਾਹੋਂ ਟੋਕ ਕੇ ਕਿਹਾ।

ਮੇਰੇ ਉਤਰ ਤੋਂ ਪ੍ਰਤਾਪ ਕਾਫ਼ੀ ਪ੍ਰਭਾਵਤ ਹੋਇਆ। ਤੇ ਮੈਂ ਇਹ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ।

ਕਹਾਣੀ ਖ਼ਤਮ ਕਰਕੇ ਮੈਂ ਹਾਸੇ ਨਾਲ ਕਿਹਾ, ''ਲਉ, ਇਹ ਇਕੱਵੀਂ ਕਹਾਣੀ ਵੀ ਪਹਿਲੀਆਂ ਵੀਹਾਂ ਵਿਚ ਸ਼ਾਮਲ ਕਰ ਲਵੋ।''

''ਨਹੀਂ ਨਹੀਂ'' । ਪ੍ਰਤਾਪ ਇਕੋ ਵਾਰ ਬੋਲ ਉਠਿਆ। ਫਿਰ ਉਸ ਨੇ ਸ਼ਰਮੇ ਨੂੰ ਕਿਹਾ, ''ਸ਼ਰਮਾ ਜੀ, ਏਸੇ ਵੇਲੇ ਬਾਬਾ ਜੀ ਅੱਗੇ ਕੁਛ ਨਜ਼ਰਾਨਾ ਧਰੋ, ਤੇ ਐਗਰੀਮੈਂਟ ਕਰੋ। ਪਹਿਲੀ ਕਹਾਣੀ ਏਹਾ ਬਣੇਗੀ।''

ਐਗਰੀਮੈਂਟ ਹੋ ਗਿਆ। ਪਰ ਉਹ ਕੰਪਨੀ ਹੀ ਖ਼ਤਮ ਹੋ ਗਈ। ਸੋ ਫਿਲਮ ਵਾਲੀ ਗੱਲ ਵੀ ਮੁੱਕ ਗਈ।

ਹੁਣ ਸੰਖੇਪ ਕਹਾਣੀ ਵੀ ਸੁਣ ਲਵੋ। ਬਚਨਪਾਲ ਤੇ ਹਰਬੰਸ ਗੌਰਮਿੰਟ ਹਾਈ ਸਕੂਲ ਕਸੂਰ ਵਿਚ ਪੜ੍ਹਦੇ ਹਨ। ਦੋਵੇਂ ਗੂੜ੍ਹੇ ਮਿੱਤਰ ਹਨ। ਬਚਨਪਾਲ ਦਾ ਵਿਆਹ ਹੋ ਚੁਕਾ ਹੈ। ਸਾਰੇ ਪਰਵਾਰ ਦੀ ਸਲਾਹ ਨਾਲ ਬਚਨਪਾਲ ਆਪਣੀ ਛੋਟੀ ਭੈਣ ਸ਼ਾਂਤੀ ਦੀ ਮੰਗਣੀ ਹਰਬੰਸ ਨਾਲ ਕਰ ਦੇਂਦਾ ਹੈ। ਦਸਵੀਂ ਪਾਸ ਕਰਨ ਪਿਛੋਂ ਹਰਬੰਸ ਦਾ ਵਿਆਹ ਹੋ ਜਾਂਦਾ ਹੈ।

ਨਾਵਲ ਵਿਚ ਸਭ ਤੋਂ ਬਲਵਾਨ ਪਾਤਰ ਹੈ 'ਸੁੰਦਰਾਂ'। ਉਹ ਹਰਬੰਸ ਦੀ ਵੱਡੀ ਭਰਜਾਈ ਹੈ। ਛੋਟੀ ਬਾਲ ਉਮਰ ਵਿਚ ਹੀ ਹਰਬੰਸ ਦੀ ਮਾਂ ਮਰ ਜਾਂਦੀ ਹੈ।

ਸੁੰਦਰਾਂ ਉਸ ਨੂੰ ਪੁੱਤਰਾਂ ਵਾਂਗ ਪਾਲਦੀ ਹੈ ਤੇ ਆਪਣੇ ਸਕੇ ਪੁੱਤਰ ਵਾਂਗ ਪਿਆਰ ਕਰਦੀ ਹੈ। ਪਰ ਸੁੰਦਰਾਂ ਅੱਤ ਦਰਜੇ ਦੀ ਜਿੱਦਲ ਵੀ ਹੈ। ਉਹ ਹਰਬੰਸ ਦਾ ਵਿਆਹ ਆਪਣੇ ਮਾਮੇ ਦੀ ਧੀ ਨਾਲ ਕਰਨਾ ਚਾਹੁੰਦੀ ਹੈ। ਹਰਬੰਸ ਉਸ ਦੀ ਮਰਜ਼ੀ ਦੇ ਉਲਟ ਸ਼ਾਂਤੀ ਨਾਲ ਵਿਆਹ ਕਰਾ ਲੈਂਦਾ ਹੈ, ਤਾਂ ਸੁੰਦਰਾਂ ਸ਼ਾਂਤੀ ਦੀ ਦੁਸ਼ਮਣ ਬਣ ਜਾਂਦੀ ਹੈ। ਹਰਬੰਸ ਨੌਕਰੀ ਦੇ ਸਿਲਸਿਲੇ ਵਿਚ ਬੰਬਈ ਚਲਾ ਜਾਂਦਾ ਹੈ। ਸੁੰਦਰਾਂ ਇਕ ਫਰੇਕੁੱਟਣ ਦੀ ਸਹਾਇਤਾ ਨਾਲ ਸ਼ਾਂਤੀ ਸਿਰ ਝੂਠਾ ਇਲਜ਼ਾਮ ਲਾ ਕੇ ਘਰੋਂ ਕਢੱ ਦੇਂਦੀ ਹੈ। ਸ਼ਾਂਤੀ ਵਾਪਸ ਪੇਕੇ ਘਰ ਚਲੀ ਜਾਂਦੀ ਹੈ।

ਬਚਨਪਾਲ ਲੋਕਾਂ ਦਾ ਸੁਖ ਚਾਹੁਣ ਵਾਲਾ ਹੈ। ਉਸ ਦਾ ਪਿੰਡ 'ਬੱਲਾਂਵਾਲਾ' ਰੋਹੀ ਦੇ ਕੰਢੇ ਉਤੇ ਹੈ। ਬਾਰਸ਼ਾਂ ਕਾਰਨ ਰੋਹੀ ਵਿਚ ਚੜ੍ਹੌ ਆ ਜਾਂਦਾ ਹੈ। ਇਕ ਰੁੜ੍ਹੇ ਜਾਂਦੇ ਬੱਚੇ ਨੂੰ ਬਚਾਉਂਦਾ ਹੋਇਆ ਬਚਨਪਾਲ ਰੋਹੀ ਵਿਚ ਰੁੜ੍ਹ ਜਾਂਦਾ ਹੈ। ਪਿੱਛੋਂ ਇਕ ਰੁੜ੍ਹਦੀ ਆ ਰਹੀ ਲੱਕੜ ਬਚਨਪਾਲ ਦੇ ਸਿਰ ਵਿਚ ਵੱਜਦੀ ਹੈ। ਜਿਸ ਨਾਲ ਉਹ ਬੇਹੋਸ਼ ਹੋ ਜਾਂਦਾ ਹੈ। ਸੇਵਾ-ਸੰਮਤੀ ਵਾਲੇ ਉਸ ਨੂੰ ਲਾਹੌਰ ਹਸਪਤਾਲ ਪੁਚਾਂ ਦੇਂਦੇ ਹਨ।

ਘਰ ਦੇ ਸਮਝਦੇ ਹਨ, ਕਿ ਬਚਨਪਾਲ ਮਰ ਗਿਆ ਹੈ। ਉਸ ਦੀ ਪਤਨੀ 'ਰੂਪ' ਵਿਧਵਾ ਮੰਨ ਲਈ ਜਾਂਦੀ ਹੈ। ਪੁਰਾਤਨ ਸੰਸਕਾਰਾਂ ਨੂੰ ਮੰਨਣ ਵਾਲੇ ਘਰਾਂ ਵਿਚ ਵਿਧਵਾ ਦਾ ਜੀਵਨ ਕੈਸਾ ਬੀਤਦਾ ਹੈ, ਇਹ ਦਿਖਾਉਣਾ ਸਾਡਾ ਮਨੋਰਥ ਹੈ।

ਸਰਬਜੀਤ ਰਿਸ਼ਤੇ ਵਿਚੋਂ ਰੂਪ ਦਾ ਦਿਉਰ ਲਗਦਾ ਹੈ। ਉਹ ਯਤਨ ਕਰਦਾ ਹੈ, ਕਿ ਰੂਪ ਉਸ ਦੀ ਪਤਨੀ ਬਣ ਜਾਏ। ਏਥੇ ਰੂਪ ਦਾ ਮਨ ਦੁਚਿੱਤੀ ਵਿਚ ਫਸ ਜਾਂਦਾ ਹੈ। ਰੂਪ ਆਪਣੇ ਪਤੀ ਨੂੰ ਸੱਚੇ ਦਿਲੋਂ ਪਿਆਰ ਕਰਦੀ ਹੈ। ਉਹਦਾ ਮਨ ਨਹੀਂ ਮੰਨਦਾ, ਕਿ ਬਚਨਪਾਲ ਮਰ ਗਿਆ ਹੈ। ਪਰ ਉਸ ਦੇ ਜਿਉਂਦਾ ਹੋਣ ਦਾ ਵੀ ਕੋਈ ਸਬੂਤ ਨਹੀਂ। ਇਸ ਲਈ ਰੂਪ ਦੇ ਦਿਲ ਦੀ ਹਾਲਤ ਬੜੀ ਡਾਵਾਂ ਡੋਲ ਹੈ। ਗੁਰਦੇਵ ਫੁਰਮਾਉਂਦੇ ਹਨ :

"ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ ।"

(ਰਾਮਕਲੀ, ਮ: ੧, ਪੰਨਾ 876)

ਏਥੇ ਦੁਖਾਂਤ ਸਿਖਰ 'ਤੇ ਹੈ। ਪਰ ਅਸਾਂ ਉਸ ਨੂੰ ਸੁਖਾਂਤ ਬਨਾਉਣਾ ਸੀ। ਸਮਾਂ ਪਾ ਕੇ ਬਚਨਪਾਲ ਨੂੰ ਹੋਸ਼ ਆ ਜਾਂਦੀ ਹੈ। ਉਸ ਨੂੰ ਸਭ ਕੁਛ ਯਾਦ ਆ ਜਾਂਦਾ ਹੈ ਤੇ ਉਹ ਅਰੋਗ ਹੋ ਕੇ ਹਸਪਤਾਲ ਤੋਂ ਘਰ ਪਹੁੰਚ ਜਾਂਦਾ ਹੈ।

ਸਮਾਂ ਪਾ ਕੇ ਹਰਬੰਸ ਨੂੰ ਵੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ ਤੇ ਉਹ ਵੀ ਆ ਜਾਂਦਾ ਹੈ। ਇਸ ਮੌਕਾ-ਮੇਲ ਦੇ ਆਸਰੇ ਕਹਾਣੀ ਦੁਖਾਂਤ ਦੀ ਥਾਂ ਸੁਖਾਂਤ ਵਿਚ ਬਦਲ ਜਾਂਦੀ ਹੈ।

ਇਸ ਤੇ ਆਲੋਚਨਾ ਕਰਨ ਲਗਿਆਂ, ਇਸ ਨੂੰ ਯਥਾਰਥਵਾਦ ਦੀ ਕਸਵੱਟੀ ਤੇ ਨਹੀਂ ਪਰਖਣਾ ਚਾਹੀਦਾ, ਕਿਉਂਕਿ ਇਹ ਕਹਾਣੀ ਫ਼ਿਲਮ ਵਾਸਤੇ ਲਿਖੀ ਗਈ ਹੈ।

ਅੰਨ੍ਹੀ ਸੁੰਦਰਤਾ :

"ਇਸਤਰੀ ਜਨਮ ਦੀ ਭੁੱਖੀ ਹੈ। ਜ਼ਰਾ-ਕੁ ਹੋਸ਼ ਸੰਭਾਲਦੀ ਹੈ, ਤਾਂ ਇਹਦੇ

ਅੰਦਰ ਵੀਰ ਦੀ ਭੁੱਖ ਪਰਗਟ ਹੁੰਦੀ ਹੈ।......ਉਸ ਤੋਂ ਪਿਛੋਂ ਭਰਜਾਈਆਂ ਤੇ ਭਤੀਜਿਆਂ ਦੀ ਭੁੱਖ ਦੀ ਵਾਰੀ ਆ ਜਾਂਦੀ ਹੈ । ਜਵਾਨੀ ਦੇ ਨਾਲ ਇਸ ਦੇ ਅੰਦਰ ਇਕ ਹੋਰ ਭੁੱਖ ਜਨਮ ਲੈਂਦੀ ਹੈ, ਪਤੀ ਦੀ, ਜੀਵਨ-ਸਾਥੀ ਦੀ। ਤੇ ਸਭ ਤੋਂ ਵੱਡੀ ਭੁੱਖ ਇਸਤਰੀ ਦੇ ਖ਼ਮੀਰ ਵਿਚ ਪੁੱਤਰ ਦੀ ਹੁੰਦੀ ਹੈ। ਜ਼ਰਾ ਉਸ ਇਸਤਰੀ ਦੀ ਹਾਲਤ ਦਾ ਅੰਦਾਜ਼ਾ ਲਾਓ, ਜਿਸ ਦੇ ਅੰਦਰ ਇਹ ਸਾਰੀਆਂ ਭੁੱਖਾਂ ਅੱਜ ਤਕ ਸੁੱਚੇ ਮੂੰਹ ਹੋਣ। ਮੈਂ ਵੀ ਇਸਤਰੀ ਹਾਂ । ਮੇਰੇ ਅੰਦਰ ਵੀ ਇਹ ਕੁਦਰਤੀ ਭੁੱਖਾਂ ਹਨ। ਪਤਨੀ ਬਣਨ ਦੀਆਂ ਖ਼ਾਹਸ਼ਾਂ ਨੂੰ ਮੈਂ ਤਿਆਗ ਦੇ ਭਾਰੇ ਪੱਥਰਾਂ ਥੱਲੇ ਦਬਾ ਕੇ ਚੁੱਪ ਕਰਾ ਲਿਆ ਹੈ। ਪਰ ਮਾਂ ਬਣਨ ਦੀਆਂ ਖ਼ਾਹਸ਼ਾਂ ਉਮਰ ਨਾਲ ਸਗੋਂ ਦਿਨੋ ਦਿਨ ਮੂੰਹ ਜ਼ੋਰ ਹੁੰਦੀਆਂ ਜਾਂਦੀਆ ਹਨ।'' ਇਹ ਸ਼ਬਦ ਨਾਵਲ ਦੀ ਨਾਇਕਾ ਕੁਮਾਰੀ ਦੇ ਹਨ। ਏਸੇ ਦੀ ਵਿਆਖਿਆ ਹੈ ਇਹ ਕਹਾਣੀ ।

ਇਕ ਹੋਰ ਪਾਤਰ ਕਹਿੰਦਾ ਹੈ, ''ਮੈਂ ਖ਼ੂਨੀ ਹਾਂ। ਇਕ ਨਹੀਂ, ਦੋ ਨਿਰਦੋਸ਼ ਜਿੰਦਾਂ ਦਾ ਮੈਂ ਖ਼ੂਨ ਕੀਤਾ ਸੀ। ਫਿਰ ਵੀ ਕਾਨੂੰਨ ਮੈਨੂੰ ਕੁਛ ਨਹੀਂ ਸੀ ਕਹਿ ਸਕਦਾ। ਕਿਉਂਕਿ ਕਾਨੂੰਨ ਸਦਾ ਅਧੂਰਾ ਤੇ ਲੰਗੜਾ ਰਿਹਾ ਹੈ। ਨਾ ਇਹ ਅੱਜ ਤਕ ਹਰ ਦੋਸ਼ੀ ਨੂੰ ਸਜ਼ਾ ਦੇ ਸਕਿਆ ਹੈ, ਨਾ ਹਰ ਸਤਾਏ ਹੋਏ ਨੂੰ ਇਨਸਾਫ਼। ਪਰ ਕੀ ਕਾਨੂੰਨ ਤੋਂ ਬਚ ਜਾਣ ਵਾਲਾ ਦੋਸ਼ੀ ਸਜ਼ਾ ਤੋਂ ਵੀ ਬਚ ਸਕਦਾ ਹੈ ? ਸ਼ਾਇਦ ਨਹੀਂ। ਮੈਂ ਕਾਨੂੰਨ ਤੋਂ ਬਚ ਗਿਆ ਸਾਂ, ਪਰ ਸਜ਼ਾ ਭੁਗਤ ਰਿਹਾ ਹਾਂ।''

ਹੁਣ ਕਹਾਣੀ ਸੁਣੋ। 'ਜਸਵੰਤ ਕੁਮਾਰ' ਅਮੀਰ ਮਾਪਿਆਂ ਦਾ ਪੁੱਤਰ ਹੈ। 'ਚੰਪਾ' ਉਹਨਾਂ ਦੇ ਬਾਗ਼ ਦੇ ਮਾਲੀ ਦੀ ਸੁੰਦਰ ਲੜਕੀ ਹੈ। ਬਚਪਨ ਵਿਚ ਇਕੱਠੇ ਖੇਡਦਿਆਂ ਦਾ ਪਿਆਰ ਪੈ ਜਾਂਦਾ ਹੈ। ਚੰਪਾ ਦਾ ਪਿਤਾ ਜਸਵੰਤ ਨੂੰ ਕਹਿੰਦਾ ਹੈ, 'ਜੇ ਤੁਹਾਡਾ ਪਿਆਰ ਸੱਚਾ ਹੈ, ਤਾਂ ਤੂੰ ਆਪਣੇ ਮਾਤਾ ਪਿਤਾ ਨੂੰ ਕਹੋ, ਉਹ ਮੇਰੇ ਪਾਸ ਆ ਕੇ ਚੰਪਾ ਦਾ ਰਿਸ਼ਤਾ ਮੰਗ ਲੈਣ।'

ਜਸਵੰਤ ਨੇ ਇਸ ਨੂੰ ਅਮੀਰੀ ਦਾ ਨਿਰਾਦਰ ਸਮਝਿਆ। ਉਹ ਚੰਪਾ ਨੂੰ ਚੋਰੀ ਨਸਾ ਕੇ ਲੈ ਗਿਆ। ਇਸ ਨਮੋਸ਼ੀ ਦਾ ਮਾਰਿਆ ਚੰਪਾ ਦਾ ਪਿਤਾ ਛੇਤੀ ਹੀ ਮਰ ਗਿਆ। ਚੰਪਾ ਦੀ ਮਾਂ ਪਾਗਲ ਹੋ ਗਈ, ਜਿਸ ਨੇ ਕੁਛ ਸਮੇਂ ਪਿੱਛੋਂ ਖੂਹ ਵਿਚ ਡੁੱਬ ਕੇ ਆਤਮ-ਹੱਤਿਆ ਕਰ ਲਈ।

ਜਸਵੰਤ ਦੇ ਮਾਪਿਆਂ ਨੇ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤਾ, ਜੋ ਪੜ੍ਹ ਕੇ ਉਹ ਵਾਪਸ ਘਰ ਆ ਗਿਆ। ਮਾਪਿਆਂ ਨੇ ਚੰਪਾ ਨੂੰ ਅਪਣਾ ਲਿਆ।

ਜਸਵੰਤ ਦੇ ਮਾਤਾ-ਪਿਤਾ ਗੁਜ਼ਰ ਗਏ, ਤਾਂ ਉਹ ਸਾਰੀ ਜਾਇਦਾਦ ਦਾ ਮਾਲਕ ਬਣਿਆਂ।

ਚੰਪਾ ਦੇ ਘਰ ਲੜਕੀ ਹੋਈ 'ਰੂਪ'। ਉਸ ਤੋਂ ਪੰਜ ਸਾਲ ਪਿੱਛੋਂ ਦੂਸਰੀ ਲੜਕੀ 'ਕੁਮਾਰੀ' ਹੋਈ। ਕੁਮਾਰੀ ਦੋ ਸਾਲ ਦੀ ਸੀ, ਜਾਂ ਚੰਪਾ ਗੁਜ਼ਰ ਗਈ। ਉਸ ਨੂੰ ਰੂਪ ਨੇ ਪਾਲਿਆ।

ਇਹਨਾਂ ਸਾਰੀਆਂ ਘਟਨਾਵਾਂ ਦਾ ਜਸਵੰਤ ਦੇ ਮਨ 'ਤੇ ਬਹੁਤ ਬੁਰਾ ਅਸਰ ਹੋਇਆ, ਜਿਸ ਕਾਰਨ ਉਸ ਨੇ ਦੂਸਰਾ ਵਿਆਹ ਨਹੀਂ ਕਰਾਇਆ।

ਚੌਦਾਂ-ਪੰਦਰਾਂ ਸਾਲ ਦੀ ਉਮਰ ਵਿਚ 'ਰੂਪ' ਅੰਨ੍ਹੀ ਹੋ ਗਈ । ਜਸਵੰਤ 'ਰੂਪ' ਦੀ ਬਾਂਹ ਕੁਮਾਰੀ ਦੇ ਹੱਥ ਦੇ ਕੇ ਮਰ ਗਿਆ ।

ਰੂਪ ਤੇ ਕੁਮਾਰੀ ਦਾ ਮੁਹਾਂਦਰਾ ਇਕੋ ਹੈ । ਦੋਵੇਂ ਸਾਜ਼ ਵਜਾ ਕੇ ਗੀਤ ਗਾਉਣ ਵਿਚ ਮਾਹਿਰ ਹਨ । ਇਕ ਜਲਸੇ ਵਿਚ ਕੁਮਾਰੀ ਗੀਤ ਗਾਉਂਦੀ ਹੈ । ਅੰਮ੍ਰਿਤਸਰ ਦੇ ਨਾਮਵਰ ਕਵੀ 'ਕੋਮਲ' ਦਾ ਕੁਮਾਰੀ ਨਾਲ ਪਿਆਰ ਹੋ ਜਾਂਦਾ ਹੈ । ਨਿੱਤ ਦਾ ਮੇਲ ਜੋਲ ਵਧ ਜਾਂਦਾ ਹੈ । ਰੂਪ ਸੋਚਦੀ ਹੈ, ਕਿ ਮੇਰੀ ਅੱਖਾਂ ਦੀ ਜੋਤ ਨਾ ਜਾਂਦੀ, ਤਾਂ ਕੋਮਲ ਪਹਿਲਾਂ ਮੈਨੂੰ ਮਿਲਦਾ, ਤੇ ਉਹਦਾ ਮੇਰੇ ਨਾਲ ਪਿਆਰ ਹੁੰਦਾ ।

ਰਾਹ ਵਿਚ ਦੋ ਖਲ-ਪਾਤਰ ਆ ਜਾਂਦੇ ਹਨ : ਲਲਤਾ ਬੀ. ਏ. ਤੇ ਉਸ ਦਾ ਰਿਸ਼ਤੇਦਾਰ ਭਾਈ ਬੀ. ਕੇ. ਸ਼ੋਰੀ ।

ਲਲਤਾ ਕੋਮਲ ਨੂੰ ਚਾਹੁੰਦੀ ਹੈ । ਇਸ ਲਈ ਉਹ ਕੁਮਾਰੀ ਨੂੰ ਰਾਹ ਵਿਚੋਂ ਪਾਸੇ ਕਰਨਾ ਚਾਹੁੰਦੀ ਹੈ ।

ਬਹਾਨੇ ਨਾਲ ਲਲਤਾ ਕੋਮਲ ਨੂੰ ਪਹਾੜਾਂ ਉਤੇ ਸੈਰ ਕਰਨ ਵਾਸਤੇ ਨਾਲ ਲੈ ਜਾਂਦੀ ਹੈ । ਓਥੋਂ ਉਹ ਕੁਮਾਰੀ ਨੂੰ ਚਿੱਠੀ ਲਿਖਦੀ ਹੈ, ਕਿ ਮੈਂ ਤੇ ਕੋਮਲ ਜੀ ਨੇ ਵਿਆਹ ਦਾ ਫੈਸਲਾ ਕਰ ਲਿਆ ਹੈ, ਤੂੰ ਸਾਡੇ ਵਿਆਹ ਤੇ ਗੀਤ ਗਾਉਣਾ ਹੋਵੇਗਾ ।

ਦੂਜੇ ਪਾਸੇ ਬੀ. ਕੇ. ਸ਼ੋਰੀ ਲਲਤਾ ਨੂੰ ਚਿਠੀ ਲਿਖਦਾ ਹੈ, ਕਿ ਮੈਂ ਤੇ ਕੁਮਾਰੀ ਨੇ ਵਿਆਹ ਦਾ ਫੈਸਲਾ ਕਰ ਲਿਆ ਹੈ । ਲਲਤਾ ਉਹ ਚਿੱਠੀ ਕੋਮਲ ਨੂੰ ਸੁਣਾ ਦੇਂਦੀ ਹੈ । ਏਥੋਂ ਕੁਮਾਰੀ ਤੇ ਕੋਮਲ-ਦੋਹਾਂ ਦੇ ਦਿਲਾਂ 'ਤੇ ਬਹੁਤ ਚੋਟ ਲਗਦੀ ਹੈ ।

ਜਦ ਇਹ ਭੇਦ ਖੁੱਲ੍ਹ ਜਾਂਦਾ ਹੈ, ਤਾਂ ਕੁਮਾਰੀ ਤੇ ਕੋਮਲ ਵਿਆਹ ਦਾ ਫ਼ੈਸਲਾ ਕਰ ਲੈਂਦੇ ਹਨ ।

ਫਿਰ ਕੁਮਾਰੀ ਨੂੰ ਪਤਾ ਲੱਗਦਾ ਹੈ, ਕਿ ਰੂਪ ਵੀ ਕੋਮਲ ਨੂੰ ਸੱਚੇ ਦਿਲੋਂ ਪਿਆਰ ਕਰਦੀ ਹੈ । ਇਹ ਸਮਾਂ ਕੁਮਾਰੀ ਦੇ ਸੋਚਣ ਦਾ ਹੈ । ਉਹਨੂੰ ਆਪਣੇ ਪਿਤਾ ਦੇ ਅੰਤਮ ਸ਼ਬਦ ਯਾਦ ਆ ਜਾਂਦੇ ਹਨ : "ਬੇਟਾ ਕੁਮਾਰੀ ! ਸੱਤ ਸਾਲ ਦੀ ਰੂਪ ਨੇ ਤੈਨੂੰ ਮਾਂ ਬਣ ਕੇ ਪਾਲਿਆ ਸੀ । ਅੱਜ ਮੈਂ ਨੇਤਰਹੀਣ ਰੂਪ ਦੀ ਬਾਂਹ ਤੇਰੇ ਹੱਥ ਫੜਾ ਚੱਲਿਆ ਹਾਂ । ਤੂੰ ਇਹਦਾ ਪਿਤਾ ਬਣ ਕੇ ਸਾਰੇ ਫ਼ਰਜ਼ ਪੂਰੇ ਕਰੀਂ ।"

ਇਹਨਾਂ ਸ਼ਬਦਾਂ ਦੇ ਅਸਰ ਅਧੀਨ ਕੁਮਾਰੀ ਕੁਰਬਾਨੀ ਕਰਦੀ ਹੈ । ਵਿਆਹ ਸਮੇਂ ਉਹ ਆਪਣੀ ਥਾਂ ਰੂਪ ਨੂੰ ਡੋਲੀ ਵਿਚ ਪਾ ਕੇ ਆਪ ਚੋਰੀ ਹਰਿਦੁਆਰ ਚਲੀ ਜਾਂਦੀ ਹੈ ।

ਕੁਮਾਰੀ ਦੀ ਚਿਠੀ ਪੜ੍ਹ ਕੇ ਤੇ ਉਹਦੀ ਕੁਰਬਾਨੀ ਨੂੰ ਸਾਮ੍ਹਣੇ ਰੱਖ ਕੇ ਕੋਮਲ ਰੂਪ ਨੂੰ ਅਪਣਾ ਲੈਂਦਾ ਹੈ । ਸਮਾਂ ਪਾ ਕੇ ਉਹਨਾਂ ਘਰ ਪੁੱਤਰ ਹੁੰਦਾ ਹੈ, ਜਿਸ ਦਾ ਨਾਮ ਉਹ ਕੁਮਾਰੀ ਦੇ ਨਾਮ ਤੇ 'ਦੇਵ ਕੁਮਾਰ' ਰਖਦੇ ਹਨ ।

ਹਰਿਦੁਆਰ ਜਾ ਕੇ ਕੁਮਾਰੀ ਪਹਿਲਾਂ ਇਕ ਠੱਗ ਦੇ ਜਾਲ ਵਿਚ ਫਸ ਜਾਂਦੀ ਹੈ, ਜੋ ਪੰਡਤ ਦੇ ਰੂਪ ਵਿਚ ਰਹਿੰਦਾ ਹੈ । ਅਸਲੀਅਤ ਦਾ ਪਤਾ ਲੱਗਣ 'ਤੇ ਕੁਮਾਰੀ ਓਥੋਂ ਨੱਸ ਕੇ ਇਕ ਕਬੀਰ ਪੰਥੀ ਭਗਤ 'ਸੇਵਕ ਰਾਮ' ਕੋਲ ਜਾ ਪੁੱਜੀ । ਓਥੇ ਉਹ ਅਛੂਤ ਬੱਚਿਆਂ ਵਾਸਤੇ ਸਕੂਲ ਖੋਹਲ ਲੈਂਦੀ ਹੈ ।

ਮੌਕਾ-ਮੇਲ। ਬੀ. ਕੇ. ਸ਼ੋਰੀ ਇਕ ਸਾਧੂ ਦੇ ਭੇਸ ਵਿਚ ਕੁਮਾਰੀ ਨੂੰ ਮਿਲ ਪੈਂਦਾ ਹੈ। ਇਸ ਤਰ੍ਹਾਂ ਕੁਮਾਰੀ ਦੇ ਥਾਂ ਟਿਕਾਣੇ ਦਾ ਰੂਪ ਤੇ ਕੋਮਲ ਨੂੰ ਪਤਾ ਲੱਗ ਜਾਂਦਾ ਹੈ। ਉਹ ਸਾਰੇ ਰਲ ਕੇ ਹਰਿਦੁਆਰ ਕੁਮਾਰੀ ਨੂੰ ਮਿਲਦੇ ਹਨ। ਰੂਪ ਤੇ ਕੋਮਲ ਬੜਾ ਜ਼ੋਰ ਲਾਉਂਦੇ ਹਨ, ਕਿ ਕੁਮਾਰੀ ਉਹਨਾਂ ਕੋਲ ਚੱਲ ਕੇ ਰਹੇ। ਪਰ ਕੁਮਾਰੀ ਨਹੀਂ ਮੰਨਦੀ। ਉਹ ਕਹਿੰਦੀ ਹੈ, "ਰੂਪ, ਮੈਂ ਤੇਰੇ ਕੋਲ ਰਹਿ ਸਕਦੀ ਹੁੰਦੀ, ਤਾਂ ਪਹਿਲਾਂ ਹੀ ਅੰਮ੍ਰਿਤਸਰੋਂ ਨਾ ਆਉਂਦੀ। ਮੈਂ ਹਜ਼ਾਰ ਯਤਨ ਕਰ ਕੇ ਵੀ ਕੋਮਲ ਜੀ ਨੂੰ ਦਿਲ ਵਿਚੋਂ ਨਹੀਂ ਕੱਢ ਸਕੀ। ਮੈਨੂੰ ਡਰ ਹੈ, ਕਿ ਹਰ ਵੇਲੇ ਕੋਮਲ ਜੀ ਦੇ ਨੇੜੇ ਰਹਿ ਕੇ ਮੈਂ ਆਪਣੀਆਂ ਕੁਦਰਤੀ ਖ਼ਾਹਸ਼ਾਂ ਨੂੰ ਨਹੀਂ ਰੋਕ ਸਕਾਂਗੀ। ਮੇਰੀ ਜਿਸਮਾਨੀ ਭੁੱਖ ਬੇ-ਕਾਬੂ ਹੋ ਜਾਇਗੀ।"

ਅਖ਼ੀਰ, ਕੁਮਾਰੀ ਕੋਮਲ ਤੇ ਰੂਪ ਪਾਸੋਂ ਦੇਵ ਕੁਮਾਰ ਨੂੰ ਮੰਗ ਲੈਂਦੀ ਹੈ। ਦੇਵ ਕੁਮਾਰ ਨੂੰ ਕੁਮਾਰੀ ਕੋਲ ਛੱਡ ਕੇ ਬਾਕੀ ਸਾਰੇ ਅੰਮ੍ਰਿਤਸਰ ਪਰਤ ਆਉਂਦੇ ਹਨ।

(ਪਾਠਕ ਤੇ ਆਲੋਚਕ ਨੂੰ ਇਹ ਨਹੀਂ ਭੁੱਲਣਾ ਚਾਹੀਦਾ, ਕਿ ਇਹ ਕਹਾਣੀ ਫ਼ਿਲਮ ਵਾਸਤੇ ਲਿਖੀ ਗਈ ਸੀ। ਇਸ ਵਿਚ ਰੂਪ ਤੇ ਕੁਮਾਰੀ ਦਾ ਡਬਲ ਰੋਲ ਹੈ।)

4) ਦੀਵੇ ਦੀ ਲੋ:

ਜਿਨ੍ਹਾਂ ਥਾਂਵਾਂ ਤੋਂ ਅਸੀਂ ਦੂਰ ਹੋ ਜਾਂਦੇ ਹਾਂ, ਕਈ ਵਾਰ ਉਹਨਾਂ ਦੀ ਯਾਦ ਅੰਦਰ ਸਮਾਉਣੀ ਔਖੀ ਹੋ ਜਾਂਦੀ ਹੈ। ਧਰਤੀ ਦੀ ਹਿੱਕ ਵਿਚ ਉਬਲਦੇ ਲਾਵੇ ਵਾਂਗ, ਉਹ ਯਾਦਾਂ ਅੰਦਰ ਧੁਖਣ ਲਗ ਪੈਂਦੀਆਂ ਹਨ। ਜਿਉਂ ਜਿਉਂ ਅਸੀਂ ਉਹਨਾਂ ਨੂੰ ਯਾਦ ਕਰਦੇ ਹਾਂ, ਉਹਨਾਂ ਦਾ ਸੇਕ ਸਗੋਂ ਵਧਣ ਲੱਗ ਪੈਂਦਾ ਹੈ, ਜਿਵੇਂ ਧੂੰਏਂ ਦੀ ਅੱਗ ਫੋਲਣ ਨਾਲ ਹੁੰਦਾ ਹੈ।

ਅੱਜ ਉਹ ਧਰਤੀ ਸਾਹ ਸਾਹ ਨਾਲ ਯਾਦ ਆਉਂਦੀ ਹੈ, ਜਿਸ ਦੇ ਜ਼ੱਰਰਿਆਂ ਦੀ ਇਕੱਤਰਤਾ ਤੋਂ ਇਹ ਸਰੀਰ ਵਜੂਦ ਵਿਚ ਆਇਆ ਸੀ। ਉਹ ਘਰ ਯਾਦ ਆਉਂਦਾ ਹੈ, ਜਿਸ ਦੇ ਵਿਹੜੇ ਵਿਚ ਬਚਪਨ ਨੇ ਰਿੜ੍ਹਨਾ ਸਿੱਖਿਆ ਸੀ। ਉਹ ਕੰਧਾਂ ਅੱਖਾਂ ਅਗੇ ਫਿਰਦੀਆਂ ਹਨ, ਜਿਨ੍ਹਾਂ ਨੇ ਜੀਵਨ ਨੂੰ ਪਹਿਲੇ ਕਦਮ ਤੁਰਨ ਵਾਸਤੇ ਸਹਾਰਾ ਦਿੱਤਾ ਸੀ। ਪਿੰਡ ਦੀਆਂ ਉਹ ਗਲੀਆਂ ਭੁਲਦੀਆਂ ਨਹੀਂ, ਜਿਨ੍ਹਾਂ ਵਿਚ ਹਾਣੀਆਂ ਨਾਲ ਕਦੇ ਲੁਕਣ-ਮੀਚੀ ਖੇਡੀ ਸੀ। ਉਸ ਥਾਂ ਦੀ ਯਾਦ ਅੱਜ ਤਿੱਖੀਆਂ ਤਰਾਟਾਂ ਬਣ ਰਹੀ ਹੈ, ਕਿਉਂਕਿ ਦੇਸ ਦੀ ਵੰਡ ਨੇ ਸਾਨੂੰ ਉਸ ਥਾਂ ਤੋਂ ਦੂਰ ਲਿਆ ਸੁੱਟਿਆ ਹੈ।

ਜਿਨ੍ਹਾਂ ਨਾਲੋਂ ਅਸੀਂ ਹਮੇਸ਼ਾਂ ਵਾਸਤੇ ਵਿੱਛੜ ਜਾਂਦੇ ਹਾਂ, ਸਾਡੇ ਯਾਦ-ਭੰਡਾਰ ਵਿਚ ਉਹਨਾਂ ਦੀਆਂ ਕਹਾਣੀਆਂ ਬਾਕੀ ਰਹਿ ਜਾਂਦੀਆਂ ਹਨ। ਉਹਨਾਂ ਦੀਆਂ ਬਾਤਾਂ ਪਾ ਪਾ ਕੇ ਅਸੀਂ ਬੀਤੇ ਸੁਪਨੇ ਵੇਖਣ ਦਾ ਯਤਨ ਕਰਦੇ ਹਾਂ। ਇਹ ਨਾਵਲ ਲਿਖਣਾ ਵੀ ਮੇਰਾ ਇਕ ਅਜੇਹਾ ਯਤਨ ਹੈ।

ਕੋਈ ਵੀ 'ਕਲਪਣਾ', 'ਹੋਈ ਬੀਤੀ' ਨਾਲੋਂ ਵਧੇਰੇ ਸੱਚੀ ਨਹੀਂ ਹੋ ਸਕਦੀ। ਇਸੇ ਸਿਧਾਂਤ ਨੂੰ ਮੁੱਖ ਰਖ ਕੇ ਮੈਂ ਇਸ ਕਹਾਣੀ ਨੂੰ ਓਵੇਂ ਉਲੀਕ ਦਿੱਤਾ ਹੈ, ਜਿਸ ਤਰ੍ਹਾਂ ਇਸ ਦੇ ਜਿਉਂਦੇ ਪਾਤਰਾਂ ਨੇ ਇਹਨੂੰ ਜੀਵਨ-ਸਟੇਜ ਉਤੇ ਖੇਡਿਆ ਸੀ। ਇਸ ਦੇ ਸਾਰੇ ਪਾਤਰ ਮੇਰੇ ਵੇਖੇ-ਡਿੱਠੇ ਹਨ। ਜਦ ਮੈਂ ਲਿਖਦਾ ਸਾਂ, ਉਹ ਆਪ ਮੇਰੇ ਨਾਲ ਗੱਲਾਂ

ਸਾਂਝੀਆਂ ਕਰਨ ਵਾਸਤੇ ਸਾਮ੍ਹਣੇ ਆ ਖਲੋਂਦੇ ਸਨ। ਇਨਸਾਨ ਦੇ ਅੰਦਰ ਕਿੰਨਾ ਉਦਰੇਵਾਂ ਹੁੰਦਾ ਹੈ ਆਪਣਿਆਂ ਨਾਲ ਦਿਲ ਦੀਆਂ ਗੱਲਾਂ ਵਟਾਉਣ ਦਾ।

21 ਅਗਸਤ, 1947 ਈ. ਨੂੰ ਜਦ ਅਸੀਂ ਆਪਣਾ ਜੱਦੀ ਪਿੰਡ (ਕਾਦੀਵਿੰਡ, ਤਸੀਲ ਕਸੂਰ, ਜ਼ਿਲਾ ਲਾਹੌਰ) ਛੱਡ ਕੇ ਤੁਰੇ ਸਾਂ, ਨਾਵਲ ਦਾ ਨਾਇਕ ਯੂਸਫ਼ (ਅਸਲੀ ਨਾਮ ਹੋਰ ਸੀ) ਅਜੇ ਜਿਉਂਦਾ ਸੀ। ਉਸ ਵੇਲੇ ਉਸ ਦੀ ਉਮਰ ਸੱਤਰ ਸਾਲ ਤੋਂ ਉਪਰ ਸੀ। ਉਹਦਾ ਵੱਡਾ ਪੁੱਤਰ ਮੈਥੋਂ ਸਾਲ-ਕੁ ਛੋਟਾ ਸੀ। ਨਾਵਲ ਲਿਖਦਿਆਂ ਕਿਸੇ ਕਿਸੇ ਵੇਲੇ ਮੈਂ ਇਉਂ ਮਹਿਸੂਸ ਕਰਦਾ ਸਾਂ, ਜਿਵੇਂ ਉਹ ਹੁਣੇ ਮੇਰੇ ਨਾਲ ਖੇਡਦਾ ਖੇਡਦਾ ਘਰ ਨੂੰ ਗਿਆ ਹੋਵੇ। ਕਈ ਵਾਰ ਰਾਤ ਸੁਪਨਿਆਂ ਵਿਚ ਦੀਵਾਨੀ ਨਸੀਰਾਂ (ਅਸਲੀ ਨਾਮ ਹੋਰ ਸੀ) ਪਿੰਡ ਦੀਆਂ ਗਲੀਆਂ ਵਿਚ ਪੁੱਤਰਾਂ ਨੂੰ ਵਾਜਾਂ ਮਾਰਦੀ ਫਿਰਦੀ ਸੁਣੀਦੀ ਸੀ।

ਇਹ ਹਨ ਮੇਰੀਆਂ ਕਦੇ ਨਾ ਭੁੱਲਣ ਵਾਲੀਆਂ ਯਾਦਾਂ, ਜਿਨ੍ਹਾਂ ਦੇ ਪਰਛਾਂਵੇਂ ਸਦਾ ਮੇਰੀਆਂ ਅੱਖਾਂ ਦੇ ਝਾਉਲੇ ਬਣੇ ਰਹਿੰਦੇ ਹਨ।

ਕਹਾਣੀ : 'ਯੂਸਫ਼', ਤਾਬੇ ਤੇ ਜਮਾਲੇ ਦਾ ਇਕੋ ਇਕ ਪੁੱਤਰ ਹੈ। ਨਸੀਰਾਂ, ਯੂਸਫ਼ ਦੀ ਭੂਆ ਬਰਕਤੇ ਦੀ ਧੀ ਹੈ। ਬਰਕਤੇ ਨੱਗਰ 'ਭੋਲੇਕੇ' ਵਿਚ 'ਨਵਾਬ' ਨਾਲ ਵਿਆਹੀ ਹੋਈ ਹੈ। ਨਸੀਰਾਂ ਯੂਸਫ਼ ਨਾਲ ਕਾਦੀਵਿੰਡ ਮਸੀਤ ਵਿਚ ਪੜ੍ਹਦੀ ਹੈ। ਕੋਈ ਸ਼ਰਾਰਤੀ ਲੜਕਾ ਮੌਲਵੀ ਦਾ ਲੋਟਾ ਤੋੜ ਦੇਂਦਾ ਹੈ, ਤੇ ਨਾਮ ਯੂਸਫ਼ ਦਾ ਲਾ ਦੇਂਦਾ ਹੈ। ਮੌਲਵੀ ਯੂਸਫ਼ ਤੇ ਨਸੀਰਾਂ ਨੂੰ ਮਾਰ ਕੁੱਟ ਕੇ ਮਸੀਤੋਂ ਕਢ ਦੇਂਦਾ ਹੈ। ਪੜ੍ਹਾਈ ਏਥੇ ਖ਼ਤਮ ਹੋ ਜਾਂਦੀ ਏ। ਨਸੀਰਾਂ ਵਾਪਸ ਆਪਣੇ ਪਿੰਡ 'ਭੋਲੇਕੇ' ਚਲੀ ਜਾਂਦੀ ਹੈ। ਯੂਸਫ਼ ਉਦਾਸ ਹੋ ਜਾਂਦਾ ਹੈ।

ਯੂਸਫ਼ 'ਸਦਰ ਦੀਵਾਨ' ਦੇ ਮੇਲੇ ਤੋਂ ਉਰਦੂ ਅੱਖਰਾਂ ਵਿਚ ਵਾਰਸ ਸ਼ਾਹ ਦੀ ਹੀਰ ਖ਼ਰੀਦ ਲਿਆਉਂਦਾ ਹੈ। ਉਸ ਦੀ ਆਵਾਜ਼ ਬੜੀ ਰਸੀਲੀ ਹੈ। ਪਿੰਡ ਦੇ ਸਰਦਾਰ ਉਸ ਤੋਂ ਹੀਰ ਸੁਣ ਕੇ, ਉਸ ਨਾਲ ਪਿਆਰ ਕਰਦੇ ਹਨ।

ਯੂਸਫ਼ ਦੀ ਮਾਂ, ਆਪਣੀ ਭੈਣ 'ਜੰਤੇ' ਦੀ ਧੀ 'ਹਸ਼ਮਤੇ' ਨਾਲ ਯੂਸਫ਼ ਦੀ ਮੰਗਣੀ ਕਰਨਾ ਚਾਹੁੰਦੀ ਹੈ। ਯੂਸਫ਼ ਦੇ ਉਹ ਪਸੰਦ ਨਹੀਂ।

ਯੂਸਫ਼ ਦਾ ਫੁੱਫੜ 'ਨਵਾਬ' ਜੁੱਤੀਆਂ ਬਹੁਤ ਵਧੀਆ ਸਿਉਂਦਾ ਹੈ। ਯੂਸਫ਼ ਤਿੰਨ ਸਾਲ ਉਸ ਕੋਲ ਰਹਿ ਕੇ ਵਧੀਆ ਜੁੱਤੀਆਂ ਸਿਉਣ ਦਾ ਕੰਮ ਸਿਖਦਾ ਹੈ। ਨਸੀਰਾਂ ਤੇ ਯੂਸਫ਼ ਦੀ ਮੁਹੱਬਤ ਪੱਕੀ ਹੋ ਜਾਂਦੀ ਹੈ।

ਬਰਕਤੇ ਇਸ ਗੱਲ ਨੂੰ ਅਨੁਭਵ ਕਰ ਕੇ, ਜਮਾਲੇ ਦੀ ਸਲਾਹ ਨਾਲ ਯੂਸਫ਼ ਤੇ ਨਸੀਰਾਂ ਦੀ ਮੰਗਣੀ ਕਰ ਦੇਂਦੀ ਹੈ। ਯੂਸਫ਼ ਦੀ ਜੰਞ ਨਾਲ ਪਿੰਡ ਦੇ ਕੁਛ ਸਰਦਾਰ ਵੀ ਜਾਂਦੇ ਹਨ। (ਉਸ ਸਮੇਂ ਦੀ ਪਿੰਡਾਂ ਦੀ ਸੱਭਿਅਤਾ)।

ਤਾਬੇ ਦੀ ਮਰਜ਼ੀ ਦੇ ਉਲਟ ਵਿਆਹ ਹੋਇਆ ਸੀ। ਸੋ, ਉਹ ਨਸੀਰਾਂ ਨੂੰ ਪਸੰਦ ਨਹੀਂ ਕਰਦੀ।

ਸੱਤ ਵਰ੍ਹੇ ਵਿਆਹ ਨੂੰ ਹੋ ਗਏ, ਪਰ ਨਸੀਰਾਂ ਦੇ ਘਰ ਬਾਲ ਕੋਈ ਨਾ ਹੋਇਆ। ਇਸ ਗੱਲ ਤੋਂ ਘਰ ਵਿਚ ਲੜਾਈ ਰਹਿਣ ਲੱਗੀ।

ਨਿੱਤ ਦੇ ਕਲੇਸ਼ ਤੋਂ ਤੰਗ ਆ ਕੇ ਯੂਸਫ਼ ਬਿਨਾਂ ਦੱਸੇ ਹੀ ਕੰਮਿਹਾਰਾਂ ਨਾਲ ਕਾਲਰ ਝੋਨਾ ਝਾੜਨ ਚਲਾ ਗਿਆ, ਤੇ ਕੁਛ ਦਿਨਾਂ ਪਿੱਛੋਂ ਓਥੋਂ ਬੀਮਾਰ ਹੋ ਕੇ ਆ ਗਿਆ। ਲੰਮੀ ਬੀਮਾਰੀ ਦੇ ਕਾਰਨ ਉਹ ਕਾਫ਼ੀ ਕਮਜ਼ੋਰ ਹੋ ਗਿਆ। ਘਰ ਦੀ ਮਾਲੀ ਹਾਲਤ ਵਿਗੜ ਗਈ, ਤਾਂ ਨਸੀਰਾਂ ਆਪ ਜੁੱਤੀਆਂ ਸਿਊਂ ਕੇ ਗੁਜ਼ਾਰਾ ਚਲਾਉਂਦੀ ਹੈ!

ਇਲਾਕੇ ਵਿਚ ਹੈਜ਼ੇ ਦੇ ਕਾਰਨ ਜਮਾਲਾ, ਸੂਰਤ ਸਿੰਘ, ਨੰਬਰਦਾਰ ਤੇ ਹੋਰ ਬਹੁਤ ਸਾਰੇ ਲੋਕ ਮਰ ਜਾਂਦੇ ਹਨ। ਪਹਿਲੀਆਂ ਤਿੰਨਾਂ ਮੌਤਾਂ ਦਾ ਯੂਸਫ਼ ਦੇ ਮਨ 'ਤੇ ਬਹੁਤ ਬੁਰਾ ਅਸਰ ਹੁੰਦਾ ਹੈ।

ਵਿਆਹ ਨੂੰ ਬਾਰ੍ਹਾਂ ਸਾਲ ਹੋ ਗਏ, ਪਰ ਨਸੀਰਾਂ ਦੇ ਘਰ ਬਾਲ ਨਾ ਹੋਇਆ, ਇਸ ਵਾਸਤੇ ਘਰ ਵਿਚ ਰੋਜ਼ ਹੀ ਲੜਾਈ ਝਗੜਾ ਰਹਿਣ ਲੱਗਾ। ਇਕ ਦਿਨ ਯੂਸਫ਼ ਨੇ ਨਸੀਰਾਂ ਨੂੰ ਮਾਰਿਆ ਵੀ।

ਅੰਤ ਤਾਬੋਂ ਦਾ ਚੁਕਿਆ, ਯੂਸਫ਼ ਨਸੀਰਾਂ ਨੂੰ ਤਲਾਕ ਦੇਣ ਵਾਸਤੇ ਤਿਆਰ ਹੋ ਗਿਆ।

ਏਥੇ ਇਕ ਇਸਲਾਮੀ ਨੁਕਤਾ ਹੈ। ਵੇਖੋ 'ਕੁਰਆਨ ਮਜੀਦ' ਵਿਚ 'ਸੂਰਾ ਬਕਰਾ' ਦੀ ਆਇਤ 228। ਉਸਦਾ ਭਾਵ ਅਰਥ ਹੈ, "ਇਸਤਰੀ ਨੂੰ ਤਲਾਕ ਦੇ ਬੈਠਣ ਪਿੱਛੋਂ ਜੇ ਮਰਦ ਚਾਹੇ ਤਾਂ ਤਿੰਨ ਮਹੀਨੇ ਦੇ ਅੰਦਰ ਉਸ ਨੂੰ ਫਿਰ ਆਪਣੇ ਨਕਾਹ ਵਿਚ ਲੈ ਸਕਦਾ ਹੈ। ਪਰ ਤਿੰਨ ਮਹੀਨੇ ਤੋਂ ਪਿੱਛੋਂ ਨਹੀਂ।"

ਹੋਰ ਵੇਖੋ 'ਸੂਰਾ ਬਕਰਾ' ਦੀ ਆਇਤ 230, ਭਾਵ ਅਰਥ ਹੈ, ਤਿੰਨ ਮਹੀਨੇ ਪਿੱਛੋਂ ਉਹ ਇਸਤਰੀ ਪਹਿਲੇ ਪਤੀ ਵਾਸਤੇ ਜਾਇਜ਼ ਨਹੀਂ। ਪਰ ਓਹਾ ਇਸਤਰੀ ਕਿਸੇ ਹੋਰ ਪੁਰਸ਼ ਨਾਲ ਨਕਾਹ ਕਰਾ ਲਵੇ, ਤੇ ਫਿਰ ਦੂਸਰੇ ਪਤੀ ਤੋਂ ਤਲਾਕ ਲੈ ਕੇ, ਪਹਿਲੇ ਪਤੀ ਨਾਲ ਨਿਕਾਹ ਕਰਾ ਸਕਦੀ ਹੈ।"

ਇਸ ਇਸਲਾਮੀ ਅਸੂਲ ਨੂੰ ਮੁੱਖ ਰੱਖ ਕੇ ਅਸਾਂ ਨਸੀਰਾਂ ਨੂੰ ਤਲਾਕ ਨਹੀਂ ਦੁਆਇਆ।

ਮਰਦ ਇੱਕੋ ਸਮੇਂ ਚਾਰ ਪਤਨੀਆਂ ਰੱਖ ਸਕਦਾ ਹੈ। ਇਸ ਲਈ ਯੂਸਫ਼ ਦੇ ਦੂਸਰੇ ਵਿਆਹ ਵਿਚ ਕੋਈ ਰੁਕਾਵਟ ਨਹੀਂ।

ਨਸੀਰਾਂ ਪੇਕੇ ਘਰ ਚਲੀ ਜਾਂਦੀ ਹੈ! ਯੂਸਫ਼, ਜੇਤੇ ਦੀ ਛੋਟੀ ਲੜਕੀ ਬੇਗਮੇ ਨਾਲ ਵਿਆਹ ਕਰਾ ਲੈਂਦਾ ਹੈ।

ਬੇਗਮੇ ਵਿਚੋਂ ਯੂਸਫ਼ ਦੇ ਘਰ ਦੋ ਪੁੱਤਰ ਹੁੰਦੇ ਹਨ: ਸ਼ਰੀਫ਼ ਤੇ ਰਾਹਮਤ। ਰਾਹਮਤ ਅਜੇ ਕੁਛ ਦਿਨਾਂ ਦਾ ਹੀ ਹੈ, ਜਾਂ ਬੇਗਮੇ ਮਰ ਜਾਂਦੀ ਹੈ। ਯੂਸਫ਼ ਦੀ ਬੁਲਾਈ ਨਸੀਰਾਂ ਫਿਰ ਉਹਦੇ ਘਰ ਆ ਜਾਂਦੀ ਹੈ। ਸੌਂਕਣ ਦੇ ਪੁੱਤਰਾਂ ਨੂੰ ਉਹ ਆਪਣੀ ਗੋਦੀ ਲੈ ਲੈਂਦੀ ਹੈ। ਕੁਦਰਤ ਦਾ ਕ੍ਰਿਸ਼ਮਾ, ਜੋ ਨਸੀਰਾਂ ਮਾਂ ਨਹੀਂ ਬਣ ਸਕੀ, ਸੌਂਕਣ ਦਾ ਪੁੱਤਰ ਗੋਦ ਲੈਣ ਪਿੱਛੋਂ ਉਸ ਦੀਆਂ ਛਾਤੀਆਂ ਵਿਚ ਦੁੱਧ ਆ ਗਿਆ। (ਲੇਖਕ ਨੇ ਇਹ ਆਪਣੀ ਅੱਖੀਂ ਵੇਖਿਆ ਸੀ।)

ਨਸੀਰਾਂ ਦੀ ਬਦਕਿਸਮਤੀ, ਸ਼ਰੀਫ਼ ਨੌਂ ਸਾਲ ਦਾ ਹੋ ਕੇ ਮਿਆਦੀ ਬੁਖ਼ਾਰ ਨਾਲ ਮਰ ਗਿਆ, ਤੇ ਉਸ ਤੋਂ ਕੁਛ ਸਮਾਂ ਪਿੱਛੋਂ ਰਾਹਮਤ ਪਾਣੀ ਵਿਚ ਡੁੱਬ ਕੇ ਮਰ ਗਿਆ। ਇਸ ਸਦਮੇ ਨੂੰ ਨਾ ਸਹਾਰਦੀ ਹੋਈ ਨਸੀਰਾਂ ਨੀਮ-ਪਾਗਲ ਹੋ ਗਈ। ਜਦੋਂ ਉਹ ਜ਼ਰਾ ਹੋਸ਼

ਵਿਚ ਹੁੰਦੀ, ਉਹ ਵੈਣ ਪਾ ਪਾ ਕੇ ਰੋਂਦੀ। ਤੇ ਜਦੋਂ ਪਾਗਲਪਨ ਦਾ ਦੌਰਾ ਪੈਂਦਾ, ਉਹ ਬਾਹਰ ਖੇਤਾਂ ਵਿਚ ਪੁੱਤਰਾਂ ਨੂੰ ਵਾਜਾਂ ਮਾਰਦੀ ਫਿਰਦੀ।

ਇਸ ਸੱਚੀ ਕਹਾਣੀ ਨੂੰ ਮੈਂ ਜਿਉਂ ਦਾ ਤਿਉਂ ਲਿਖ ਦਿੱਤਾ ਹੈ, ਕੇਵਲ ਪਾਤਰਾਂ ਦੇ ਨਾਮ ਬਦਲੇ ਹਨ।

ਇਸ ਵਿਚ ਦੋ ਪਾਤਰ ਅਜੇਹੇ ਹਨ, ਜੋ ਭੁਲਾਇਆਂ ਨਹੀਂ ਭੁੱਲਦੇ। ਇਕ ਹੈ ਸੂਬਾਂ ਮਰਾਸਣ। ਨਾਵਲ ਵਿਚ ਉਹ ਦੋ-ਤਿੰਨ ਵਾਰ ਹੀ ਸਟੇਜ 'ਤੇ ਆਉਂਦੀ ਹੈ, ਪਰ ਆਪਣੀ ਉਚੇਚੀ ਅਦਾਂ ਤੇ ਖ਼ਾਸ ਭਾਸ਼ਾ ਕਾਰਨ ਪਾਠਕ ਨੂੰ ਭੁੱਲਦੀ ਨਹੀਂ।

ਦੂਸਰਾ ਹਸਾਉਣਾ ਪਾਤਰ ਹੈ ਸੂਰਤ ਸਿੰਘ, ਜੋ ਅੰਤ ਸਮੇਂ ਮੌਤ ਦਾ ਮਜ਼ਾਕ ਉਡਾਉਣੋਂ ਵੀ ਨਹੀਂ ਉਕਦਾ। ਉਹ ਕਿਸੇ ਜਮਾਂਦਰੂ ਫ਼ਿਲਾਸਫ਼ਰ ਵਾਂਗ ਕਹਿੰਦਾ ਹੈ, 'ਓ, ਲੰਬਰਦਾਰਾਂ! ਬੰਦਾ ਰੋਂਦਾ ਜੰਮਦਾ ਏ, ਤੇ ਜੇ ਮਰਿਆ ਵੀ ਰੋਂਦਾ ਈ, ਤਾਂ ਜੰਮਣ ਤੇ ਮਰਨ ਵਿਚ ਫ਼ਰਕ ਕੀ ਹੋਇਆ? ਬੰਦੇ ਨੂੰ ਚਾਹੀਦਾ ਏ, ਉਹ ਹੱਸਦਾ ਹੱਸਦਾ ਮਰੇ। ਮੇਲਾ ਛੱਡਣ ਲੱਗਿਆਂ ਬੁਸਕਣਾ ਕਿਹੜੀ ਗੱਲੋਂ? ਤੇ ਮਰਨ ਲੱਗਿਆਂ ਮਗਰਲਿਆਂ ਨੂੰ ਮੱਤਾਂ ਦੇਣੀਆਂ ਵੱਡੀ ਬੇਸਮਝੀ ਹੈ। ਜ਼ਮਾਨਾ ਜਿਉਂਦਿਆਂ ਦੀ ਮੱਤ 'ਤੇ ਚਲਦਾ ਨਹੀਂ, ਤਾਂ ਮੋਇਆਂ ਹੋਇਆਂ ਦੀ ਮੱਤ ਕਿਵੇਂ ਮੰਨ ਲਵੇਗਾ।"

ਇਕ ਪਾਤਰ ਹੋਰ ਵੀ ਹੈ, ਗੁਰਦੁਆਰੇ ਦਾ ਗ੍ਰੰਥੀ। ਉਸਦਾ ਚਰਿੱਤਰ ਓਹੋ ਜੇਹਾ ਹੈ, ਜੇਹੋ ਜੇਹਾ ਲੇਖਕ ਚਾਹੁੰਦਾ ਹੈ। ਤੇ 'ਜੁੱਗ ਬਦਲ ਗਿਆ' ਦੇ ਗ੍ਰੰਥੀ ਦਾ ਚਰਿੱਤਰ ਅਜੇਹਾ ਹੈ, ਜੇਹੋ ਜੇਹੇ ਇਸ ਸਮੇਂ ਆਮ ਗ੍ਰੰਥੀ ਹਨ।

ਨਾਵਲ ਇਸ ਸਿੱਟੇ 'ਤੇ ਆ ਕੇ ਖ਼ਤਮ ਹੁੰਦਾ ਹੈ, ਕਿ ਇਸਤਰੀ ਵਫ਼ਾਦਾਰ ਹੈ, ਜਾਂ ਮਰਦ?

5. ਪਤਵੰਤੇ ਕਾਤਲ :

'ਮੁੱਲ ਦਾ ਮਾਸ' ਦੇ ਅੰਤ ਵਿਚ ਇਕ ਪਾਤਰ (ਵਿਧਵਾ ਮਨਜੀਤ) ਬਚ ਜਾਂਦਾ ਹੈ। ਪਾਠਕ ਦੀ ਉਸ ਨਾਲ ਹਮਦਰਦੀ ਸੁਭਾਵਕ ਹੈ। ਮੈਂ 'ਮੁੱਲ ਦਾ ਮਾਸ' ਦੇ ਅਖ਼ੀਰ 'ਤੇ ਇਸ਼ਤਿਹਾਰ ਦੇ ਦਿੱਤਾ, ਕਿ 'ਮਨਜੀਤ' ਦੇ ਹਾਲਾਤ ਅਗਲੇ ਨਾਵਲ ਵਿਚ ਪੜ੍ਹੋ। ਸੋ ਪਾਠਕਾਂ ਦੀਆਂ ਚਿੱਠੀਆਂ ਆਉਣ ਲੱਗ ਪਈਆਂ। ਅੰਤ ਮੈਂ ਸੱਤ ਜਨਵਰੀ, 1953 ਨੂੰ ਲਿਖਣਾ ਸ਼ੁਰੂ ਕਰ ਦਿੱਤਾ। ਜਿੱਥੇ ਮੈਂ 'ਅੰਨ੍ਹੀ ਸੁੰਦਰਤਾ' ਸਤਾਰਾਂ ਦਿਨਾਂ ਵਿਚ ਪੂਰਾ ਕਰ ਲਿਆ ਸੀ, ਓਥੇ ਇਹ ਦੋ ਸਾਲ ਵਿਚ ਵੀ ਪੂਰਾ ਨਾ ਹੋ ਸਕਿਆ। ਔਂਧਿਓਂ ਬਹੁਤਾ ਲਿਖ ਲਿਆ। ਪਰ ਜਦੋਂ ਮੈਂ ਉਸਨੂੰ ਧਿਆਨ ਨਾਲ ਪੜ੍ਹਾਂ, ਉਹ ਪਸੰਦ ਨਾ ਆਵੇ। ਮੈਂ ਸੋਚਿਆ, 'ਜਿਹੜਾ ਬਾਲ ਮਾਪਿਆਂ ਨੂੰ ਪਸੰਦ ਨਹੀਂ, ਉਹ ਦੂਸਰੇ ਵੇਖਣ ਵਾਲਿਆਂ ਦਾ ਮਨ ਕਿਵੇਂ ਮੋਹ ਸਕੇਗਾ।' ਸੋ ਮੈਂ ਸਾਰਾ ਲਿਖਿਆ ਸਾੜ ਦਿੱਤਾ।

ਸਾਹਿੱਤ ਦੀ ਗੱਲ ਸੋਚਦਿਆਂ ਮੈਨੂੰ ਭਾਈ ਗੁਰਦਾਸ ਜੀ ਦੀ ਇਕ ਪੰਗਤੀ ਯਾਦ ਆ ਗਈ :

"ਨਹਿਰ ਕੁਆਰਿ ਕੰਨਿਆਂ ਲਾਡਲੀ ਕੈ ਮਾਨੀਅਤ,
ਬਿਆਹਿ ਸਸੁਰਾਰ ਜਾਇ ਗੁਨਨ ਕੈ ਮਾਨੀਐ।"

ਮਾਪਿਆਂ ਦੇ ਘਰ ਕੁਆਰੀ ਕੰਨਿਆਂ ਲਾਡ ਪਿਆਰ ਦਾ ਸਦਕਾ ਸਤਿਕਾਰ ਦੀ

ਹੱਕਦਾਰ ਹੁੰਦੀ ਹੈ, ਪਰ ਵਿਆਹ ਪਿੱਛੋਂ ਸਹੁਰੇ ਘਰ ਤਾਂ ਉਹ ਗੁਣਾਂ ਕਰਕੇ ਹੀ ਮਾਣ ਪ੍ਰਾਪਤ ਕਰ ਸਕੇਗੀ।

ਏਹਾ ਹਾਲ ਸਾਹਿੱਤ ਦਾ ਹੈ। ਕਿਤਾਬ (ਨਾਵਲ, ਕਹਾਣੀਆਂ ਜਾਂ ਕਵਿਤਾ) ਲਿਖ ਲਈ, ਚੰਗੇ ਕਾਗਜ਼ ਉਤੇ ਛਾਪ ਲਈ, ਤੇ ਚਾਰ ਤਸਵੀਰਾਂ ਵੀ ਵਿਚ ਦੇ ਦਿੱਤੀਆਂ, ਮਿੰਨਤ ਖੁਸ਼ਾਮਦ ਕਰਕੇ ਕਿਸੇ ਨਾਮਵਰ ਸੱਜਣ ਪਾਸੋਂ ਮੁਖ ਬੰਦ ਵੀ ਲਿਖਵਾਂ ਲਿਆ, ਵਧੀਆ ਮਹਿੰਗੀ ਜਿਲਦ ਬਣਵਾਂ ਲਈ, ਤੇ ਕਿਸੇ ਵਜ਼ੀਰ ਪਾਸੋਂ ਰੀਲੀਜ਼ ਵੀ ਕਰਵਾਂ ਲਈ। ਦੋਸਤਾਂ ਮਿੱਤਰਾਂ ਵਿਚ ਵਾਹ ਵਾਹ ਹੋ ਗਈ, ਕਿਸੇ ਜਾਣੂ ਆਲੋਚਕ ਨੇ ਉਸਨੂੰ ਸਾਹਿੱਤ ਵਿਚ 'ਮੀਲ-ਪੱਥਰ' ਕਹਿ ਕੇ ਵਡਿਆਂ ਦਿੱਤਾ। ਲੇਖਕ ਦਾ ਦਿਲ ਖੁਸ਼ ਹੋ ਗਿਆ 'ਦਿਲ ਕੇ ਬਹਿਲਾਨੇ ਕੋ ਗ਼ਾਲਿਬ ਯਹਿ ਖ਼ਿਆਲ ਅੱਛਾ ਹੈ।' ਪਰ ਪਾਠਕ ਤਾਂ ਤਦ ਹੀ ਪਸੰਦ ਕਰਨਗੇ, ਜੇ ਉਸ ਵਿਚ ਕੁਛ ਗੁਣ ਵੀ ਹੋਣਗੇ।

ਵਿਹ ਆਲੋਚਨਾ ਮੈਂ ਆਪਣੇ ਆਪ 'ਤੇ ਕਰ ਰਿਹਾ ਹਾਂ।

ਇਕ ਦਿਨ ਮੈਨੂੰ ਬਚਪਨ ਵਿਚ ਸੁਣੀ ਹੋਈ ਕਹਾਣੀ ਯਾਦ ਆ ਗਈ। ਛੋਟੀ ਉਮਰ ਤੋਂ ਹੀ ਮੇਰਾ ਸੁਭਾਉ ਸੀ, ਜਿੱਥੇ ਬਜ਼ੁਰਗਾਂ ਦੀ ਪਰ੍ਹੇ ਬੈਠੀ ਹੋਣੀ, ਮੈਂ ਉਹਨਾਂ ਦੀਆਂ ਕਹਾਣੀਆਂ ਸੁਣਨੀਆਂ। ਸਾਡੇ ਪਿੰਡ ਦੇ ਇਕ ਬਜ਼ੁਰਗ ਨੇ ਦੱਸਿਆ, "ਅਸੀਂ ਤਿੰਨ ਜਣੇ ਘੋੜੀਆਂ 'ਤੇ ਆ ਰਹੇ ਸਾਂ। ਰਾਹ ਵਿਚ ਰਾਤ ਪੈ ਗਈ। ਉਸ ਪਿੰਡ ਵਿਚ ਸਾਡਾ ਜਾਣੂ ਕੋਈ ਨਹੀਂ ਸੀ। ਜਿਹੜਾ ਪਹਿਲਾ ਆਦਮੀ ਮਿਲਿਆ, ਅਸਾਂ ਉਸਨੂੰ ਰਾਤ ਕੱਟਣ ਵਾਸਤੇ ਪੁਛਿਆ, ਤਾਂ ਉਹਨੇ ਕਿਹਾ, 'ਮਾਈ ਹੋਣੀ ਦੇ ਘਰ ਚਲੇ ਜਾਓ।' ਅਸਾਂ ਸਮਝਿਆ, ਉਸ ਸਾਨੂੰ ਟਿਚਕਰ ਕੀਤੀ ਹੈ। ਥੋੜਾ ਹੋਰ ਅੱਗੇ ਜਾ ਕੇ ਅਸਾਂ ਦੂਸਰੇ ਨੂੰ ਪੁਛਿਆ, ਤਾਂ ਉਹਨੇ ਵੀ ਮਾਈ ਹੋਣੀ ਦੇ ਘਰ ਜਾਣ ਬਾਰੇ ਕਿਹਾ। ਸਾਡੀ ਹੈਰਾਨੀ ਹੋਰ ਵਧ ਗਈ। ਜਦ ਤੀਸਰੇ ਆਦਮੀ ਨੇ ਵੀ ਮਾਈ ਹੋਣੀ ਦਾ ਹੀ ਨਾਮ ਲਿਆ, ਤਾਂ ਮੈਂ ਕੁਛ ਮਰੋੜੇ ਨਾਲ ਕਿਹਾ, 'ਕੀ ਤੁਹਾਡੇ ਸਾਰੇ ਪਿੰਡ ਦਾ ਹੀ ਸੁਭਾਅ ਛੇੜਾਂ ਕਰਨਾ ਏ?' ਉਹਨੇ ਉਤਰ ਵਿਚ ਕਿਹਾ, 'ਸਰਦਾਰ ਜੀ! ਮੈਂ ਛੇੜ ਨਹੀਂ ਕੀਤੀ। ਆਓ, ਮੈਂ ਤੁਹਾਨੂੰ ਮਾਈ ਹੋਣੀ ਦਾ ਘਰ ਵਿਖਾ ਦੇਂਦਾ ਹਾਂ। ਉਹ ਹਰ ਆਏ ਗਏ ਦੀ ਸੇਵਾ ਕਰਦੀ ਏ।' ਅਸੀਂ ਘੋੜੀਆਂ ਤੋਂ ਉਤਰ ਬੈਠੇ। ਹੌਂਸਲਾ ਕਰਦੇ ਅਸੀਂ ਹਵੇਲੀ ਵਿਚ ਪੈਰ ਧਰੇ। ਸਾਮ੍ਹਣੇ ਇਕ ਢਲੀ ਉਮਰ ਦੀ ਬੜੇ ਰੁਅਬ ਵਾਲੀ ਮਾਈ ਨਜ਼ਰ ਪਈ। ਲੰਮਾ ਕੱਦ, ਸਡੋਲ ਸਰੀਰ, ਸਾਦਾ ਪੁਸ਼ਾਕ, ਉਹ ਪਸ਼ੂਆਂ ਦੀ ਖੁਰਲੀ ਵਿਚ ਹੱਥ ਮਾਰ ਰਹੀ ਸੀ। 'ਸੱਤ ਸ੍ਰੀ ਅਕਾਲ' ਕਹਿ ਕੇ ਅਸੀਂ ਬੜੀ ਹਲੀਮੀ ਨਾਲ ਕਿਹਾ, 'ਮਾਤਾ ਜੀ! ਅਸੀਂ ਪਰਦੇਸੀ ਹਾਂ, ਤੇ ਅਸਾਂ ਰਾਤ ਕੱਟਣੀ ਹੈ।' ਉਹਨੇ ਅੱਗੋਂ ਬੜੇ ਆਦਰ ਨਾਲ ਕਿਹਾ, 'ਆਉ ਵੀਰਾ! ਜੀ ਆਇਆਂ ਨੂੰ।' ਨਾਲ ਹੀ ਉਹਨੇ ਢੱਕੋਂ ਵਾਲੇ ਪਾਸੇ ਮੂੰਹ ਕਰਕੇ ਵਾਜ ਮਾਰੀ, 'ਵੇ ਮੁੰਡਿਓ! ਐਥੇ ਮੰਜੇ ਡਾਹੋ ਤੇ ਘੋੜੀਆਂ ਫੜ ਕੇ ਬੰਨ੍ਹੋ।'

"ਦੋ ਮੁੰਡਿਆਂ ਨੇ ਮੰਜੇ ਡਾਹ ਦਿੱਤੇ, ਤੇ ਘੋੜੀਆਂ ਫੜ ਕੇ ਖੁਰਲੀ ਉਤੇ ਬੰਨ੍ਹ ਦਿਤੀਆਂ।

"ਅਸੀਂ ਬੈਠ ਗਏ। ਉਹ ਮਾਈ ਵੀ ਸਾਡੇ ਕੋਲ ਕੁਰਸੀ ਡਾਹ ਕੇ ਬੈਠ ਗਈ। ਅਸਾਂ ਪ੍ਰਸ਼ਾਦਾ ਛਕਿਆ। ਬਾਹਰੋਂ ਇਕ ਰੁਅਬਦਾਬ ਵਾਲਾ ਸੱਜਣ ਆਇਆ। ਫਤਹਿ

ਬੁਲਾ ਕੇ ਉਹ ਵੀ ਸਾਡੇ ਕੋਲ ਬੈਠ ਗਿਆ। ਸਰਸਰੀ ਗੱਲਾਂ ਪਿਛੋਂ ਮੈਂ ਕਿਹਾ, 'ਮਾਤਾ ਜੀ! ਇਕ ਗੱਲ ਪੁੱਛਣ ਨੂੰ ਦਿਲ ਕਰਦਾ ਏ, ਪਰ ਅਸੀਂ ਡਰਦੇ ਪੁਛਦੇ ਨਹੀਂ।'

"ਉਹ ਮਾਈ ਹੱਸ ਕੇ ਕਹਿਣ ਲੱਗੀ, 'ਏਹਾ, ਕਿ ਮੈਨੂੰ ਮਾਈ-ਰੰਣੀ ਕਿਉਂ ਆਹੰਦੇ ਨੇ? ਵੀਰਾ! ਜੀਹਨਾਂ ਮੇਰਾ ਇਹ ਨਾਂ ਪਾਇਆ ਏ, ਉਹਨਾਂ ਠੀਕ ਈ ਪਾਇਆ ਏ। ਇਹ ਮੇਰਾ ਮਾਲਕ ਏ। (ਉਹਨੇ ਕੋਲ ਬੈਠੇ ਸੱਜਣ ਵੱਲ ਇਸ਼ਾਰਾ ਕਰਕੇ ਕਿਹਾ।) ਇਕੋ ਪੁੱਤਰ ਸੀ ਮਾਪਿਆਂ ਦਾ। ਵਰ੍ਹਾ ਵੀ ਨਹੀਂ ਸੀ ਹੋਇਆ ਵਿਆਹ ਨੂੰ, ਜਾਂ ਉਹ ਬੁੱਢੇ ਪਿਉ ਦਾ ਲੱਕ ਤੋੜ ਗਿਆ। ਸਾਰੇ ਘਰ ਵਿਚ ਸੁੰਞ ਵਰਤ ਗਈ। ਪਰ ਡਾਢੇ ਨਾਲ ਕੀਹਦਾ ਜ਼ੋਰ ਏ। ਛੇ-ਕੁ ਮਹੀਨੇ ਹੋਏ ਸਨ ਉਹਨੂੰ ਮਰੇ ਨੂੰ। ਮੈਂ ਖੇਤ ਵਿਚ ਸਾਗ ਤੋੜਨ ਗਈ। ਮੇਰੇ ਪਤਿਅਹੁਰੇ ਦੇ ਪੁੱਤਰਾਂ ਨੇ ਅਜੇਹੀਆਂ ਬੋਲੀਆਂ ਮਾਰੀਆਂ, ਕਿ ਮੇਰਾ ਕਲੇਜਾ ਚੀਰਿਆ ਗਿਆ। ਮੈਂ ਘਰ ਆ ਕੇ ਬਹੁਤ ਰੋਈ ਪਿੱਟੀ। ਮੇਰਾ ਸਹੁਰਾ ਵੀ ਧਾਹੀਂ ਮਾਰ ਮਾਰ ਰੋਇਆ। ਉਸ ਵੇਲੇ ਸਾਡੇ ਚਾਰ ਚੁਫੇਰੇ ਹਨੇਰਾ ਹੀ ਹਨੇਰਾ ਸੀ। ਬਾਪੂ ਜੀ ਤੋਂ ਆਗਿਆ ਲੈ ਕੇ ਮੈਂ ਪੇਕਿਆਂ ਨੂੰ ਗਈ, ਪਰ ਮਨ ਵਿਚ ਕੁਛ ਪੱਕੀ ਧਾਰ ਕੇ। ਮੇਰੇ ਮਾਮੇ ਦੀ ਧੀ ਮੇਰੀ ਹਾਨਣ-ਅਜੇ ਕੁਆਰੀ ਬੈਠੀ ਸੀ। ਮਾਂ ਨੂੰ ਨਾਲ ਲੈ ਕੇ ਮੈਂ ਮਾਮੇ ਦੇ ਬੂਹੇ 'ਤੇ ਜਾ ਬੈਠੀ। ਮੇਰੀ ਗੱਲ ਸੁਣ ਕੇ ਉਹ ਬਹੁਤ ਨਾਰਾਜ਼ ਹੋਏ। ਪਰ ਮੈਂ ਸਿਰੜ ਨਾ ਹਾਰਿਆ। ਚਾਰ ਦਿਨ ਮੈਂ ਭੁੱਖੀ ਤਿਹਾਈ ਮਾਮੇ ਦੇ ਬੂਹੇ 'ਤੇ ਬੈਠੀ ਰਹੀ। ਅੰਤ ਮੇਰੀ ਜਿਦ ਅੱਗੇ ਉਹ ਝੁਕ ਗਏ, ਤੇ ਲੜਕੀ ਦਾ ਸਾਕ ਮੇਰੇ ਸਹੁਰੇ ਨੂੰ ਕਰਨਾ ਮੰਨ ਗਏ। ਏਥੇ ਆਈ, ਤਾਂ ਮੇਰਾ ਸਹੁਰਾ ਨਾ ਮੰਨੇ। ਨਾਲੇ ਉਹ ਧਾਹੀਂ ਮਾਰ ਕੇ ਰੋਵੇ, ਤੇ ਨਾਲੇ ਆਖੇ, 'ਲੋਕ ਮੈਨੂੰ ਕੀ ਕਹਿਣਗੇ।' ਵੀਰਾ! ਏਥੇ ਮੈਨੂੰ ਫੇਰ ਜ਼ਰਾ ਸਖ਼ਤ ਹੋਣਾ ਪਿਆ। ਮੈਂ ਧਮਕੀ ਦੇਂਦਿਆਂ ਕਿਹਾ, 'ਹੱਛਾ, ਬਾਪੂ! ਜੇ ਤੈਨੂੰ ਇਹ ਮਨਜ਼ੂਰ ਨਹੀਂ, ਤਾਂ ਮੈਂ ਤੇਰੇ ਉਹਨਾਂ ਭਤੀਜਿਆਂ ਘਰ ਚੱਲੀ ਊਂ।' ਵੀਰਾ! ਕੀ ਦੱਸਾਂ। ਉਸ ਦਿਨ ਮੈਂ ਤੇ ਬਾਪੂ ਏਨਾ ਰੋਏ, ਜਿਵੇਂ ਉਨ੍ਹਾਂ ਦਾ ਪੁੱਤਰ ਸੱਜਰਾ ਮਰਿਆ ਹੋਵੇ। ਮੁਕਦੀ ਗੱਲ, ਮੈਂ ਆਪਣੇ ਸਹੁਰੇ ਨੂੰ ਨਾਲ ਲੈ ਕੇ ਗਈ, ਤੇ ਮਾਮੇ ਦੀ ਧੀ ਵਿਆਹ ਕੇ ਲੈ ਆਈ। ਸ਼ਰੀਕਾਂ ਨੇ ਮੂੰਹ ਜੋੜ ਜੋੜ ਗੱਲਾਂ ਕੀਤੀਆਂ। ਪਰ ਰੱਬ ਦੀ ਨਜ਼ਰ ਸਵੱਲੀ। ਮੇਰੀ ਘਾਲ ਥਾਂਇ ਪਈ। ਸਾਲ ਪਿੱਛੋਂ ਇਹਦਾ ਜਨਮ ਹੋਇਆ। ਗੁਰੂ ਮਹਾਰਾਜ ਨੇ ਉਜੜਿਆ ਘਰ ਫੇਰ ਵਸਾ ਦਿੱਤਾ। ਮੈਂ ਇਹਨੂੰ ਜੰਮਦੇ ਨੂੰ ਚੁਕ ਕੇ ਸਿਰ 'ਤੇ ਧਰ ਲਿਆ, ਤੇ ਕਿਹਾ, 'ਬਾਪੂ ਜੀ! ਮੈਨੂੰ ਅਸੀਸ ਦਿਹੋ, ਇਹ ਮੇਰਾ ਸੁਹਾਗ ਅਟੱਲ ਰਹੇ।' ਗੁਰੂ ਦਾ ਭਾਣਾ, ਦੋ ਸਾਲ ਪਿਛੋਂ ਬਾਪੂ ਜੀ ਚਲਾਣਾ ਕਰ ਗਏ। ਮੇਰੀ ਸੱਸ ਮੇਰਾ ਮੂੰਹ ਵੇਖਣ ਤੋਂ ਵੀ ਪਹਿਲਾਂ ਸੁਰਗਵਾਸ ਹੋ ਗਈ ਸੀ। ਵੀਰਾ! ਕੀ ਦੱਸਾਂ! ਮੈਂ ਲੱਕ ਬੰਨ੍ਹ ਕੇ ਘਰ ਦੀ ਸਾਰੀ ਵਾਹਲ ਚੁੱਕ ਲਈ। ਬਾਹਰ ਦੀਆਂ ਬੰਦਿਆਂ ਵਾਲੀਆਂ ਸਾਰੀਆਂ ਜ਼ਿੰਮੇਵਾਰੀਆਂ ਸੰਭਾਲ ਲਈਆਂ। ਮਰਦਾਂ ਵਾਂਗ ਡਾਂਗ ਫੜ ਕੇ ਮੈਂ ਖੇਤਾਂ ਵਿਚ ਵਾਹੀ ਕਰਾਈ। ਹੁਣ ਰੱਬ ਨੇ ਭਾਗ ਲਾਇਆ ਏ। ਸਾਡੇ ਘਰ ਤਿੰਨ ਪੁੱਤਰ ਨੇ, ਵੱਡਾ ਤਾਂ ਮੁੱਖ ਨਾਲ ਪਿਉ ਦੇ ਬਰਾਬਰ ਹੋਇਆ ਖਲੋਤਾ ਏ। ਤੇ ਇਹ ਭਲਾ ਲੋਕ, ਕਦੇ ਮੇਰੇ ਅੱਗੇ ਉੱਚੀ ਨਹੀਂ ਬੋਲਿਆ। ਘਰ ਦੇ ਸਾਰੇ ਫ਼ਿਕਰ ਮੇਰੇ ਜ਼ੁੰਮੇ ਨੇ। ਤੇ ਅਹੁ ਮੰਜੇ ਤੇ ਬੈਠੀ ਏ ਮੇਰੀ ਭੈਣ ਵੀ ਤੇ ਸੱਸ ਵੀ। ਉਹਨੂੰ ਮੈਂ ਕਦੇ ਮੰਜੇ ਤੋਂ ਪੈਰ ਨਹੀਂ ਲਾਹੁਣ ਦਿੱਤਾ। ਸਵੇਰੇ ਉਠ ਕੇ ਅਸੀਂ ਦੋਵੇਂ ਜੀਅ ਉਹਦੇ ਪੈਰ

ਧੋਂਦੇ ਆਂ। ਤੇ ਉਹਨਾਂ ਪਤਿਅਹੁਰੇ ਦੇ ਪੁੱਤਰਾਂ ਨੇ ਮੇਰਾ ਨਾਂ 'ਹੋਣੀ' ਪਾ ਦਿੱਤਾ ਏ। ਉਹ ਵੀ ਸੱਚੇ ਨੇ। ਉਹਨਾਂ ਦੇ ਭਾਂ ਦੀ ਤਾਂ ਮੈਂ ਹੋਣੀ ਹੀ ਹਾਂ। ਹੁਣ ਸਾਰਾ ਪਿੰਡ ਮੈਨੂੰ 'ਮਾਈ ਹੋਣੀ' ਆਂਹਦਾ ਏ। ਮੈਂ ਗੁੱਸਾ ਨਹੀਂ ਕਰਦੀ। ਜੀਹਨੇ ਮੈਨੂੰ ਭਾਗ ਲਾਇਆ ਏ, ਓਸ ਗੁਰੂ ਦਾ ਰੂਪ ਸਮਝ ਕੇ ਮੈਂ ਆਏ ਗਏ ਦੀ ਸੇਵਾ ਕਰਦੀ ਆਂ।"

ਇਕ ਛੋਟੀ ਜਿਹੀ ਕਹਾਣੀ ਹੋਰ। ਮੈਂ ਉਸ ਸੱਜਣ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਉਸ ਦਾ ਵੱਡਾ ਭਰਾ ਬਿਨਾਂ ਔਲਾਦ ਦੇ ਮਰ ਗਿਆ। ਉਹ ਉਸ ਵੇਲੇ ਗਿਆਰਾਂ ਬਾਰ੍ਹਾਂ ਸਾਲ ਦਾ ਸੀ। ਪਹਿਲੇ ਦੀ ਪਤਨੀ ਦਿਉਰ ਦੇ ਘਰ ਬਹਿ ਗਈ। ਦੋਹਾਂ ਦੀ ਉਮਰ ਵਿਚ ਵੀਹ-ਬਾਈ ਸਾਲ ਦਾ ਫ਼ਰਕ ਸੀ। ਜਾਇਦਾਦ ਨਾ ਹੋਣ ਦੇ ਬਰਾਬਰ ਸੀ। ਉਸ ਦੇਵੀ ਨੇ ਘਰ ਦੀ ਚਾਰ ਦੀਵਾਰੀ ਵਿਚ ਬੈਠਿਆਂ ਲੋਕਾਂ ਦੇ ਕਪੜੇ ਸਿਉਂ ਕੇ ਘਰ ਦਾ ਖਰਚ ਤੋਰਿਆ, ਤੇ ਦਿਉਰ ਨੂੰ ਪਾਲ ਕੇ ਜਵਾਨ ਕੀਤਾ। ਅਗ੍ਹਾਂ ਉਹਨਾਂ ਦੇ ਪੁੱਤਰ ਜੁਆਨ ਹੋ ਗਏ। ਤਾਂ ਘਰ ਦੀ ਹਾਲਤ ਵੀ ਬਦਲ ਗਈ। ਇਸ ਵੇਲੇ ਉਹਨਾਂ ਕੋਲ ਸਭ ਕੁਛ ਹੈ।

ਕਈ ਦਿਨ ਇਹ ਕਹਾਣੀਆਂ ਮੇਰੇ ਦਮਾਗ ਵਿਚ ਚੱਕਰ ਲਾਉਂਦੀਆਂ ਰਹੀਆਂ। ਸਹਿਜ ਸਹਿਜ ਧੁੰਧ ਸਾਫ਼ ਹੁੰਦੀ ਗਈ, ਤੇ ਪੂਰੀ ਕਹਾਣੀ ਮੇਰੇ ਸਾਮ੍ਹਣੇ ਆ ਗਈ। 26 ਜਨਵਰੀ, 1955 ਨੂੰ ਮੈਂ ਇਹ ਨਾਵਲ ਦੁਬਾਰਾ ਲਿਖਣਾ ਸ਼ੁਰੂ ਕੀਤਾ 'ਤੇ 9 ਮਈ, 1955 ਨੂੰ ਪੂਰਾ ਕੀਤਾ। ਜੂਨ ਵਿਚ ਇਹ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪੁੱਜ ਗਿਆ।

ਹੁਣ ਨਾਵਲ ਦੀ ਕਹਾਣੀ ਸੁਣ ਲਵੋ। ਪਿੰਡ ਦਾ ਬਦਮਾਸ਼ ਦੂਲਾ ਫਾਂਸੀ ਲੱਗ ਗਿਆ। ਉਸਦੀ ਥਾਂ 'ਤਾਰੂ' ਨੇ ਲੈ ਲਈ। 'ਮੁੱਲ ਦਾ ਮਾਸ' ਵਾਲੇ 'ਰਾਹੂ' ਤੇ 'ਕੇਤੂ' ਜਵੰਦੀ ਤੇ ਪੰਡਤ ਜਵਾਲਾ ਸਹਾਇ ਹੁਣ ਨਿਆਸਰੀ ਮਨਜੀਤ ਦੇ ਵੈਰ ਪੈ ਗਏ। ਤਾਰੂ ਨੇ ਮਨਜੀਤ ਦਾ ਜਿਉਣਾ ਹਰਾਮ ਕਰ ਦਿੱਤਾ। ਹਨ੍ਹੇਰੀ ਰਾਤ, ਵਰ੍ਹਦੇ ਮੀਂਹ ਵਿਚ ਮਨਜੀਤ ਕੁਲਵੰਤ ਨੂੰ ਚੁਕ ਕੇ ਘਰੋਂ ਨਿਕਲ ਤੁਰੀ।

ਹੋਰ ਕੋਈ ਆਸਰਾ ਨਜ਼ਰ ਨਾ ਆਇਆ। ਮਨਜੀਤ ਲਾਹੌਰ ਡੇਹਰਾ ਸਾਹਿਬ ਜਾ ਪਹੁੰਚੀ। ਬਦਕਿਸਮਤੀ ਨਾਲ ਹੀ ਗਈ।

ਕਿਸੇ ਪੁਰਾਤਨ ਕਵੀ ਦਾ ਵਾਕ ਯਾਦ ਆ ਗਿਆ :

"ਵਿਚ ਮਸੀਤਾਂ ਰਹਿਣ ਕੁਸੱਤੀ, ਠਾਕਰ ਦੁਆਰੇ ਠੱਗ।"

ਗੁਰਦੁਆਰਾ ਕਮੇਟੀ ਦਾ ਪ੍ਰਧਾਨ ਸੁਜਾਨ ਸਿੰਘ ਤੇ ਸੇਵਾਦਾਰ ਸੱਜਣ ਸਿੰਘ ਗੱਜਣ ਸਿੰਘ ਹੀ ਉਸ ਨਿਆਸਰੀ ਨੂੰ ਹੜਪਣ ਵਾਸਤੇ ਤਿਆਰ ਹੋ ਗਏ।

ਜਿਵੇਂ ਮੈਂ 'ਦੀਵੇ ਦੀ ਲੋ' ਤੇ 'ਜੱਗ ਬਦਲ ਗਿਆ' ਵਿਚ ਦੋ ਗੁੰਬੀ ਵਿਖਾਏ ਹਨ, ਓਵੇਂ ਇਸ ਨਾਵਲ ਵਿਚ ਦੋ ਪ੍ਰਧਾਨ ਵੀ।

ਮਨਜੀਤ ਦੇ ਚੰਗੇ ਭਾਗਾਂ ਨੂੰ ਸਿੰਘ ਸਭਾ ਮਿੰਟਗੁਮਰੀ ਦਾ ਪ੍ਰਧਾਨ ਸਾਧੂ ਸਿੰਘ ਤੇ ਉਸਦੀ ਪਤਨੀ ਦਇਆ ਕੌਰ ਆ ਜਾਂਦੇ ਹਨ। ਉਹਨਾਂ ਦਾ ਪੁੱਤਰ ਲਾਹੌਰ ਵਿਚ ਐਸ. ਪੀ. ਲੱਗਾ ਹੋਇਆ ਸੀ। ਸਾਧੂ ਸਿੰਘ ਦੀ ਮਦਦ ਨਾਲ ਮਨਜੀਤ ਉਹਨਾਂ ਠੱਗਾਂ ਦੇ ਪੰਜੇ ਵਿਚੋਂ ਨਿਕਲ ਕੇ ਮਿੰਟਗੁਮਰੀ ਚਲੀ ਜਾਂਦੀ ਹੈ। ਸਾਧੂ ਸਿੰਘ ਤੇ ਦਇਆ ਕੌਰ ਧੀਆਂ ਵਾਂਗ ਉਸਦਾ ਸਤਿਕਾਰ ਕਰਦੇ ਹਨ। ਓਥੇ ਕੰਨਿਆਂ ਪਾਠਸ਼ਾਲਾ ਵਿਚ ਮਨਜੀਤ ਅਧਿ-

ਆਪਕਾ ਲੱਗ ਜਾਂਦੀ ਹੈ। ਨਾਲ ਹੀ ਮਨਜੀਤ ਗਿਆਨੀ ਪਾਸ ਕਰ ਲੈਂਦੀ ਹੈ। ਜਿਵੇਂ ਕਹਿੰਦੇ ਹਨ : ਚੰਦਨ ਦੇ ਨਾਲ ਸਪੋਲੀਏ ਵੀ ਹੁੰਦੇ ਹਨ, ਓਵੇਂ ਭਲਿਆਂ ਦੇ ਨਾਲ ਕਈ ਬੁਰੇ ਵੀ ਹੁੰਦੇ ਹਨ। ਜਿੱਥੇ ਸਾਧੂ ਸਿੰਘ ਇਕ ਚੰਗਾ ਇਨਸਾਨ ਹੈ, ਕੰਨਿਆਂ ਪਾਠਸ਼ਾਲਾ ਦਾ ਮੈਨੇਜਰ ਧਰਮ ਸਿੰਘ ਆਚਰਣਹੀਣ ਹੈ। ਉਹਨੇ ਮਨਜੀਤ ਨੂੰ ਵੀ ਆਪਣੇ ਜਾਲ ਵਿਚ ਫਸਾਉਣਾ ਚਾਹਿਆ। ਮਨਜੀਤ ਅਡੋਲ ਰਹੀ। ਉਹਨੇ ਕੰਨਿਆਂ ਪਾਠਸ਼ਾਲਾ ਦੀ ਨੌਕਰੀ ਛੱਡ ਦਿੱਤੀ। ਉਹ ਲੜਕੀਆਂ ਨੂੰ ਗਿਆਨੀ ਪੜ੍ਹਾਉਣ ਲੱਗ ਪਈ।

ਕੁਲਵੰਤ ਕਾਲਜ ਵਿਚ ਪੜ੍ਹ ਰਿਹਾ ਸੀ। ਉਸਦੀ ਮੁਹੱਬਤ ਇਕ ਲੜਕੀ 'ਦਰਸ਼ਨ' ਨਾਲ ਹੋ ਗਈ। ਦੋਹਾਂ ਨੇ ਵਿਆਹ ਦਾ ਇਕਰਾਰ ਕਰ ਲਿਆ। ਪਰ ਇਸ ਗੱਲ ਦਾ ਅਜੇ ਮਨਜੀਤ ਨੂੰ ਪਤਾ ਨਾ ਲੱਗਾ।

ਕਿਸੇ ਕਵੀ ਦਾ ਅੱਧਾ-ਕੁ ਮਿਸਰਾ 'ਦਿਲ ਦਰਿਆ ਸਮੁੰਦਰੋਂ ਡੂੰਘੇ' ਪੰਜਾਬੀ ਵਿਚ ਅਖਾਣ ਦਾ ਦਰਜਾ ਰੱਖਦਾ ਹੈ। ਦਿਲ ਦੇ ਭਾਵਾਂ ਨੂੰ ਸਮਝਣਾ ਔਖਾ ਹੈ। ਜਿਸ ਕੁਲਵੰਤ ਨੂੰ ਮਨਜੀਤ ਨੇ ਪੁੱਤਰਾਂ ਵਾਂਗ ਪਾਲਿਆ ਹੈ, ਉਹ ਗਭਰੂ ਹੋ ਜਾਂਦਾ ਹੈ, ਤਾਂ ਉਸ ਵਿਚੋਂ ਮਨਜੀਤ ਨੂੰ ਆਪਣਾ ਪਤੀ—ਸੂਰਤ—ਨਜ਼ਰ ਆਉਣ ਲੱਗ ਪੈਂਦਾ ਹੈ।ਭੁੱਖੀ ਜਵਾਨੀ ਇਹਉਰ ਵਿਚੋਂ ਸਾਥੀ ਭਾਲਣ ਦਾ ਯਤਨ ਕਰਦੀ ਹੈ। ਕੁਲਵੰਤ ਨੂੰ ਇਸ ਭੇਤ ਦਾ ਪਤਾ ਲੱਗ ਜਾਂਦਾ ਹੈ, ਤਾਂ ਉਹ ਜੋਸ਼ ਵਿਚ ਆ ਕੇ ਮਨਜੀਤ ਨਾਲ ਵਿਆਹ ਕਰਾ ਲੈਂਦਾ ਹੈ। ਸਹੀ ਅਰਥਾਂ ਵਿਚ ਉਹ ਕਰਜ਼ ਚੁਕਾਉਣ ਦੇ ਇਰਾਦੇ ਨਾਲ ਐਸਾ ਕਰਦਾ ਹੈ।

ਅੱਗੋਂ ਨਾਵਲ ਦਾ ਦੂਸਰਾ ਭਾਗ ਸ਼ੁਰੂ ਹੋ ਜਾਂਦਾ ਹੈ। ਮਿੰਟਗੁਮਰੀ ਛੱਡ ਕੇ ਕੁਲਵੰਤ ਤੇ ਮਨਜੀਤ ਪੱਤੋਕੀ ਆ ਵੱਸਦੇ ਹਨ। ਗਵਾਂਢ ਵਿਚ ਬੁੱਢਾ ਮੁਸਲਮਾਨ 'ਜਲਾਲ' ਪੁੱਤਰ ਦੀ ਦਵਾਈ ਵਾਸਤੇ ਭਾਂਡੇ ਵੇਚਣ ਲਈ ਮਜਬੂਰ ਹੋ ਜਾਂਦਾ ਹੈ। ਮਨਜੀਤ ਐਸੀ ਹਾਲਤ ਵਿਚ ਉਸਦੀ ਪੈਸੇ ਦੀ ਮਦਦ ਕਰਦੀ ਹੈ। ਏਥੋਂ ਦੋਹਾਂ ਪਰਵਾਰਾਂ ਵਿਚ ਸਾਂਝ ਪੈ ਜਾਂਦੀ ਹੈ।

ਪਾਕਿਸਤਾਨ ਬਣ ਗਿਆ। ਮਨਜੀਤ ਤੇ ਕੁਲਵੰਤ ਨੂੰ ਘਰ ਛੱਡ ਕੇ ਨੱਸਣਾ ਪੈ ਗਿਆ। ਜਲਾਲ ਤੇ ਉਸ ਦਾ ਪੁੱਤਰ ਉਸ ਸਮੇਂ ਉਹਨਾਂ ਦੀ ਮਦਦ ਕਰਦੇ ਹਨ। ਉਹ ਜ਼ਖੀਰੇ ਕੋਲ ਪੁੱਜੇ, ਤਾਂ ਕੁਛ ਹੋਰ ਲੁਟੇਰੇ ਆ ਪਏ। ਕੁਲਵੰਤ ਲੁਕ ਕੇ ਜ਼ਖੀਰੇ ਵਿਚ ਦੀ ਨਿਕਲ ਗਿਆ, ਪਰ ਮਨਜੀਤ ਲੁਟੇਰਿਆਂ ਦਾ ਟਾਕਰਾ ਕਰਦੀ ਹੋਈ ਜ਼ਖਮੀ ਹੋ ਗਈ। ਕੁਲਵੰਤ ਨੇ ਉਸਨੂੰ ਮਰ ਗਈ ਸਮਝ ਲਿਆ। ਪਰ ਜਲਾਲ ਤੇ ਫੱਜਾ ਮਨਜੀਤ ਨੂੰ ਚੁੱਕ ਕੇ ਘਰ ਲੈ ਜਾਂਦੇ ਹਨ। ਇਲਾਜ ਕਰਨ ਨਾਲ ਉਹ ਜਾਨੋਂ ਬਚ ਜਾਂਦੀ ਹੈ :

ਕੁਲਵੰਤ 'ਰਾਜਾ ਜੰਗ' ਦੇ ਵਹੀਰ ਨਾਲ ਰਲ ਕੇ ਭਾਰਤ ਆ ਜਾਂਦਾ ਹੈ। ਸਿਰ ਲੁਕਾਣੇ ਵਾਸਤੇ ਥਾਂ ਟਿਕਾਣਾ ਭਾਲਦਿਆਂ ਪਟਿਆਲੇ ਵਿਚੋਂ ਕੁਲਵੰਤ ਦੇ ਹੱਥ ਬਹੁਤ ਸਾਰਾ ਧਨ ਆ ਜਾਂਦਾ ਹੈ। ਉਸ ਪੈਸੇ ਨੇ ਕੁਲਵੰਤ ਨੂੰ ਸਮੂਲਚੋਂ ਬਦਲ ਦਿੱਤਾ ਹੈ।

ਯਾਦ ਰੱਖੋ, ਧਰਮ ਦੀ ਕਮਾਈ ਨਾਲ ਕੁਛ ਪੈਸਾ ਜਮ੍ਹਾਂ ਵੀ ਹੋ ਜਾਏ, ਤਾਂ ਉਹ ਮਨ ਵਿਚ ਵਿਕਾਰ ਪੈਦਾ ਨਹੀਂ ਕਰਦਾ। ਪਰ ਬਿਨਾਂ ਮਿਹਨਤ ਮਿਲਿਆ ਧਨ ਮਨੁੱਖ ਦੀ ਮੱਤ ਮਾਰ ਦੇਂਦਾ ਹੈ।

'ਕਨਕ ਕਨਕ ਤੇ ਸੌ ਗੁਨਾ ਮਾਦਕਤਾ ਅਧਿਕਾਇ।
ਵੋ ਖਾਏ ਮਰ ਜਾਏ ਹੈ, ਵੋ ਪਾਇ ਬਉਰਾਇ।"

(ਕਨਕ—ਸੋਨਾ, ਧਨ। ਕਨਕ—ਧਤੂਰਾ। ਧਨ ਵਿਚ ਧਤੂਰੇ ਨਾਲੋਂ ਸੌ ਗੁਣਾਂ ਨਸ਼ਾ ਹੈ। ਧਤੂਰਾ ਖਾਣ ਨਾਲ ਆਦਮੀ ਮਰਦਾ ਹੈ, ਪਰ ਧਨ ਕੋਲ ਆ ਜਾਏ, ਤਾਂ ਮਨੁੱਖ ਬਉਰਾ ਹੋ ਜਾਂਦਾ ਹੈ।)

ਸੋ ਕੁਲਵੰਤ ਵੀ ਬੇਗਾਨਾ ਧਨ ਪਾ ਕੇ ਬਉਰਾ (ਪਾਗਲ) ਹੋ ਗਿਆ। ਅਖ਼ਬਾਰਾਂ ਰਾਹੀਂ ਮੇਲ ਮਿਲਾਪ ਕਰਕੇ ਉਸ ਨੇ ਦਰਸ਼ਨ ਨਾਲ ਵਿਆਹ ਕਰਾ ਲਿਆ। ਪਰ ਮਨ-ਚਾਹੀ ਪਤਨੀ ਪ੍ਰਾਪਤ ਕਰਕੇ ਵੀ ਉਹ ਤ੍ਰਿਪਤ ਨਾ ਹੋਇਆ। ਅਮੀਰਾਂ ਵਾਲੀਆਂ ਸਾਰੀਆਂ ਬੁਰਾਇਆਂ ਉਸ ਵਿਚ ਆ ਗਈਆਂ।

ਜ਼ਰਾ ਹਾਲਾਤ ਸ਼ਾਂਤ ਹੋਏ, ਤਾਂ ਮਿਲਟਰੀ ਦੀ ਮਦਦ ਨਾਲ ਮਨਜੀਤ ਭਾਰਤ ਆ ਗਈ। ਥਾਂ ਥਾਂ ਟੱਕਰਾਂ ਮਾਰ ਕੇ ਅੰਤ ਉਹਨੇ ਕੁਲਵੰਤ ਨੂੰ ਲੱਭ ਲਿਆ।

ਮਹਾਤਮਾ ਗਾਂਧੀ ਨੇ ਕਿਹਾ ਸੀ, "ਪਾਕਿਸਤਾਨ ਵਿਚੋਂ ਆਈਆਂ ਦੇਵੀਆਂ ਨੂੰ ਸੀਤਾ ਵਾਂਗ ਪਵਿੱਤਰ ਸਮਝਣਾ ਚਾਹੀਦਾ ਹੈ :" ਪਰ ਏਹੋ ਜੇਹੇ ਉਪਦੇਸ਼ਾਂ ਉਤੇ ਕੌਣ ਅਮਲ ਕਰਦਾ ਹੈ। ਕੁਲਵੰਤ ਨੇ ਮਨਜੀਤ ਦਾ ਨਿਰਾਦਰ ਕਰਕੇ ਬੂਹੇ ਤੋਂ ਧੱਕ ਦਿੱਤਾ। ਜਦੋਂ ਆਦਮੀ ਦੇ ਹੱਥ ਕੁਛ ਤਾਕਤ ਆ ਜਾਏ, ਉਹ ਸਾਰੇ ਅਹਿਸਾਨਾਂ ਨੂੰ ਭੁੱਲ ਜਾਂਦਾ ਹੈ।

ਹੁਣ ਮਨਜੀਤ ਸਾਮ੍ਹਣੇ ਇਕੋ ਰਸਤਾ ਰਹਿ ਗਿਆ ਸੀ : ਆਤਮਘਾਤ। ਪਰ ਮੇਰੇ ਨਿਸ਼ਚੇ ਅਨੁਸਾਰ ਆਤਮਘਾਤ ਜ਼ਿੰਦਗੀ ਦੀ ਸਭ ਤੋਂ ਵੱਡੀ ਹਾਰ ਹੈ। ਮੇਰਾ ਇਕ ਸ਼ੇਅਰ ਹੈ :

"ਆਤਮਘਾਤ, ਜਵਾਨਾ! ਜ਼ਿੰਦਗੀ ਦੀ ਹਾਰ ਹੈ,
ਹਿੰਮਤ ਨਾਲ ਬਦਲ ਦਿਹ ਜਿੱਤ ਵਿਚ ਇਸ ਹਾਰ ਨੂੰ।"

ਏਸੇ ਵਾਸਤੇ ਮੈਂ ਮਨਜੀਤ ਨੂੰ ਆਤਮਘਾਤ ਨਹੀਂ ਕਰਨ ਦਿੱਤਾ। ਐਨ ਅੰਤ ਸਮੇਂ ਉਸਨੂੰ ਇਨਕਲਾਬੀ ਜੀਵਨ ਜਿਊਣ ਵਾਸਤੇ ਬਚਾ ਲਿਆ ਹੈ।

6. ਜੰਗ ਜਾਂ ਅਮਨ :

ਇਕ ਪ੍ਰਸਿੱਧ ਪੰਜਾਬੀ ਨਾਵਲਕਾਰ ਦੇ ਮੈਂ ਸ਼ਬਦ ਪੜ੍ਹੇ। ਉਹ ਲਿਖਦਾ ਹੈ, "ਮੈਨੂੰ ਆਲੋਚਕ ਮਿਲ ਗਏ ਹਨ, ਪਰ ਪਾਠਕ ਨਹੀਂ ਮਿਲੇ।" ਇਸ ਦੇ ਉਲਟ ਮੈਨੂੰ ਪਾਠਕ ਮਿਲ ਗਏ। ਸੋ, ਮੈਂ ਆਲੋਚਕਾਂ ਦੀ ਚਿੰਤਾ ਛਡ ਦਿੱਤੀ।

ਮੇਰੀ ਰਾਏ ਹੈ, ਕਿ ਮੌਲਕ ਲੇਖਕ ਨੂੰ ਆਪਣੀਆਂ ਲਿਖਤਾਂ ਬਾਰੇ ਆਲੋਚਕਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ। ਉਸ ਨੂੰ ਆਪਣੇ ਵਿਚਾਰ ਹਰ ਤਰ੍ਹਾਂ ਆਲੋਚਕਾਂ ਤੋਂ ਸੁਤੰਤਰ ਰਖਣੇ ਚਾਹੀਦੇ ਹਨ। ਤੇ ਮੇਰਾ ਇਹ ਵੀ ਤਜਰਬਾ ਹੈ, ਕਿ ਜਿਸ ਗਹਿਰਾਈ ਤਕ ਗੰਭੀਰ ਲੇਖਕ ਪਹੁੰਚਦਾ ਹੈ, ਆਲੋਚਕ ਕੋਈ ਟਾਂਵਾਂ ਹੀ ਪਹੁੰਚ ਸਕਦਾ ਹੈ।

ਇਕ ਮਿਸਾਲ ਮੈਂ 'ਦੀਵੇ ਦੀ ਲੋ' ਬਾਰੇ ਪਿੱਛੇ ਦੇ ਆਇਆ ਹਾਂ, ਕਿ ਮੈਂ ਨਸੀਰਾਂ ਨੂੰ ਤਲਾਕ ਕਿਉਂ ਨਹੀਂ ਦੁਆਇਆ। ਇਕ ਹੋਰ ਮਿਸਾਲ ਮੈਂ ਇਤਿਹਾਸ ਬਾਰੇ ਦੇਂਦਾ ਹਾਂ। ਪੰਡਤਾਂ ਤੇ ਖੱਤਰੀਆਂ ਨੇ ਮਿਲ ਕੇ ਅਕਬਰ ਦੇ ਦਰਬਾਰ ਵਿਚ ਸ਼ਕਾਇਤ ਕੀਤੀ, ਕਿ ਗੁਰੂ ਅਮਰਦਾਸ ਜੀ ਨੇ ਪੁਰਾਣੀ ਧਾਰਮਿਕ ਮਰਯਾਦਾ ਬਦਲ ਦਿੱਤੀ ਹੈ, ਸਿੱਖ 'ਗਾਇਤ੍ਰੀ' ਦਾ ਪਾਠ ਨਹੀਂ ਕਰਦੇ। ਗੁਰੂ ਜੀ ਨੇ ਇਸਦਾ ਉਤਰ ਦੇਣ ਵਾਸਤੇ ਰਾਮਦਾਸ ਜੀ ਨੂੰ ਭੇਜਿਆ। ਏਹਾ ਸਵਾਲ ਪੰਡਤਾਂ ਨੇ ਅਕਬਰ ਦੇ ਸਾਮ੍ਹਣੇ ਉਠਾਇਆ। ਉਤਰ ਵਿਚ ਰਾਮਦਾਸ ਜੀ ਨੇ ਕਿਹਾ "ਮੈਂ 'ਗਾਇਤ੍ਰੀ' ਦਾ ਪਾਠ ਸੁਣਾ ਦੇਂਦਾ ਹਾਂ, ਪਰ ਏਥੇ 'ਗਾਇਤ੍ਰੀ'

ਦਾ ਪਾਠ ਕਰਨ ਦਾ ਜੋ ਪੁੰਨ ਪਾਪ ਹੋਵੇਗਾ, ਉਸਦੇ ਭਾਗੀ ਇਹ ਪੰਡਤ ਹੋਣਗੇ।''

ਤਾਂ ਪੰਡਤਾਂ ਨੇ 'ਗਾਇਤ੍ਰੀ' ਸੁਣਨ ਦੀ ਸ਼ਰਤ ਵਾਪਸ ਲੈ ਲਈ। ਵੈਦਿਕ ਧਰਮ ਅਨੁਸਾਰ ਕਿਸੇ ਸ਼ੂਦਰ ਜਾਂ ਮੁਸਲਮਾਨ (ਜਾਂ ਅੰਨ ਧਰਮੀ) ਦੇ ਸਾਮ੍ਹਣੇ 'ਗਾਇਤ੍ਰੀ' ਦਾ ਪਾਠ ਨਹੀਂ ਕੀਤਾ ਜਾ ਸਕਦਾ। ਸੋ, ਅਕਬਰ ਦੀ ਮੌਜੂਦਗੀ ਵਿਚ 'ਗਾਇਤ੍ਰੀ' ਨਹੀਂ ਸੀ ਪੜ੍ਹੀ ਜਾ ਸਕਦੀ।

ਮੇਰਾ ਭਾਵ ਹੈ, ਕਿ ਗੰਭੀਰ ਲੇਖਕ ਨਾਲੋਂ ਆਲੋਚਕ ਦਾ ਗਿਆਨ ਵਧੇਰੇ ਹੋਵੇ, ਤਾਂ ਹੀ ਉਹ ਉਸ ਬਾਰੇ ਸਹੀ ਆਲੋਚਨਾ ਕਰ ਸਕਦਾ ਹੈ।

ਮੈਂ ਪ੍ਰਕਾਸ਼ਕ ਵੀ ਆਪ ਹੀ ਹਾਂ। (ਪਹਿਲਾਂ ਮੈਨੂੰ ਪ੍ਰਕਾਸ਼ਕ ਮਿਲਿਆ ਕੋਈ ਨਾ, ਤੇ ਫੇਰ ਮੈਨੂੰ ਪ੍ਰਕਾਸ਼ਕ ਦੀ ਲੋੜ ਨਾ ਰਹੀ।) ਸੋ ਪਹਿਲਾਂ ਮੈਂ ਛੋਟੇ ਆਕਾਰ ਵਿਚ ਕਿਤਾਬਾਂ ਛਾਪੀਆਂ। ਇਸ ਸਮੇਂ ਤਕ ਮੇਰੀਆਂ ਅਠਾਰਾਂ ਪੁਸਤਕਾਂ ਢਾਡੀ ਵਾਰਾਂ ਦੀਆਂ (ਸੀਤਲ ਕਿਰਣਾਂ ਲੜੀ) ਤੇ ਤਿੰਨ ਫੁਟਕਲ ਕਵਿਤਾਵਾਂ ਦੀਆਂ ਛਪ ਚੁਕੀਆਂ ਸਨ। ਇਹ ਸਭ ਸੌ-ਸੌ ਸਫ਼ੇ ਦੀਆਂ ਸਨ। ਸਿੱਖ ਇਤਿਹਾਸ ਬਾਰੇ ਬੰਦਾ ਸਿੰਘ ਤੋਂ ਲੈ ਕੇ ਮ. ਦਲੀਪ ਸਿੰਘ ਦੇ ਅਕਾਲ-ਚਲਾਣੇ ਤਕ (ਸਿੱਖ ਰਾਜ ਕਿਵੇਂ ਬਣਿਆਂ, ਸਿੱਖ ਰਾਜ ਕਿਵੇਂ ਗਿਆ, ਆਦਿ) ਛੇ ਜਿਲਦਾਂ ਛਪ ਚੁੱਕੀਆਂ ਸਨ। ਇਹਨਾਂ ਵਿਚ ਸਫ਼ਿਆਂ ਦੀ ਬੰਦਸ਼ ਨਹੀਂ ਸੀ। ਪਾਠਕਾਂ ਨੇ ਇਹਨਾਂ ਲਿਖਤਾਂ ਨੂੰ ਏਨਾ ਪਸੰਦ ਕੀਤਾ, ਕਿ ਮੈਂ ਆਪ ਵੀ ਹੈਰਾਨ ਰਹਿ ਗਿਆ। ਇਸ ਸਮੇਂ ਤਕ ਇਹਨਾਂ ਵਿਚੋਂ ਕਈ ਪੁਸਤਕਾਂ ਦੀਆਂ ਕਈ ਕਈ ਐਡੀਸ਼ਨਾਂ ਵਿਕ ਚੁਕੀਆਂ ਹਨ।

ਢਾਡੀ ਹੋਣ ਕਰਕੇ ਸਿੱਖ ਸੰਗਤਾਂ ਵਿਚ ਮੇਰਾ ਨਾਮ ਸੀ। ਸੋ ਇਤਿਹਾਸਕ ਕਿਤਾਬਾਂ ਦੀ ਵਿਕਰੀ ਸੁਭਾਵਕ ਸੀ। ਨਾਵਲ ਮੇਰਾ ਨਵਾਂ ਤਜਰਬਾ ਸੀ। ਇਸ ਲਈ ਪਹਿਲੇ ਪੰਜ ਨਾਵਲ ਮੈਂ ਗਿਣ-ਮਿਥ ਕੇ ਆਕਾਰ ਵਿਚ ਛੋਟੇ ਰਖੇ। ਪਾਠਕਾਂ ਨੇ ਮੇਰੇ ਨਾਵਲ ਵੀ ਪਸੰਦ ਕੀਤੇ, ਤਾਂ ਮੇਰਾ ਹੌਂਸਲਾ ਵੱਧ ਗਿਆ। ਮੈਨੂੰ ਭਰੋਸਾ ਹੋ ਗਿਆ, ਕਿ ਮੇਰੀ ਲਿਖਤ ਦੇ ਪਾਠਕ ਬਣ ਗਏ ਹਨ। ਸੋ 'ਜੰਗ ਜਾਂ ਅਮਨ' ਸ਼ੁਰੂ ਕਰਨ ਲੱਗਿਆਂ ਮੈਂ ਆਪਣੇ ਆਪ ਤੋਂ ਸਭ ਪਾਬੰਦੀਆਂ ਉਠਾ ਲਈਆਂ। ਮੈਂ ਮਨ ਬਣਾ ਲਿਆ, ਕਿ ਨਾ ਮੈਂ ਇਸ ਨੂੰ ਬੇਲੋੜਾ ਵਿਸਥਾਰ ਦੇਣਾ ਹੈ, ਤੇ ਨਾ ਹੀ ਕਿਸੇ ਪੱਖੋਂ ਸੰਖੇਪ ਕਰਨਾ ਹੈ। ਜਿੱਥੋਂ ਤਕ ਆਪਣੀ ਸੁਭਾਵਕ ਚਾਲ ਕਹਾਣੀ ਚੱਲੇ, ਚੱਲਣ ਦੇਣੀ ਹੈ। ਹਾਂ, ਇਹ ਜ਼ਰੂਰ ਮਿਥ ਲਿਆ, ਕਿ ਐਥੋਂ ਚਲ ਕੇ ਏਸ ਮੰਜ਼ਿਲ 'ਤੇ ਪੁਜਣਾ ਹੈ, ਤੇ ਵਿਚ ਆਹ ਆਹ ਰੰਗ ਜ਼ਰੂਰ ਭਰਨੇ ਹਨ।

ਕਦੇ ਮੈਂ 'ਅਸਮਤ ਚੁਗ਼ਤਾਈ' ਦਾ ਨਾਵਲ 'ਟੇਢ਼ੀ ਲਕੀਰ' ਪੜ੍ਹਿਆ ਸੀ। ਉਸ ਵਿਚ ਉਸ ਨੇ ਲੜਕੀਆਂ ਦਾ ਸਕੂਲੀ ਜੀਵਨ ਚਿਤਰਣ ਵਿਚ ਕਮਾਲ ਕੀਤਾ ਹੈ। ਮੇਰੇ ਮਨ ਵਿਚ ਆਈ, ਕਿ ਲੜਕਿਆਂ ਦਾ ਸਕੂਲੀ ਜੀਵਨ ਵੀ ਪੇਸ਼ ਕਰਨਾ ਚਾਹੀਦਾ ਹੈ! ਸੋ ਮੈਂ 'ਜੰਗ ਜਾਂ ਅਮਨ' ਸ਼ੁਰੂ ਹੀ ਏਥੋਂ ਕੀਤਾ।

ਇਕ ਚੀਜ਼ ਹੋਰ ਵੇਖੋ। ਨਾਵਲ ਵਾਰਤਾਲਾਪ ਤੋਂ ਝੱਟ ਪੱਟ ਸ਼ੁਰੂ ਹੋ ਜਾਂਦਾ ਹੈ।

''ਉਹ ਸਾਰੇ ਪਿੰਡ ਚੋਂ ਸੋਹਣੀ ਕੁੜੀ ਦੱਸੀਦੀ ਏ।''

'ਕਿਹੜੀ ਕੁੜੀ?' ਪਾਠਕ ਦੇ ਮਨ ਵਿਚ ਇਹ ਜਾਨਣ ਦੀ ਉਤਸੁਕਤਾ ਪੈਦਾ ਹੋ ਗਈ। ਇਸ ਲਈ ਉਹ ਅਗਾਂਹ ਜ਼ਰੂਰ ਪੜ੍ਹੇਗਾ।

ਸਾਹਿੱਤ ਦਾ ਪਹਿਲਾ ਗੁਣ ਹੈ 'ਮਨੋਰੰਜਨ'। ਜੇ ਪਾਠਕ ਦਾ ਮਨ ਨਾ ਲੱਗਾ, ਤਾਂ ਪੜ੍ਹੇਗਾ ਕਿਉਂ? ਬੇਲੋੜਾ ਵਿਸਥਾਰ, ਫਿੱਕੀ ਬੋਲੀ ਤੇ ਨਾ-ਮੰਨਣਯੋਗ ਵਿਚਾਰ ਸਾਹਿੱਤ ਵਿਚ ਸਭ ਤੋਂ ਵੱਡੇ ਦੋਸ਼ ਹਨ। ਲੇਖਕ ਨੂੰ ਇਹਨਾਂ ਗਲਤੀਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

ਨਾਵਲ ਦਾ ਨਾਇਕ ਮਹਿੰਦਰ ਸਿੰਘ ਦਾ ਸਕੂਲੀ ਜੀਵਨ ਮੇਰਾ ਨਿੱਜੀ ਤਜਰਬਾ ਹੈ। (ਪਰ ਸਮੁੱਚੇ ਤੌਰ 'ਤੇ ਮਹਿੰਦਰ ਦੀ ਕਹਾਣੀ, ਮੇਰੀ ਕਹਾਣੀ ਨਹੀਂ।)

ਨਾਵਲ ਦਾ ਖੇਤਰ ਪਿੰਡ 'ਅਲਾਦੀਨ ਪੁਰ' (ਤਰਨਤਾਰਨ ਦੇ ਨੇੜੇ) ਹੈ। ਹਰ ਨਾਵਲ ਦਾ ਖੇਤਰ ਮੈਂ ਓਹਾ ਚੁਣਿਆਂ ਹੈ, ਜਿਸ ਬਾਰੇ ਮੈਨੂੰ ਪੂਰੀ ਜਾਣਕਾਰੀ ਹੈ। ਆਲੋਚਕ ਸਵਾਲ ਕਰ ਸਕਦਾ ਹੈ, ਕਿ ਕੀ ਮੈਂ ਮਿਸਰ, ਲਿਬੀਆ ਆਦਿ ਸਾਰੇ ਮੁਲਕ ਵੇਖੇ ਹੋਏ ਹਨ, ਜਿੰਨ੍ਹਾਂ ਦਾ ਇਸ ਵਿਚ ਜ਼ਿਕਰ ਹੈ? ਨਹੀਂ। ਪਰ ਲਿਖਣ ਤੋਂ ਪਹਿਲਾਂ ਮੈਂ ਇਹਨਾਂ ਦਾ ਜੁਗਰਾਫ਼ੀਆ (ਭੂ-ਗੋਲ) ਪੜ੍ਹਿਆ, ਤੇ ਨਕਸ਼ੇ ਬੜੇ ਧਿਆਨ ਨਾਲ ਵੇਖੇ। ਵਿਸ਼ ਸੰਸਾਰ ਯੁੱਧ ਬਾਰੇ ਚਾਰ-ਪੰਜ ਗ੍ਰੰਥ ਉਹਨਾਂ ਲੇਖਕਾਂ ਦੇ ਪੜ੍ਹੇ, ਜੋ ਇਸ ਲੜਾਈ ਵਿਚ ਸ਼ਾਮਲ ਰਹੇ ਸਨ। ਨਕਸ਼ਾ ਵੀ ਓਥੋਂ ਹੀ ਲਿਆ। ਇਕ ਫ਼ੌਜੀ ਅਫ਼ਸਰ ਦੀ ਡਾਇਰੀ ਵੇਖੀ, ਜੋ ਇਸ ਲੜਾਈ ਵਿਚ ਸ਼ਾਮਲ ਰਿਹਾ ਸੀ। ਉਸ ਦੀਆਂ ਦੱਸੀਆਂ ਤਾਰੀਖ਼ਾਂ ਮੁਤਾਬਕ ਤੇ ਉਹਨਾਂ ਰਾਹੀਂ ਮੈਂ ਮਹਿੰਦਰ ਸਿੰਘ ਨੂੰ ਮਿਸਰ ਪੁਚਾਇਆ ਹੈ।

ਸਾਡੇ ਦੇਸ ਵਿਚ ਮਾਪੇ ਬੱਚਿਆਂ ਨੂੰ ਇਸ ਲਾਰੇ 'ਤੇ ਪੜ੍ਹਾਉਂਦੇ ਹਨ, ਤੇ ਪੜ੍ਹਨ ਵਾਲੇ ਵੀ ਏਸੇ ਲਾਲਚ ਵਿਚ ਪੜ੍ਹਦੇ ਹਨ, ਕਿ ਪੜ੍ਹਦਿਆਂ ਸਾਰ ਉਹਨਾਂ ਨੂੰ ਚੰਗੀ ਨੌਕਰੀ ਮਿਲ ਜਾਇਗੀ। (ਜਿਉਂ ਜਿਉਂ ਇਹ ਆਸ ਮੱਧਮ ਪੈਂਦੀ ਜਾਂਦੀ ਹੈ, ਪੜ੍ਹਾਈ ਦਾ ਵੀ ਭੱਠਾ ਬਹਿੰਦਾ ਜਾਂਦਾ ਹੈ। ਅੱਜ ਕੱਲ੍ਹ ਡਿਗਰੀ ਚਾਹੀਦੀ ਹੈ, ਕਾਬਲੀਅਤ ਦੀ ਲੋੜ ਨਹੀਂ।) ਹਰ ਵਿਦਿਆਰਥੀ ਵਾਂਗ ਮਹਿੰਦਰ ਨੂੰ ਵੀ ਇਹ ਆਸ ਸੀ, ਕਿ ਦਸਵੀਂ ਪਾਸ ਕਰਦਿਆਂ ਹੀ ਉਹਨੂੰ ਨੌਕਰੀ ਮਿਲ ਜਾਇਗੀ।

ਇਕ ਔਖੀ ਸਮੱਸਿਆ ਹੈ, ਪੜ੍ਹਾਈ ਦੇ ਸਮੇਂ ਹੀ ਵਿਆਹ ਹੋ ਜਾਣਾ। ਗ਼ਰੀਬ ਤਬਕੇ ਵਿਚ ਵਿਆਹ ਜ਼ਿੰਦਗੀ ਦੀ ਸਭ ਤੋਂ ਪਹਿਲੀ ਲੋੜ ਸਮਝਿਆ ਜਾਂਦਾ ਹੈ। ਪਰ ਵਿਦਿਆਰਥੀ ਜੀਵਨ ਵਿਚ ਵਿਆਹ ਕਿੰਨੀਆਂ ਮੁਸ਼ਕਲਾਂ ਪੈਦਾ ਕਰ ਦੇਂਦਾ ਹੈ, ਇਹ ਮਹਿੰਦਰ ਵੱਲ ਵੇਖ ਲਵੋ।

ਬੰਤਾ ਸਿੰਘ ਸ਼੍ਰੇਣੀ ਪਾਤਰ ਹੈ। ਗਰੀਬ ਨੂੰ ਮੌਤ ਦੇ ਦਿਨ ਤਕ ਰੋਟੀ ਬਦਲੇ ਜੂਝਣਾ ਪੈਂਦਾ ਹੈ, ਭਾਵੇਂ ਕੰਮ ਕਰਨ ਦੀ ਸੱਤਿਆ ਹੋਵੇ, ਭਾਵੇਂ ਨਾ।

ਬੰਤਾ ਸਿੰਘ ਦੀ ਮੌਤ ਪਿੱਛੋਂ ਘਰ ਦਾ ਸਾਰਾ ਭਾਰ ਮਹਿੰਦਰ ਨੂੰ ਚੁਕਣਾ ਪੈ ਜਾਂਦਾ ਹੈ। ਏਥੇ ਫਿਰ ਮੇਰਾ ਨਿੱਜੀ ਤਜਰਬਾ ਹੈ। ਮੇਰੀ ਰਾਇ ਹੈ, ਕਿ ਕੰਮ ਕਰਨ ਵਾਸਤੇ ਨਿਰਾ ਸਰੀਰਕ ਬਲ ਹੀ ਨਹੀਂ, ਨਾਲ ਸਿਰੜ ਵੀ ਜ਼ਰੂਰੀ ਹੈ।

ਹਾਲਾਤ ਦੀ ਮਜਬੂਰੀ ਮਹਿੰਦਰ ਨੂੰ ਫ਼ੌਜ ਵਿਚ ਭੇਜ ਦੇਂਦੀ ਹੈ। ਪਰ ਉਹ ਭਰਤੀ ਹੋਇਆ ਨਹੀਂ, ਸਗੋਂ ਛਲ ਨਾਲ ਭਰਤੀ ਕਰਾ ਦਿੱਤਾ ਗਿਆ ਹੈ। ਜਾਂ ਦੂਸਰੇ ਸ਼ਬਦਾਂ ਵਿਚ, ਜ਼ਿੰਦਗੀ ਦੇ ਸਾਰੇ ਰਸਤੇ ਬੰਦ ਕਰਕੇ ਉਸਨੂੰ ਫ਼ੌਜ ਵਿਚ ਧੱਕ ਦਿੱਤਾ ਗਿਆ ਹੈ। ਮੇਰਾ ਨਿਸ਼ਚਾ ਹੈ, ਕਿ ਕੋਈ ਵੀ ਜਵਾਨ ਖ਼ੁਸ਼ੀ ਨਾਲ ਫ਼ੌਜ ਵਿਚ ਸਿਪਾਹੀ ਵਜੋਂ ਭਰਤੀ

ਨਹੀਂ ਹੁੰਦਾ। ਇਹ ਜੀਵਨ ਅਖਤਿਆਰ ਕਰਨਾ ਉਸ ਦੀਆਂ ਮਜਬੂਰੀਆਂ, ਖ਼ਾਸ ਕਰ ਆਰਥਕ ਮਜਬੂਰੀਆਂ ਦਾ ਸਿੱਟਾ ਹੁੰਦਾ ਹੈ। ਹਾਂ ਕਮਿਸ਼ੰਡ ਅਫ਼ਸਰ ਜ਼ਰੂਰ ਖ਼ੁਸ਼ੀ ਨਾਲ ਭਰਤੀ ਹੁੰਦੇ ਹਨ। ਉਹਨਾਂ ਦੀ ਆਖ਼ਰੀ ਮੰਜ਼ਿਲ ਜਨਰਲ ਜਾਂ ਕਰਨਲ ਸਾਹਮਣੇ ਹੁੰਦੀ ਹੈ।

ਭਰਤੀ ਹੋ ਕੇ ਜੰਗ ਵਿਚ ਜਾਣ ਵਾਲਿਆਂ ਦੀਆਂ ਮੁਟਿਆਰ ਪਤਨੀਆਂ ਦਾ ਪਿੱਛੋਂ ਜਿਸ ਤਰ੍ਹਾਂ ਜੀਵਨ ਬੀਤਦਾ ਹੈ, ਕਿਰਪਾਲ ਦੀ ਮਿਸਾਲ ਸਾਡੇ ਸਾਮ੍ਹਣੇ ਹੈ।

ਨਾਵਲ ਲਿਖਣ ਦਾ ਅਸਲੀ ਮਨੋਰਥ ਇਹ ਸਾਬਤ ਕਰਨਾ ਹੈ, ਕਿ ਆਮ ਜਨਤਾ ਕਦੇ ਵੀ ਜੰਗ ਨਹੀਂ ਚਾਹੁੰਦੀ, ਸਗੋਂ ਅਮਨ ਚਾਹੁੰਦੀ ਹੈ। ਜੰਗ ਸ਼ੁਰੂ ਕਰਨੇ ਤਾਂ ਨੀਤੀਵਾਨਾਂ ਦੀਆਂ ਸ਼ਤਰੰਜ ਦੀਆਂ ਬਾਜ਼ੀਆਂ ਹਨ। ਮਰਨ ਮਾਰਨ ਵਾਲੇ ਸਿਪਾਹੀਆਂ ਦਾ ਆਪਸ ਵਿਚ ਕੋਈ ਵੈਰ ਨਹੀਂ ਹੁੰਦਾ। ਫਿਰ ਵੀ ਉਹ ਪੂਰੇ ਜੋਸ਼ ਨਾਲ ਲੜਦੇ ਹਨ, ਮਰਦੇ ਹਨ ਤੇ ਮਾਰਦੇ ਹਨ।

ਇਸ ਦੇ ਪੰਜਤਾਲੀਵੇਂ ਕਾਂਡ ਬਾਰੇ ਕਈ ਸੱਜਣਾਂ ਨੇ ਇਤਰਾਜ਼ ਕੀਤਾ ਹੈ। ਕਈਆਂ ਨੇ ਇਹ ਕਾਂਡ ਕੱਢ ਦੇਣ ਦੀ ਵੀ ਸਲਾਹ ਦਿੱਤੀ ਹੈ। ਪਰ ਮੈਂ ਐਸਾ ਨਹੀਂ ਕਰ ਸੱਕਿਆ। ਕਾਰਨ ? ਇਨਸਾਨ ਨਾ ਭਗਵਾਨ ਹੈ, ਨਾ ਸ਼ੈਤਾਨ। ਤੇ ਮਹਿੰਦਰ ਵੀ ਇਕ 'ਇਨਸਾਨ' ਹੈ।

ਗੁਰੂ ਮਹਾਰਾਜ ਫ਼ੁਰਮਾਉਂਦੇ ਹਨ :

"ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ।
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾ ਭਾਲੇ।"

(ਮ: ੧, ਪੰਨਾ 876)

ਇਸ ਸਿਧਾਂਤ ਨੂੰ ਸਾਮ੍ਹਣੇ ਰੱਖ ਕੇ ਮਹਿੰਦਰ ਨੂੰ ਪਰਖੋ। ਤੇਜ ਕੌਰ ਪਿੰਡ ਵਿਚ ਇਕ ਬਦਨਾਮ ਮੁਟਿਆਰ ਹੈ। ਉਹ ਸ਼ਰੀਕੇ ਵਿਚੋਂ ਮਹਿੰਦਰ ਦੀ ਭਰਜਾਈ ਲਗਦੀ ਹੈ। ਉਹ ਬਾਹਰ ਖੇਤਾਂ ਵਿਚ ਮਹਿੰਦਰ ਨੂੰ ਮਿਲਦੀ ਹੈ। (ਵੇਖੋ ਕਾਂਡ ਸੱਤਵਾਂ) ਨਿਰਸੰਕੋਚ ਉਹ ਆਪਣਾ ਆਪ ਮਹਿੰਦਰ ਨੂੰ ਸਮਰਪਣ ਕਰਦੀ ਹੈ। ਪਰ ਮਹਿੰਦਰ ਉਸ ਸਮੇਂ ਬਚ ਜਾਂਦਾ ਹੈ। ਕਿਉਂ ? ਉਸ ਸਮੇਂ ਮਹਿੰਦਰ ਦੇ ਦਿਲ ਵਿਚ ਕਿਰਪਾਲ ਸਮਾਈ ਹੋਈ ਹੈ, ਜਿਸ ਨੇ ਥੋੜੇ ਸਮੇਂ ਤਕ ਸਦਾ ਵਾਸਤੇ ਉਸ ਦੇ ਜੀਵਨ ਵਿਚ ਆ ਜਾਣਾ ਹੈ। ਪਰ ਕਾਂਡ ਪੰਜਤਾਲੀ ਵਿਚ ਓਹਾ ਮਹਿੰਦਰ ਬੁੱਢੀ ਫ਼ਾਤਮਾ ਦੇ ਨਰਕ ਵਿਚ ਜਾ ਡਿਗਦਾ ਹੈ। ਕਿਉਂਕਿ ਉਸ ਸਮੇਂ ਉਸ ਨੂੰ ਸਰੀਰਕ ਭੁੱਖ ਨੇ ਪਾਗਲ ਬਣਾ ਛਡਿਆ ਹੈ। ਉਸ ਨੂੰ ਜਿਉਂਦੇ ਜੀ ਕਿਰਪਾਲ ਦੇ ਮਿਲਨ ਦੀ ਆਸ ਨਹੀਂ ਸੀ। ਓਥੇ ਮੈਂ ਸਿਧਾਂਤ ਵਜੋਂ ਇਹ ਵਾਕ ਦਿੱਤਾ ਹੈ :

"ਭੁੱਖਾ ਇਨਸਾਨ ਹੀ ਸ਼ੈਤਾਨ ਹੈ।"

ਗੁਰੂ ਮਹਾਰਾਜ ਫ਼ੁਰਮਾਉਂਦੇ ਹਨ :

"ਖੁਧਿਆ ਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ।"

(ਮ: ੫, ਪੰਨਾ 317)

ਜਵਾਨੀ ਦੇ ਸਮੇਂ ਮੈਂ ਬਹੁਤ ਵਾਰੀ ਫ਼ੌਜ ਵਿਚ ਕੀਰਤਨ ਕਰਨ ਜਾਂਦਾ ਰਿਹਾ

ਹਾਂ। ਉਸ ਸਮੇਂ ਮੇਰੇ ਹਾਣੀ ਸਿਪਾਹੀ ਮੇਰੇ ਨਾਲ ਖੁੱਲ੍ਹ ਕੇ ਗੱਲਾਂ ਕਰ ਲੈਂਦੇ ਸਨ। ਮਹੀਨਿਆਂ ਤੇ ਕਈ ਹਾਲਤਾਂ ਵਿਚ ਸਾਲਾਂ-ਬੱਧੀ ਗਭਰੂ ਆਪਣੀਆਂ ਪਤਨੀਆਂ ਤੋਂ ਦੂਰ ਰਹਿੰਦੇ ਹਨ। ਇਸ ਕੁਦਰਤੀ ਭੁੱਖ ਦੇ ਮਾਰੇ, ਕਈ ਵਾਰ ਉਹ ਅਜੇਹੀਆਂ ਹਰਕਤਾਂ ਕਰਨ ਲਈ ਮਜਬੂਰ ਹੋ ਜਾਂਦੇ ਹਨ, ਜੋ ਲਿਖੀਆਂ ਨਹੀਂ ਜਾ ਸਕਦੀਆਂ।

ਲੰਮੀਆਂ ਲੜਾਈਆਂ ਸਮੇਂ ਫੌਜੀਆਂ ਦੇ ਘਰੋਗੀ ਜੀਵਨ ਵਿਚ ਕਈ ਵਾਰ ਅਜੇਹੀਆਂ ਉਲਝਣਾਂ ਪੈ ਜਾਂਦੀਆਂ ਹਨ, ਜੋ ਕਿਸੇ ਕੀਮਤ 'ਤੇ ਵੀ ਸੁਲਝਾਈਆਂ ਨਹੀਂ ਜਾ ਸਕਦੀਆਂ। ਕਿਰਪਾਲ ਇਸ ਦੀ ਸਹੀ ਮਿਸਾਲ ਹੈ।

ਮਹਿੰਦਰ ਦੀ ਮੌਤ ਦੀ ਝੂਠੀ ਖ਼ਬਰ ਪਿੰਡ ਪੁੱਜ ਜਾਂਦੀ ਹੈ। 'ਸਾਊ ਸਮਾਜ' ਜ਼ਬਰਦਸਤੀ ਕਿਰਪਾਲ ਦਾ ਵਿਆਹ ਜੇਠ ਨਾਲ ਕਰ ਦੇਂਦਾ ਹੈ, ਜਿਸ ਜੇਠ ਨੂੰ ਉਹ ਪੂਰੇ ਮਨੋਂ ਨਫ਼ਰਤ ਕਰਦੀ ਹੈ। ਬਦਲੇ ਦੀ ਅੱਗ ਦੇਵੀ ਕਿਰਪਾਲ ਨੂੰ ਕਲੰਕਤ ਕਰ ਦੇਂਦੀ ਹੈ। ਉਸ ਹਾਲਤ ਵਿਚ ਉਸ ਦੇ ਸਾਮ੍ਹਣੇ ਤਿੰਨ ਰਸਤੇ ਹਨ : ਆਤਮਘਾਤ, ਮੱਲੋ-ਮੱਲੀ ਬਣੇ ਮਾਲਕ ਦਾ ਖ਼ੂਨ, ਜਾਂ ਖੁੱਲ੍ਹਮ-ਖੁੱਲ੍ਹਾ ਵਿਭਚਾਰ। ਕਿਰਪਾਲ ਤੀਸਰੇ ਰਸਤੇ ਪੈ ਜਾਂਦੀ ਹੈ।

ਓਧਰੋਂ ਲੜਾਈ ਮੁੱਕਣ 'ਤੇ ਜਰਮਨੀ ਦੀ ਕੈਦ ਵਿਚੋਂ ਰਿਹਾ ਹੋ ਕੇ ਮਹਿੰਦਰ ਘਰ ਆ ਜਾਂਦਾ ਹੈ। ਦੋਵੇਂ ਭਰਾ ਲੜਨ ਵਾਸਤੇ ਤਿਆਰ ਹੋ ਜਾਂਦੇ ਹਨ। ਕਿਰਪਾਲ ਦੋਹਾਂ ਦੇ ਵਿਚ ਆ ਡਿਗਦੀ ਹੈ। ਵੇਖਣ ਵਾਲੇ ਸੋਚ ਰਹੇ ਹਨ : 'ਹੁਣ ਕੀ ਬਣੇਗਾ ?' ਏਥੇ ਨਾਵਲ ਮੁੱਕ ਜਾਂਦਾ ਹੈ।

ਕਈ ਸੱਜਣਾਂ ਨੇ ਮੇਰੇ 'ਤੇ ਸਵਾਲ ਕੀਤੇ, ਕਿ ਇਸ ਦਾ ਕੋਈ ਹੱਲ ਕਿਉਂ ਨਹੀਂ ਦੱਸਿਆ। ਮੇਰਾ ਜਵਾਬ ਹੈ, ਕਿ ਪੰਜਾਬ ਦੀ ਪੇਂਡੂ ਸਭੱਯਤਾ ਵਿਚ ਇਸ ਦਾ ਕੋਈ ਹੱਲ ਨਹੀਂ। ਪਹਿਲੇ ਪਤੀ ਨੂੰ ਕਿਰਪਾਲ ਸੱਚੇ ਦਿਲੋਂ ਪਿਆਰ ਕਰਦੀ ਹੈ, ਪਰ ਹੁਣ ਉਹ ਆਪਣੇ ਆਪ ਨੂੰ ਉਸ ਦੇ ਯੋਗ ਨਹੀਂ ਸਮਝਦੀ, ਤੇ ਦੂਸਰੇ ਪਤੀ ਨੂੰ ਉਹ ਪਤੀ ਮੰਨਦੀ ਹੀ ਨਹੀਂ, ਸਗੋਂ ਉਹਦੀ ਨਜ਼ਰ ਵਿਚ ਉਹ ਲੁਟੇਰਾ ਸ਼ੈਤਾਨ ਹੈ।

ਇਹ ਸਭ ਕੁਛ ਕਿਉਂ ਹੋਇਆ ? ਜੰਗ ਦੇ ਕਾਰਨ। ਏਥੇ ਪਹੁੰਚ ਕੇ ਪਾਠਕ ਦੇ ਦਿਲ ਵਿਚ ਜੰਗ ਵਾਸਤੇ ਘਿਰਣਾ ਪੈਦਾ ਹੁੰਦੀ ਹੈ, ਤਾਂ ਮੈਂ ਸਮਝਦਾ ਹਾਂ, ਹੁਨਰ ਸਫਲ ਹੈ।

ਪਾਤਰਾਂ ਬਾਰੇ : ਸਭ ਤੋਂ ਬਲਵਾਨ ਪਾਤਰ ਹੈ 'ਤਾਈ ਸਾਬੋ'। ਧਿਆਨ ਨਾਲ ਪੜ੍ਹਨ ਵਾਲੇ ਪਾਠਕ ਨੂੰ ਉਹ ਉਮਰ ਭਰ ਨਹੀਂ ਭੁੱਲਦੀ।

ਚੰਗੇ ਤੋਂ ਚੰਗੇ ਲੇਖਕ ਦੀ ਪੁਸਤਕ ਅਸੀਂ ਪੜ੍ਹਦੇ ਹਾਂ, ਤਾਂ ਸਭ ਕੁਛ ਉਸ ਦੀਆਂ ਅੱਖਾਂ ਰਾਹੀਂ ਵੇਖਦੇ ਹਾਂ, ਪਰ ਜਦੋਂ ਅਸੀਂ ਦੁਨੀਆਂ ਵਿਚ ਵਿਚਰਦੇ ਹਾਂ, ਤਾਂ ਸਭ ਕੁਛ ਆਪਣੀਆਂ ਅੱਖਾਂ ਨਾਲ ਵੇਖਦੇ ਹਾਂ। ਢਾਡੀ ਬਣ ਕੇ ਮੇਰਾ ਏਨਿਆਂ ਲੋਕਾਂ ਨਾਲ ਵਾਹ ਪਿਆ ਹੈ, ਏਨੀ ਦੁਨੀਆਂ ਵੇਖੀ ਹੈ, ਜਿੰਨੀ ਹੋਰ ਕਿਸੇ ਸਾਧਨ ਰਾਹੀਂ ਨਹੀਂ ਸੀ ਵੇਖੀ ਜਾ ਸਕਦੀ।

'ਤਾਈ ਸਾਬੋ'। ਹਾਂ, ਉਹ ਵੀ ਮੈਂ ਵੇਖੀ ਸੀ, ਸਿਰਫ਼ ਨਾਮ ਹੋਰ ਸੀ।

ਓਦੋਂ ਮੈਂ ਭਰ-ਜਵਾਨ ਸਾਂ, ਏਹਾ, ਛੱਬੀ-ਸਤਾਈ ਸਾਲ ਉਮਰ ਹੋਵੇਗੀ। ਅਸੀਂ

ਹੋਲੇ ਮਹੱਲੇ ਦੇ ਦੀਵਾਨ 'ਤੇ ਅੱਠ ਦਿਨ ਓਥੇ ਰਹੇ। ਸਵੇਰੇ ਸਵੇਰੇ ਅਸੀਂ ਤਾਈ ਸਾਬ੍ਹੋ ਦੇ ਘਰ ਚਾਹ ਪੀਣ ਗਏ। (ਅਸਲੀ ਨਾਮ ਹੋਰ ਸੀ)। ਉਹ ਪਿੰਡ ਮੇਰੀ ਪਤਨੀ ਦੇ ਵੱਡਿਆਂ ਦਾ ਜੱਦੀ ਨੱਗਰ ਸੀ। ਏਸੇ ਨਾਤੇ ਮਾਈ ਨੇ ਮੈਨੂੰ ਉਚੇਚਾ ਬੁਲਾਇਆ ਸੀ। ਉਹ ਵਿਚਾਰੀ ਬਾਲ-ਵਿਧਵਾ ਸੀ। ਉਹਦਾ ਪਰਵਾਰ ਸੀ ਗਲੀ ਦੀਆਂ ਕੁਆਰੀਆਂ ਕੁੜੀਆਂ। ਦਸ-ਬਾਰਾਂ ਮੁਟਿਆਰਾਂ ਉਸ ਦੇ ਉਦਾਲੇ ਘੇਰਾ ਘੱਤੀ ਬੈਠੀਆਂ ਸਨ। ਮਾਈ ਬੜੇ ਹਸਾਉਣੇ ਰੌਂ ਵਿਚ ਮੇਰੇ ਨਾਲ ਗੱਲਾਂ ਕਰ ਰਹੀ ਸੀ। ਉਹਨੇ ਏਥੋਂ ਤਕ ਕਹਿ ਦਿੱਤਾ, "ਵੇਖ ਬੀਬਾ! ਉਂ'ਦ ਤਾਂ ਤੂੰ ਪਹਿਲਾਂ ਵੀ ਸਾਡਾ ਪਰੌਹਣਾ ਏਂ। ਪਰ ਜੇ ਹੋਰ ਵਿਆਹ ਦੀ ਰੀਝ ਹੋਵੇ, ਤਾਂ ਉਦਾਲੇ ਝਾਤੀ ਮਾਰ ਕੇ ਵੇਖ ਲੈ। ਜਿਹੜੀ ਪਸੰਦ ਕਰੇਂ, ਭਲਕੇ ਓਹਾ ਤੇਰੇ ਨਾਲ ਤੋਰ ਦਿਆਂਗੀ।"

(ਪਿੱਛੋਂ ਉਹ ਇਕ ਵਾਰ ਤਰਨ ਤਾਰਨ ਮੱਸਿਆ 'ਤੇ ਵੀ ਮਿਲੀ ਸੀ। ਉਹਨੇ ਮਾਂਵਾਂ ਵਰਗੇ ਪਿਆਰ ਨਾਲ ਮੈਨੂੰ ਛਾਤੀ ਨਾਲ ਘੁੱਟ ਲਿਆ ਸੀ।)

ਜਦੋਂ ਮੈਂ 'ਤਾਈ ਸਾਬ੍ਹੋ' ਬਾਰੇ ਲਿਖ ਰਿਹਾ ਸਾਂ, ਓਹਾ ਮਾਈ ਮੇਰੇ ਸਾਮ੍ਹਣੇ ਸੀ। ਉਹਦੀ ਕੁਆਰੀ ਹਿੱਕ ਵਿਚ ਉਬਲਦਾ ਲਾਵਾ, ਉਹਦੇ ਹੱਸਿਆਂ ਥੱਲੇ ਦੱਬਿਆ ਹੋਇਆ ਮੈਨੂੰ ਸਾਫ ਨਜ਼ਰ ਆ ਰਿਹਾ ਸੀ।

ਏਹਾ ਹਾਲ ਲਗਭਗ ਬਾਕੀ ਪਾਤਰਾਂ ਦਾ ਹੈ।

ਜ਼ਰਾ ਸੂਚੀ 'ਤੇ ਨਜ਼ਰ ਮਾਰੋ। 'ਬਦਲਾ' ਲਿਖਿਆ ਇਸ ਤੋਂ ਪਿੱਛੋਂ ਹੈ, ਤੇ ਛਪਿਆ ਪਹਿਲਾਂ। ਕਾਰਨ? ਹਰ ਪੁਸਤਕ (ਖ਼ਾਸ ਕਰ ਨਾਵਲ) ਛਾਪਣ ਤੋਂ ਪਹਿਲਾਂ ਮੈਂ ਦਸ-ਬਾਰਾਂ ਵਾਰ ਪੜ੍ਹਦਾ ਹਾਂ। 'ਜੰਗ ਜਾਂ ਅਮਨ' ਬਹੁਤੀ ਵਾਰ ਪੜ੍ਹਿਆ। ਕਈ ਕਈ ਦਿਨਾਂ ਦੀ ਵਿੱਥ ਪਾ ਕੇ ਵਾਰ ਵਾਰ ਪੜ੍ਹਿਆ ਤੇ ਲਿਖਤ ਵਿਚ ਬੜੀ ਮਿਹਨਤ ਨਾਲ ਸੁਧਾਈ ਕੀਤੀ। ਮੇਰੇ ਹੱਥ-ਲਿਖੇ ਖਰੜੇ ਅਜੇ ਸੰਭਾਲ ਕੇ ਰਖੇ ਪਏ ਹਨ। ਉਹਨਾਂ ਉਤੇ ਝਾਤੀ ਮਾਰਿਆਂ ਪਤਾ ਲੱਗੇਗਾ, ਕਿ ਕਹਾਣੀ ਵਿਚ ਕਿਤੇ ਕਾਂਟ ਛਾਂਟ ਨਹੀਂ। ਸੋਧ-ਸੁਧਾਈ ਕੇਵਲ ਬੋਲੀ ਦੀ ਹੈ। ਸ਼ਬਦਾਂ ਦੀ ਚੋਣ ਤੇ ਤਰਤੀਬ ਹੀ ਬੋਲੀ ਦੀ ਜਾਨ ਹੈ। ਮਿਸਾਲ ਵਜੋਂ :

"ਵਾਰਸ ਸ਼ਾਹ ਲੁਕਾਇਕੇ ਜੱਗ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ।"

ਹੁਣ 'ਆਪਣਾ ਹੀ ਗੁੜ' ਦੀ ਥਾਂ 'ਆਪਣਾ ਗੁੜ ਹੀ' ਕਰ ਦਿਹੋ, ਤਾਂ ਤਰਤੀਬ ਬਦਲਨ ਨਾਲ ਅਰਥਾਂ ਵਿਚ ਫ਼ਰਕ ਪੈ ਗਿਆ।

ਨਾਵਲ ਦੀ ਕਹਾਣੀ ਬਹੁਤ ਛੋਟੀ ਹੈ। ਬੰਤਾ ਸਿੰਘ ਛੋਟਾ ਜ਼ਿਮੀਦਾਰ ਹੈ। ਉਸ ਦੇ ਘਰ ਦੋ ਪੁੱਤਰ ਤੇ ਇਕ ਧੀ ਹੈ। ਵੱਡਾ ਪੁੱਤਰ ਇੰਦਰ ਸਿੰਘ ਰੰਗ ਦਾ ਕਾਲਾ ਤੇ ਸ਼ਕਲੋਂ ਕਰੂਪ ਹੈ। ਉਸ ਤੋਂ ਛੋਟੀ ਲੜਕੀ 'ਸਵਰਨੀ' ਤੇ ਸਭ ਤੋਂ ਛੋਟਾ ਲੜਕਾ ਮਹਿੰਦਰ ਸਿੰਘ ਮਾਂ ਵਰਗੇ ਖ਼ੂਬਸੂਰਤ ਹਨ। ਛੋਟੇ ਮਹਿੰਦਰ ਨੂੰ ਉਹ ਸਕੂਲੇ ਪੜ੍ਹਨੇ ਪਾ ਦੇਂਦੇ ਹਨ, ਏਸ ਆਸ 'ਤੇ, ਕਿ ਸ਼ਾਇਦ ਉਹ ਪੜ੍ਹ ਕੇ ਕਿਤੇ ਨੌਕਰ ਹੋ ਜਾਏ, ਤਾਂ ਘਰ ਦੀ ਹਾਲਤ ਬਦਲ ਜਾਏ।

ਏਸੇ ਆਸ ਉਤੇ, ਕਿ ਲੜਕਾ ਪੜ੍ਹ ਕੇ ਕਿਤੇ ਨੌਕਰੀ 'ਤੇ ਲੱਗ ਜਾਏਗਾ, ਝਬਾਲ

ਤੋਂ ਉਸ ਨੂੰ ਰਿਸ਼ਤਾ ਹੋ ਜਾਂਦਾ ਹੈ।

ਬੰਤਾ ਸਿੰਘ ਦੇ ਸਾਮ੍ਹਣੇ ਸਭ ਤੋਂ ਵੱਡੀ ਸਮੱਸਿਆ ਹੈ ਧੀਆਂ ਪੁੱਤਰਾਂ ਦੇ
ਵਿਆਹ ਦੀ। ਉਹ ਲੜਕੀ ਦੇ ਵਿਆਹ 'ਤੇ ਕਿਸੇ ਆੜ੍ਹਤੀਏ ਤੋਂ ਕਰਜ਼ ਲੈਂਦਾ ਹੈ,
ਪਰ ਉਹ ਵਾਪਸ ਨਹੀਂ ਕਰ ਸਕਦਾ। ਫਿਰ ਅਗਲੇ ਛੋਟੇ ਪੁੱਤਰ ਦਾ ਵਿਆਹ ਦੇ
ਦੇਂਦੇ ਹਨ। ਬੰਤਾ ਸਿੰਘ ਨੂੰ ਉਸ ਸਮੇਂ ਫਿਰ ਕਰਜ਼ਾ ਲੈਣਾ ਪੈਂਦਾ ਹੈ। ਪਰ ਨਿਰੇ
ਪ੍ਰੋਨੋਟ ਉਤੇ ਕਰਜ਼ਾ ਨਹੀਂ ਮਿਲਦਾ, ਤਾਂ ਮਜਬੂਰ ਹੋ ਕੇ ਉਸ ਨੂੰ ਕੁਛ ਪੈਲੀ ਗਹਿਣੇ
ਪਾਉਣੀ ਪੈ ਜਾਂਦੀ ਹੈ।

ਬੰਤਾ ਸਿੰਘ ਦੇ ਮਰਨ ਪਿੱਛੋਂ ਘਰ ਦੀ ਸਾਰੀ ਜ਼ਿੰਮੇਵਾਰੀ ਮਹਿੰਦਰ ਸਿੰਘ ਦੇ
ਸਿਰ ਪੈ ਜਾਂਦੀ ਹੈ। ਨੰਬਰਦਾਰ ਧਰਮ ਸਿੰਘ ਦੋਹਾਂ ਭਰਾਵਾਂ ਵਿਚ ਵਿਰੋਧ ਪੈਦਾ ਕਰ
ਦੇਂਦਾ ਹੈ। ਏਥੋਂ ਤਕ, ਕਿ ਇੰਦਰ ਸਿੰਘ ਛੋਟੇ ਨਾਲ ਲੜਨ ਵਾਸਤੇ ਤਿਆਰ ਹੋ ਜਾਂਦਾ
ਹੈ। ਮਹਿੰਦਰ ਹਰ ਪਾਸਿਓਂ ਨਿਰਾਸ਼ ਹੋ ਜਾਂਦਾ ਹੈ।

ਇਸ ਨਿਰਾਸਤਾ ਦੀ ਹਾਲਤ ਵਿਚ ਹੀ ਨੰਬਰਦਾਰ ਉਸ ਨੂੰ ਧੋਖੇ ਨਾਲ ਫੌਜ
ਵਿਚ ਭਰਤੀ ਕਰਾ ਦੇਂਦਾ ਹੈ।

ਦੂਸਰਾ ਸੰਸਾਰ ਯੁੱਧ ਚੱਲ ਰਿਹਾ ਹੈ। ਲਿਬੀਆ ਦੀ ਲੜਾਈ ਵਿਚ ਮਹਿੰਦਰ
ਸਿੰਘ ਜ਼ਖਮੀ ਹੋ ਜਾਂਦਾ ਹੈ, ਤੇ ਉਸ ਦੀ ਇਕ ਲੱਤ ਕੱਟੀ ਜਾਂਦੀ ਹੈ। ਉਸ ਦਾ
ਸਾਥੀ ਜਰਨੈਲ ਸਿੰਘ ਸਮਝ ਲੈਂਦਾ ਹੈ, ਕਿ ਮਹਿੰਦਰ ਸਿੰਘ ਮਰ ਗਿਆ ਹੈ।

ਜਰਨੈਲ ਸਿੰਘ ਨਕਾਰਾ ਹੋ ਕੇ ਵਾਪਸ ਘਰ ਆ ਜਾਂਦਾ ਹੈ। ਉਹ ਮਹਿੰਦਰ ਦੀ
ਮੌਤ ਬਾਰੇ ਘਰ ਆ ਦੱਸਦਾ ਹੈ। ਮਹਿੰਦਰ ਦੇ ਭੋਗ ਦੇ ਸਮੇਂ ਨੱਗਰ ਵਾਲੇ ਜ਼ਬਰਦਸਤੀ
ਕਿਰਪਾਲ ਤੇ ਇੰਦਰ ਸਿੰਘ ਦਾ ਵਿਆਹ ਕਰ ਦੇਂਦੇ ਹਨ। ਬਦੋ-ਬਦੀ ਦੇ ਬਣੇ ਪਤੀ
ਇੰਦਰ ਸਿੰਘ ਤੋਂ ਬਦਲਾ ਲੈਣ ਦੇ ਇਰਾਦੇ ਨਾਲ ਕਿਰਪਾਲ ਬਦਚਲਣ ਹੋ ਜਾਂਦੀ ਹੈ।
ਸਾਰਾ ਘਰ ਨਰਕ ਬਣ ਜਾਂਦਾ ਹੈ।

ਲੜਾਈ ਬੰਦ ਹੋ ਜਾਂਦੀ ਹੈ। ਜਰਮਨੀ ਦੀ ਕੈਦ ਵਿਚੋਂ ਰਿਹਾ ਹੋ ਕੇ ਮਹਿੰਦਰ
ਵਾਪਸ ਘਰ ਆ ਜਾਂਦਾ ਹੈ। ਏਥੇ ਨਾਵਲ ਖ਼ਤਮ ਹੋ ਜਾਂਦਾ ਹੈ। ਹੁਣ ਅਹਿਮ ਸਵਾਲ ਹੈ,
ਕਿ ਕਿਰਪਾਲ ਕਿਸਦੀ ਬਣ ਕੇ ਰਹੇ ? ਇਸਦਾ ਸਾਡੇ ਪਾਸ ਕੋਈ ਜਵਾਬ ਨਹੀਂ।

7. **ਬਦਲਾ** :

ਇਕ ਵਾਰ ਅਸੀਂ ਇਕ ਪਿੰਡ ਵਿਚ ਗਏ, ਜਿਸਦਾ ਮਾਲਕ ਇਕੋ ਸਰਦਾਰ ਸੀ।
ਇਹ ਦੇਸ਼ ਦੀ ਵੰਡ ਤੋਂ ਪਹਿਲਾਂ ਦੀ ਗੱਲ ਹੈ। ਉਹਦੇ ਸਾਰੇ ਮੁਜ਼ਾਰੇ ਮੁਸਲਮਾਨ ਸਨ।
ਸਰਦਾਰ ਦੇ ਘਰ ਕੋਈ ਸਮਾਗਮ ਸੀ। ਸਵੇਰੇ ਅਖੰਡ ਪਾਠ ਦਾ ਭੋਗ ਪਿਆ। ਫਿਰ ਰਾਗੀ
ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਉਸ ਤੋਂ ਪਿਛੋਂ ਅਸਾਂ ਸਿੱਖ ਇਤਿਹਾਸ ਚੋਂ ਵਾਰਾਂ
ਕਹੀਆਂ।ਗ੍ਰੰਥੀ ਸਿੰਘਾ ਨੇ ਉਸ ਪਰਵਾਰ ਨੂੰ ਪੂਰਨ ਗੁਰ-ਸਿੱਖ ਤੇ ਗੁਰੂ ਘਰ ਦੇ ਪੱਕੇ ਸ਼ਰਧਾਲੂ
ਕਹਿ ਕੇ ਅਰਦਾਸ ਕੀਤੀ। ਦੁਪਹਿਰ ਵੇਲੇ ਲੰਗਰ ਵਰਤਿਆ। ਬੁਲਾਏ ਰਿਸ਼ਤੇਦਾਰਾਂ ਪਿੱਛੋਂ
ਸਾਰੇ ਮੁਜ਼ਾਰਿਆਂ ਵੀ ਪ੍ਰਸ਼ਾਦਾ ਛਕਿਆ। ਵਾਹ-ਵਾਹ ਹੋ ਗਈ।

ਵਾਪਸੀ ਤੇ ਆਉਣ ਦੇ ਸਾਧਨ ਨਾ ਹੋਣ ਕਰਕੇ ਸਾਨੂੰ ਰਾਤ ਓਥੇ ਹੀ ਰਹਿਣਾ ਪਿਆ।
ਜਿਸ ਥਾਂ 'ਤੇ ਸਵੇਰੇ ਗੁਰਬਾਣੀ ਦਾ ਕੀਰਤਨ ਹੋਇਆ ਸੀ, ਓਸੇ ਥਾਂ ਰਾਤ ਨੂੰ

ਵੇਸਵਾ ਨੱਚੀਆਂ, ਤੇ ਸ਼ਰਾਬ ਦਾ ਦੌਰ ਚੱਲਿਆ।

ਏਥੇ ਹੀ ਬੱਸ ਨਹੀਂ, ਸਾਨੂੰ ਅਗਲੀ ਸਵੇਰ ਇਕ ਭੈਣੀ ਨੇ ਦੱਸਿਆ, ਕਿ ਹਰ ਮੁਜ਼ਾਰੇ ਦੀ ਮੁਟਿਆਰ ਧੀ, ਭੈਣ ਜਾਂ ਪਤਨੀ ਨੂੰ ਆਏ ਪਰੌਹੁਣਿਆਂ ਦੀ ਸੇਵਾ ਵਿਚ ਰਾਤ ਕੱਟਣੀ ਪਈ ਸੀ। ਉਹਨੇ ਕਿਹਾ, ਇਹ ਅੱਜ ਦੀ ਗੱਲ ਨਹੀਂ, ਜਦੋਂ ਵੀ ਕੋਈ ਆਵੇ, ਕਿਸੇ ਨਾ ਕਿਸੇ ਮੁਜ਼ਾਰੇ ਦੀ ਜ਼ਨਾਨੀ ਨੂੰ ਹਾਜ਼ਰ ਹੋਣਾ ਪੈਂਦਾ ਹੈ। ਇਹ ਸਾਰਿਆਂ ਨੂੰ ਪਤਾ ਹੈ, ਪਰ ਉੱਚੀ ਉਭਾਸਰਦਾ ਕੋਈ ਨਹੀਂ। ਕਿਉਂਕਿ ਸਭ ਦੀ ਰੋਟੀ ਇਕੱਲੇ ਮਾਲਿਕ ਦੇ ਹੱਥ ਹੈ।

ਇਹ ਇਕ ਓਸੇ ਪਿੰਡ ਦੀ ਕਹਾਣੀ ਨਹੀਂ, ਜਿਸ ਪਿੰਡ ਦਾ ਮਾਲਕ ਵੀ ਕੋਈ ਇਕੱਲਾ ਅਮੀਰ ਸੀ, ਓਥੇ ਏਹਾ ਹਾਲ ਸੀ। ਜਿੰਨੇ ਕਿਸੇ ਮਾਲਕ ਦੇ ਹੱਥੋਂ ਮੁਜ਼ਾਰੇ ਤੰਗ ਸਨ, ਦੇਸ਼ ਦੀ ਵੰਡ ਸਮੇਂ ਓਨੇ ਹੀ ਉਹਨਾਂ ਗਿਣ ਗਿਣ ਬਦਲੇ ਲਏ। ਜਿਸ ਪਿੰਡ ਵਿਚ ਬਹੁਤੇ ਮਾਲਕ ਸਨ, ਭਾਵੇਂ ਸਿੱਖ, ਭਾਵੇਂ ਹਿੰਦੂ, ਓਥੇ ਮੁਜ਼ਾਰਿਆਂ ਦੀ ਇਹ ਦੁਰਦਸ਼ਾ ਨਹੀਂ ਸੀ। ਫਿਰ ਜਿਹੜੇ ਮੁਜ਼ਾਰੇ ਮਾਲਕਾਂ ਹੱਥੋਂ ਸੁਖੀ ਸਨ, ਉਹ ਆਖ਼ਰ ਦਮ ਤਕ ਵਫ਼ਾਦਾਰ ਵੀ ਰਹੇ (ਮੇਰੇ ਆਪਣੇ ਮੁਜ਼ਾਰੇ ਮੁਸਲਮਾਨ ਸਨ। ਪਿੰਡੋਂ ਨਿਕਲਣ ਸਮੇਂ ਉਹਨਾਂ ਬੜੀ ਈਮਾਨ-ਦਾਰੀ ਨਾਲ ਮੇਰੀ ਮੱਦਦ ਕੀਤੀ ਸੀ।)

ਇਨਕਲਾਬ ਦੇ ਦਿਨਾਂ ਵਿਚ, ਜੇ ਪੈਰਾਂ ਥੱਲੇ ਲਤਾੜੇ ਹੋਏ ਮੁਜ਼ਾਰੇ ਖ਼ੂਨ ਦੇ ਪਿਆਸੇ ਬਣ ਜਾਣ, ਤਾਂ ਅਸੰਭਵ ਨਹੀਂ। ਚਰਾਗੋ, ਝੰਡਾ, ਸਰਾਜ, ਕੰਮੂ, ਪੀਰਾ, ਬੁਝੇ ਹੋਏ ਕੋਲੇ ਸਨ, ਜੋ ਬਲਦੀ ਅੱਗ ਵਿਚ ਪੈ ਕੇ ਅੰਗਿਆਰ ਬਣ ਗਏ।

ਨਾਜ਼ੋ ਵਰਗੀਆਂ ਪੈਰਾਂ ਥੱਲੇ ਮਿੱਧੀਆਂ ਹੋਈਆਂ ਕਲੀਆਂ, ਸਮਾਂ ਆਉਣ 'ਤੇ ਸੂਲਾਂ ਹੀ ਨਹੀਂ, ਕਈ ਵਾਰ ਸੂਲੀਆਂ ਬਣ ਜਾਂਦੀਆਂ ਹਨ।

ਸਵਰਨਲਤਾ ਸੋਨੇ ਦੇ ਪਿੰਜਰੇ ਦੀ ਕੈਦਣ ਹੈ। ਜ਼ਿੰਦਗੀ ਵਿਚ ਜੋ ਕੁਦਰਤੀ ਪਿਆਰ ਉਸਨੂੰ ਨਹੀਂ ਮਿਲਿਆ, ਉਹ ਫੂਰਨਿਆਂ ਵਿਚ ਮਾਨਣ ਦਾ ਯਤਨ ਕਰਦੀ ਹੈ। ਫੂਰਨੇ, ਨਿਰੇ ਬੂਰ ਦੇ ਲੱਡੂ, ਜੋ ਦੁਖਦੀ ਅੱਗ ਵਿਚ ਪੈ ਕੇ ਸਗੋਂ ਸੇਕ ਵਧਾ ਦੇਂਦੇ ਹਨ। ਵੱਡੇ ਘਰਾਂ ਦੀਆਂ ਸਤੀ ਸੁਆਣੀਆਂ ਸਦਾ ਏਸੇ ਅੱਗ ਵਿਚ ਸੜ ਕੇ ਮਰਦੀਆਂ ਹਨ। ਸਵਰਨਲਤਾ ਦੀ ਸੱਸ ਏਸੇ ਰੋਗ ਨਾਲ ਮਰੀ ਹੈ। ਹਾਂ, ਜੇ ਮਾਲਕਾਂ ਵਾਂਗ ਆਪ ਵੀ ਆਜ਼ਾਦ ਹੋਣ, ਉਨ੍ਹਾਂ ਨੂੰ ਫ਼ਰਕ ਨਹੀਂ ਪੈਂਦਾ।

ਵਧੇਰੇ ਚਰਚਾ ਹੈ 'ਹੈਦਰ' ਦੀ। ਉਹ ਪਹਿਲਾਂ ਕਮਿਊਨਿਸਟ ਬਣਦਾ ਹੈ, ਤੇ ਫਿਰ ਮੁਸਲਿਮ ਲੀਗੀ। ਅਸਲ ਵਿਚ ਨਾ ਉਹ ਕਮਿਊਨਿਸਟ ਹੈ ਤੇ ਨਾ ਮੁਸਲਿਮ ਲੀਗੀ। ਉਹਦੇ ਅੰਦਰ ਬਦਲੇ ਦੀ ਅੱਗ ਹੈ। ਜਿਹੜੀ ਪਾਰਟੀ ਵੀ 'ਰਾਏ ਸਾਹਿਬਾਂ' ਤੋਂ ਬਦਲਾ ਲੈਣ ਦੀ ਹਾਮੀ ਭਰੇ, ਉਹ ਓਸੇ ਧੜੇ ਦਾ ਮੁਦਈ ਹੈ।

ਮੈਂ ਆਪਣੇ ਪੰਜਾਹ-ਸਾਲਾ ਤਜਰਬੇ ਦੇ ਆਧਾਰ ਉਤੇ ਕਹਿ ਸਕਦਾ ਹਾਂ, ਕਿ ਹਰ ਪਾਰਟੀ ਵਿਚ ਵਿਰਲੇ ਸੱਜਣ ਹੁੰਦੇ ਹਨ, ਜੋ ਸਿਧਾਂਤ ਨੂੰ ਮੁੱਖ ਰੱਖ ਕੇ ਕਿਸੇ ਪਾਰਟੀ ਵਿਚ ਮਿਲਦੇ ਹਨ। ਬਹੁ-ਗਿਣਤੀ ਉਹਨਾਂ ਦੀ ਹੁੰਦੀ ਹੈ, ਜੋ ਵੇਖੋ ਵੇਖੀ, ਜਾਂ ਕਿਸੇ ਗ਼ਰਜ਼ ਦੇ ਕਾਰਨ ਪਾਰਟੀ ਨਾਲ ਜੁੜੇ ਹੁੰਦੇ ਹਨ। ਸਮਾਂ ਬਦਲਨ 'ਤੇ ਉਹਨਾਂ ਦਾ ਬਦਲ ਜਾਣਾ ਸੁਭਾਵਕ ਹੈ।

ਕੁਛ ਵਿਚਾਰਵਾਨਾਂ ਨੇ ਇਸ ਪਾਤਰ ਬਾਰੇ ਇਤਰਾਜ਼ ਕੀਤਾ ਹੈ, ਕਿ ਮੈਂ ਉਸਨੂੰ ਪੱਕਾ ਕਮਿਊਨਿਸਟ ਸਿੱਧ ਨਹੀਂ ਕਰ ਸਕਿਆ। ਨਾ ਉਹ ਖ਼ਿਆਲਾਂ ਅਧੀਨ ਕਮਿਊਨਿਸਟ ਸੀ, ਤੇ ਨਾਂ ਮੈਂ ਐਸਾ ਸਾਬਤ ਕਰਨ ਦਾ ਯਤਨ ਕੀਤਾ ਹੈ।

ਇਹ ਨਾਵਲ ਆਕਾਰ ਵਿਚ ਵੀ ਛੋਟਾ ਹੈ, ਤੇ ਇਸਦੀ ਕਹਾਣੀ ਵੀ ਛੋਟੀ ਹੈ। ਮਨਸਾ ਰਾਮ ਅਮੀਰ ਬਾਪ ਦਾ ਪੁੱਤਰ ਹੈ। ਉਹ ਫ਼ੌਜ ਵਿਚ ਆਹਲਾ ਅਫ਼ਸਰ ਹੈ। ਉਸਦਾ ਬਾਪ ਵਾਰਫੰਡ ਦੇ ਕੇ ਪੁੱਤਰ ਵਾਸਤੇ ਸਨਮਾਨ ਖ਼ਰੀਦ ਲੈਂਦਾ ਹੈ। ਅੰਗਰੇਜ਼ ਸਰਕਾਰ ਵੱਲੋਂ ਮਨਸਾ ਰਾਮ ਨੂੰ 'ਰਾਏ ਬਹਾਦਰ' ਦਾ ਖ਼ਿਤਾਬ ਤੇ ਪੰਜੀ ਮੁਰੱਬੇ ਜ਼ਮੀਨ ਇਨਾਮ ਵਜੋਂ ਮਿਲਦੀ ਹੈ। ਉਹ ਜ਼ਮੀਨ ਵਿਚ ਆਪਣਾ ਪਿੰਡ ਵਸੱਾ ਕੇ ਰਹਿੰਦਾ ਹੈ। ਪਤਨੀ ਮਰ ਜਾਂਦੀ ਹੈ, ਤਾਂ ਮਨਸਾ ਰਾਮ ਮੁਜ਼ਾਰਿਆਂ ਦੀਆਂ ਪਤਨੀਆਂ ਨਾਲ ਮਨ ਪਰਚਾਉਂਦਾ ਹੈ। ਚਰਾਗੋ ਦੇ ਘਰ ਨਾਜੋ ਜਨਮਦੀ ਹੈ। ਸਹੀ ਅਰਥਾਂ ਵਿਚ ਉਹ ਮਨਸਾ ਰਾਮ ਦੀ ਲੜਕੀ ਹੈ।

ਮਨਸਾ ਰਾਮ ਦੇ ਮਰਨ ਪਿੱਛੋਂ ਉਸਦਾ ਵੱਡਾ ਪੁੱਤਰ ਘਰ ਸੰਭਾਲਦਾ ਹੈ। ਉਸਦਾ ਨਾਮ ਤਾਂ ਹਰਜੀਤ ਰਾਏ ਹੈ, ਪਰ ਸਾਰੇ ਉਸਨੂੰ 'ਰਾਏ ਸਾਹਿਬ' ਕਹਿੰਦੇ ਹਨ। ਛੋਟੇ ਕੰਵਰ-ਜੀਤ ਨੂੰ 'ਕੰਵਰ ਸਾਹਿਬ' ਕਹਿੰਦੇ ਹਨ। ਸਾਰੇ ਮੁਜ਼ਾਰੇ ਉਹਨਾਂ ਦੇ ਰਹਿਮ 'ਤੇ ਹਨ।

ਬਾਰਾਂ ਸਾਲ ਦੀ ਨਾਜੋ ਨਾਲ ਦੋਵੇਂ ਭਰੱਾ ਬੁਰਾ ਕਰਦੇ ਹਨ। ਰਾਇ ਸਾਹਿਬ ਦੇ ਘਰੋਂ ਸਵਰਨਲਤਾ ਚੰਗੇ ਦਿਲ ਵਾਲੀ ਨੇਕ ਇਸਤਰੀ ਹੈ। ਉਹ ਚਰਾਗੋ ਦਾ ਦਰਦ ਵੰਡਾਉਂਦੀ ਹੋਈ, ਉਸਨੂੰ ਨਾਜੋ ਦੀ ਮੰਗਣੀ ਕਰਨ ਵਾਸਤੇ ਕਹਿੰਦੀ ਹੈ। ਨਾਜੋ ਦੀ ਮੰਗਣੀ ਹੈਦਰ ਨਾਲ ਹੋ ਜਾਂਦੀ ਹੈ।

ਹੈਦਰ ਮਨ ਵਿਚ ਧਾਰ ਲੈਂਦਾ ਹੈ, ਕਿ ਰਾਏ ਸਾਹਿਬਾਂ ਤੋਂ ਬਦਲਾ ਜ਼ਰੂਰ ਲੈਣਾ ਹੈ। ਉਹ ਲਾਹੌਰ ਵਿਚ ਕਮਿਊਨਿਸਟ ਵਰਕਰਾਂ ਨਾਲ ਮਿਲ ਜਾਂਦਾ ਹੈ। ਕਮਿਊਨਿਸਟਾਂ ਤੋਂ ਇਹ ਗੱਲਾਂ ਸੁਣ ਕੇ, ਕਿ ਅਸੀਂ ਜ਼ਮੀਨ ਸਾਰੀ ਮੁਜ਼ਾਰਿਆਂ ਦੇ ਨਾਮ ਲਾ ਦੇਣੀ ਹੈ, ਹੈਦਰ ਬਹੁਤ ਖ਼ੁਸ਼ ਹੁੰਦਾ ਹੈ। ਉਹ 'ਕੋਟ ਰਾਏ ਸਾਹਿਬ' ਜਾ ਕੇ ਮੁਜ਼ਾਰਿਆਂ ਨੂੰ ਵੀ ਪ੍ਰੇਰਦਾ ਹੈ। ਰਾਏ ਸਾਹਿਬ ਨੂੰ ਪਤਾ ਲੱਗ ਜਾਂਦਾ ਹੈ, ਤਾਂ ਉਹ ਹੈਦਰ ਨੂੰ ਬਹੁਤ ਮਾਰਦਾ ਹੈ।

ਹੈਦਰ ਇਕ ਮੁਸਲਮਲੀਗ ਦਾ ਜਲਸਾ ਸੁਣਦਾ ਹੈ। ਭੜਕੀਲੀਆਂ ਤਕਰੀਰਾਂ ਵਾਲੇ ਕਹਿੰਦੇ ਹਨ, ਕਿ ਏਥੇ ਮੁਸਲਮਲੀਗ ਦਾ ਰਾਜ ਹੋ ਜਾਏਗਾ, ਤਾਂ ਸਾਰੇ ਹਿੰਦੂ ਸਿੱਖ, ਏਥੋਂ ਕਢ ਦਿੱਤੇ ਜਾਣਗੇ, ਤੇ ਜਾਇਦਾਦ ਸਾਰੀ ਮੁਸਲਮਾਨਾਂ ਵਿਚ ਵੰਡ ਦਿੱਤੀ ਜਾਏਗੀ। ਇਹ ਸੁਣਕੇ ਹੈਦਰ ਮੁਸਲਮਲੀਗੀ ਬਣ ਜਾਂਦਾ ਹੈ। ਉਹ ਗੁਪਤ ਤੌਰ 'ਤੇ 'ਕੋਟ ਰਾਏ ਸਾਹਿਬ' ਵਿਚ ਵੀ ਮੁਸਲਮਲੀਗ ਕਾਇਮ ਕਰ ਲੈਂਦਾ ਹੈ।

ਪਾਕਿਸਤਾਨ ਬਣ ਜਾਂਦਾ ਹੈ। ਰਾਇ ਸਾਹਿਬ ਦੋਵੇਂ ਭਰੱਾ ਆਪਣੇ ਮੁਜ਼ਾਰਿਆਂ ਹੱਥੋਂ ਮਾਰੇ ਜਾਂਦੇ ਹਨ। ਰਾਏ ਸਾਹਿਬ ਨੂੰ ਨਾਜੋ ਆਪਣੇ ਹੱਥੀਂ ਛੁਰੇ ਨਾਲ ਮਾਰਦੀ ਹੈ।

ਨਾਜੋ ਦਾ ਬਦਲਾ ਲੈਣ ਦੇ ਇਰਾਦੇ ਨਾਲ ਹੈਦਰ ਸਵਰਨਲਤਾ ਨੂੰ ਵਾਲਾਂ ਤੋਂ ਫੜ ਕੇ ਬਾਹਰ ਧੂਹ ਲਿਆਉਂਦਾ ਹੈ। ਨਾਜੋ ਤੇ ਚਰਾਗੋ ਸਵਰਨਲਤਾ ਨੂੰ ਹੈਦਰ ਤੋਂ ਛੁਡੱਾ ਕੇ ਬਾਇੱਜ਼ਤ ਭਾਰਤ ਪੁਚੱਾ ਦੇਂਦੀਆਂ ਹਨ।

ਮੇਰਾ ਨਿਸ਼ਚਾ ਹੈ, ਕਿ ਗ਼ਰੀਬ ਵਿਚੋਂ ਇਨਸਾਨੀਅਤ ਏਨੀ ਛੇਤੀ ਨਹੀਂ ਮਰਦੀ,

ਜਿੰਨੀ ਛੋਟੀ ਅਮੀਰ ਵਿਚੋਂ ਲੋਪ ਹੋ ਜਾਂਦੀ ਹੈ।

8. ਧਰਤੀ ਦੇ ਦੇਵਤੇ :

ਇਸ ਨਾਵਲ ਦਾ ਆਪਣਾ ਹੀ ਇਤਿਹਾਸ ਹੈ। ਸ. ਪਰਤਾਪ ਸਿੰਘ ਕੈਰੋਂ ਉਸ ਸਮੇਂ ਪੰਜਾਬ ਦੇ ਮੁਖ-ਮੰਤਰੀ ਸਨ। ਮੈਂ ਕਿਸੇ ਨਿੱਜੀ ਕੰਮ ਵਾਸਤੇ ਗਿਆ ਚੰਡੀਗੜ੍ਹ ਉਹਨਾਂ ਦੇ ਕਮਰੇ ਵਿਚ ਬੈਠਾ ਸਾਂ। 'ਸਾਂਝੀ ਵਾਹੀ' ਦੇ ਮਹਿਕਮੇ ਦਾ ਕੋਈ ਆਹਲਾ ਅਫਸਰ ਉਹਨਾਂ ਦੇ ਕਮਰੇ ਵਿਚ ਆਇਆ। ਹੱਥ ਵਾਲੀ ਫਾਈਲ ਸਾਮ੍ਹਣੇ ਰੱਖ ਕੇ ਉਹਨੇ ਆਪਣੇ ਮਹਿਕਮੇ ਬਾਰੇ ਕੁਛ ਕਹਿਣਾ ਸ਼ੁਰੂ ਕਰ ਦਿੱਤਾ। ਅੰਤ ਵਿਚ ਉਹਨੇ ਆਪਣੇ ਸ਼ਬਦਾਂ 'ਤੇ ਜ਼ੋਰ ਦੇ ਕੇ ਕਿਹਾ, "ਬੱਸ, ਛੋਟੇ ਜ਼ਿਮੀਦਾਰ ਦੀ ਕਲਿਆਣ ਦਾ ਏਹਾ ਇਕ ਰਸਤਾ ਹੈ, 'ਸਾਂਝੀ ਵਾਹੀ'।"

ਮੇਰੇ ਮੂੰਹੋਂ ਸੁਤੇ ਹੀ ਨਿਕਲ ਗਿਆ, "ਨਹੀਂ।"

ਉਸ ਅਫ਼ਸਰ ਨੇ ਮੇਰੇ ਵੱਲ ਬੜੀ ਕੌੜੀ ਨਜ਼ਰ ਨਾਲ ਵੇਖਿਆ। ਉਹ ਆਪਣੇ ਥਾਂ ਸੱਚਾ ਸੀ। ਇਕ ਕੋਟ ਪੈਂਟ ਵਾਲੇ ਦੀ ਗੱਲ ਕਮੀਜ਼ ਪਜਾਮੇ ਤੇ ਨੀਲੀ ਪੱਗ ਵਾਲਾ ਟੋਕ ਦੇਵੇ, ਤਾਂ ਅੰਗਰੇਜ਼ੀ ਸੂਟ ਦਾ ਰੁਅਬ ਕੀ ਰਿਹਾ।

ਹੋ ਸਕਦਾ ਹੈ, ਉਹ ਅੱਗੋਂ ਮੈਨੂੰ ਕੋਈ ਸਖ਼ਤ ਸ਼ਬਦ ਵੀ ਕਹਿੰਦਾ, ਪਰ ਸ. ਪਰਤਾਪ ਸਿੰਘ ਦੇ ਭੈ ਕਾਰਨ, ਉਹ ਸਾਰਾ ਗੁੱਸਾ ਵਿਚੇ ਵਿਚ ਪੀ ਗਿਆ। ਉਹਨੇ ਫਿਰ ਆਪਣੇ ਮਹਿਕਮੇ ਦੀ ਵਕਾਲਤ ਸ਼ੁਰੂ ਕਰ ਦਿੱਤੀ। ਆਵਾਜ਼ ਪਹਿਲਾਂ ਨਾਲੋਂ ਵੀ ਜ਼ਰਾ ਉੱਚੀ ਹੋ ਗਈ। ਅੰਤ ਵਿਚ ਉਹਨੇ ਫਾਈਲ ਉਤੇ ਜ਼ੋਰ ਦੀ ਹੱਥ ਮਾਰ ਕੇ ਕਿਹਾ, "ਬੱਸ, ਹੋਰ ਕੋਈ ਰਸਤਾ ਨਹੀਂ, ਭਾਵੇਂ ਸਖ਼ਤੀ ਵੀ ਕਰਨੀ ਪਵੇ, ਸਭ ਵਾਸਤੇ ਸਾਂਝੀ ਵਾਹੀ।"

ਗਿਣ-ਮਿਥ ਕੇ ਨਹੀਂ, ਸੁਤੇ ਹੀ ਮੇਰੇ ਮੂੰਹੋਂ ਫਿਰ ਨਿਕਲ ਗਿਆ, "ਨਹੀਂ।"

ਇਸ ਵਾਰ ਤਾਂ ਉਸ ਅਫ਼ਸਰ ਨੇ ਮੇਰੇ ਵੱਲ ਏਨੇ ਗੁੱਸੇ ਨਾਲ ਤੱਕਿਆ, ਜਿਵੇਂ ਮੈਂ ਉਸਦਾ ਪੁਰਾਣਾ ਦੁਸ਼ਮਣ ਹੁੰਦਾ ਹਾਂ।

ਸ. ਪਰਤਾਪ ਸਿੰਘ ਨੇ ਜ਼ਰਾ ਮੁਸਕਰਾ ਕੇ ਕਿਹਾ, "ਓਇ, ਉਹਦੇ ਵੱਲੋਂ ਘੂਰ ਘੂਰ ਕੇ ਕੀ ਵਿੰਹਦਾ ਏਂ, ਉਹ ਵੀ ਕੁਛ ਹੈਗਾ ਹੈ। ਉਸ ਤੋਂ ਪੁੱਛ, ਕਿ ਨੁਕਸ ਕੀ ਹੈ।"

"ਦੱਸੋ ਜੀ।" ਉਹਨੇ ਵੱਧ ਤੋਂ ਵਧ ਰੁੱਖੀ ਸੁਰ ਵਿਚ ਕਿਹਾ!

ਆਪਣੇ ਸੁਭਾਅ ਅਨੁਸਾਰ ਮੈਂ ਧੀਰਜ ਨਾਲ ਉਤਰ ਦਿੱਤਾ, "ਸ੍ਰੀ ਮਾਨ ਜੀ! ਜ਼ਮੀਨ ਸਾਂਝੀ ਹੋ ਗਈ। ਟਰੈਕਟਰ ਆ ਗਏ। ਟਿਊਬਵੈੱਲ ਲੱਗ ਗਏ। ਵਾਹੀ ਮਸ਼ੀਨਰੀ ਨਾਲ ਹੋਣ ਲੱਗ ਪਈ। ਜਿਸ ਜ਼ਮੀਨ 'ਤੇ ਅੱਗੇ ਪੰਜਾਹ ਆਦਮੀ ਕੰਮ ਕਰਦੇ ਸਨ, ਉਹ ਕੰਮ ਦਸਾਂ ਆਦਮੀਆਂ ਨੇ ਸੰਭਾਲ ਲਿਆ। ਚਾਲੀ ਆਦਮੀ ਕੰਮ ਤੋਂ ਵਿਹਲੇ ਹੋ ਗਏ। 'ਜਿੰਨਾ ਚਿਰ ਉਹਨਾਂ ਚਾਲੀਆਂ ਵਾਸਤੇ ਕੰਮ ਪੈਦਾ ਨਹੀਂ ਕੀਤਾ ਜਾ ਸਕਦਾ,ਓਨਾ ਚਿਰ ਗੱਲ ਨਹੀਂ ਬਣਦੀ।"

ਸ. ਪਰਤਾਪ ਸਿੰਘ ਨੇ ਮੈਨੂੰ ਸੰਬੋਧਨ ਕਰਕੇ ਕਿਹਾ, "ਸੀਤਲ ਜੀ! ਇਉਂ ਨਹੀਂ, ਇਸ ਬਾਰੇ ਇਕ ਕਿਤਾਬ ਲਿਖ ਕੇ ਦਿਹੋ।"

ਇਹ ਕਾਰਨ ਸੀ, ਜਿਸ ਕਰਕੇ ਇਹ ਨਾਵਲ ਹੋਂਦ ਵਿਚ ਆਇਆ। ਅੱਜ ਵੀ ਮੇਰਾ ਇਹ ਵਿਸ਼ਵਾਸ ਹੈ, ਕਿ ਜਿੰਨਾ ਚਿਰ ਸਰਕਾਰ ਪਿੰਡਾਂ ਵਿਚ ਘਰੇਲੂ ਦਸਤਕਾਰੀ

(ਹੋਮ-ਇੰਡਸਟਰੀ) ਜਾਰੀ ਨਹੀਂ ਕਰਦੀ, ਪਿੰਡਾਂ ਦੀ ਹਾਲਤ ਨਹੀਂ ਸੁਧਰ ਸਕਦੀ। ਇਕ ਸ਼ਰਤ ਹੋਰ ਵੀ ਹੈ। ਸਰਕਾਰ ਲੋਕਾਂ ਨੂੰ ਕੱਚਾ ਮਾਲ ਆਪ ਦੇਵੇ ਤੇ ਆਪ ਹੀ ਤਿਆਰ ਹੋਇਆ ਮਾਲ ਖ਼ਰੀਦੇ। ਵਿਚੋਂ ਤੀਸਰੀ ਧਿਰ—ਲੋਟੂ ਵਿਚੋਲਾ—ਖ਼ਤਮ ਕਰ ਦਿੱਤਾ ਜਾਵੇ।

ਪੰਜਾਬ ਸਕੂਲ ਸਿੱਖਿਆ ਬੋਰਡ ਨੇ ਜਦ ਪਹਿਲੋ ਪਹਿਲ ਨੌਵੀਂ-ਦਸਵੀਂ ਵਿਚ ਕੋਰਸ ਵਜੋਂ ਚਾਰ ਨਾਵਲ ਲਗਾਏ, ਤਾਂ ਉਹਨੀਂ ਵਿਚ ਇਕ 'ਧਰਤੀ ਦੇ ਦੇਵਤੇ' ਵੀ ਸੀ। ਇਹ ਲੁਧਿਆਣਾ-ਬਠਿੰਡਾ ਇਲਾਕੇ ਵਾਸਤੇ ਸੀ।

ਕਈ ਅਧਿਆਪਕਾਂ ਵੱਲੋਂ ਸ਼ਕਾਇਤ ਆਈ, ਕਿ ਇਸ ਵਿਚ ਕਹਾਣੀ-ਰਸ ਨਹੀਂ, ਭਾਵੇਂ ਇਸਨੂੰ ਫਿੱਕਾ ਵੀ ਨਹੀਂ ਕਿਹਾ ਜਾ ਸਕਦਾ।

ਇਸ ਵਿਚ ਗੁੰਝਲਦਾਰ ਕਹਾਣੀ ਹੈ ਹੀ ਨਹੀਂ। ਦੋ ਮੁੱਖ ਪਾਤਰ ਹਨ : ਗਿਆਨ ਸਿੰਘ ਤੇ ਪ੍ਰਕਾਸ਼ ਕੌਰ। ਦੋਵੇਂ ਪਤੀ ਪਤਨੀ ਹਨ। ਉਹ ਪ੍ਰਣ ਕਰਦੇ ਹਨ, ਕਿ ਇਕ ਜਣਾ ਅਸੀਂ ਨੌਕਰੀ ਕਰਾਂਗੇ, ਤਾਂ ਕਿ ਸਾਦਾ ਜ਼ਿੰਦਗੀ ਦੇ ਖ਼ਰਚ ਚੱਲ ਸੱਕਣ। ਤੇ ਇਕ ਜਣਾ ਲੋਕ-ਸੇਵਾ ਵਾਸਤੇ ਜੀਵਨ ਅਰਪਣ ਕਰਾਂਗੇ। ਪ੍ਰਕਾਸ਼ ਕੌਰ ਨੂੰ ਸਕੂਲ ਵਿਚ ਨੌਕਰੀ ਮਿਲ ਜਾਂਦੀ ਹੈ। ਗਿਆਨ ਸਿੰਘ ਇਕ ਪਿੰਡ ਵਿਚ ਜਾ ਝੰਡਾ ਗੱਡਦਾ ਹੈ। ਓਥੋਂ ਦੇ ਲੋਕ ਉਸਨੂੰ ਗਰਾਮ-ਸੇਵਕ ਸਮਝ ਲੈਂਦੇ ਹਨ। ਪਹਿਲਾਂ ਤਾਂ ਗਿਆਨ ਸਿੰਘ ਪਿੰਡ ਦਾ ਇਸਤੇਮਾਲ ਦਾ ਰੁਕਿਆ ਹੋਇਆ ਕੰਮ ਕਰਾਉਂਦਾ ਹੈ। ਫਿਰ ਇਕ ਪੱਤੀ ਦੀ ਜ਼ਮੀਨ ਸਾਂਝੀ ਕਰਕੇ ਟਰੈਕਟਰ ਨਾਲ ਸਾਂਝੀ ਵਾਹੀ ਸ਼ੁਰੂ ਕਰਾਉਂਦਾ ਹੈ। ਜਿਹੜੇ ਆਦਮੀ ਵਾਹੀ ਦੇ ਕੰਮ ਤੋਂ ਵਿਹਲੇ ਹੋ ਜਾਂਦੇ ਹਨ, ਉਹਨਾਂ ਵਾਸਤੇ ਸਾਦਾ ਜੇਹਾ ਧੰਦਾ-ਦਾਣ ਵੱਟਣ ਦਾ ਸ਼ੁਰੂ ਕਰਾਉਂਦਾ ਹੈ। ਪਿੰਡ ਦੀਆਂ ਕੰਮ-ਕਰਨ ਜੋਗ ਬੀਬੀਆਂ ਵਾਸਤੇ ਹੱਥ-ਖੱਡੀ ਦਾ ਕੰਮ ਸ਼ੁਰੂ ਕਰਦਾ ਹੈ। ਸਹਿਜ ਸਹਿਜ ਸਾਰਾ ਪਿੰਡ ਮਿਲਵਰਤਣ (ਕੋਆਪਰੇਟਿਵ) ਢੰਗ ਨਾਲ ਤਰੱਕੀ ਕਰਦਾ ਹੈ। ਨਾਲ ਹੀ ਉਹ ਦੋਵੇਂ ਜੀਅ ਪਿੰਡ ਵਿਚ ਬਾਲਗ਼ਾਂ ਦੀ ਤਾਲੀਮ ਸ਼ੁਰੂ ਕਰਦੇ ਹਨ। ਕੁਛ ਸਮੇਂ ਅੰਦਰ ਪਿੰਡ ਦੇ ਸਾਰੇ ਇਸਤਰੀ ਪੁਰਸ਼ ਲਿਖਣ-ਪੜ੍ਹਨ ਜੋਗੇ ਹੋ ਜਾਂਦੇ ਹਨ। ਪਿੰਡ ਆਪਣੇ ਪੈਰਾਂ 'ਤੇ ਖਲ੍ਹਾ ਹੋ ਜਾਂਦਾ ਹੈ, ਤਾਂ ਉਹ ਦੋਵੇਂ ਕਿਸੇ ਹੋਰ ਪਿੰਡ ਚਲੇ ਜਾਂਦੇ ਹਨ।

9. **ਪ੍ਰੀਤ ਕਿ ਰੂਪ** :

(ਇਹ ਵੀ ਉਸ ਮਿੱਤਰ ਦੇ ਜ਼ੋਰ ਦੇਣ ਉਤੇ ਫਿਲਮ ਵਾਸਤੇ ਲਿਖਿਆ ਗਿਆ ਸੀ।) ਕਹਾਣੀ ਇਉਂ ਹੈ :

ਕਰਨਲ ਖੜਕ ਸਿੰਘ ਤੇ ਠੇਕੇਦਾਰ ਅਮਰ ਸਿੰਘ ਗੂੜ੍ਹੇ ਮਿੱਤਰ ਤੇ ਪੱਗ-ਵੱਟ ਭਰਾ ਬਣੇ ਹੋਏ ਹਨ। ਮਿਲਟਰੀ ਦੇ ਠੇਕਿਆਂ ਵਿਚੋਂ ਉਹਨਾਂ ਬਹੁਤ ਧਨ ਕਮਾਇਆ। ਕਰਨਲ ਦੀ ਪੈਨਸ਼ਨ ਹੋਣ ਵਾਲੀ ਸੀ, ਜਾਂ ਉਹਨਾਂ ਦੋਹਾਂ ਦੇ ਖ਼ਿਲਾਫ਼ ਇਕ ਕੇਸ ਬਣ ਗਿਆ। ਅਮਰ ਸਿੰਘ ਨੇ ਸਾਰਾ ਦੋਸ਼ ਆਪਣੇ ਸਿਰ ਲੈ ਲਿਆ। ਸਿੱਟੇ ਵਜੋਂ, ਕਰਨਲ ਬਰੀ ਹੋ ਗਿਆ। ਉਹਦੀ ਪੈਨਸ਼ਨ ਵੀ ਬਚ ਗਈ, ਤੇ ਇੱਜ਼ਤ ਵੀ। ਅਮਰ ਸਿੰਘ ਦਾ ਸਾਰਾ ਕਮਾਇਆ ਧਨ ਮੁਕੱਦਮੇ 'ਤੇ ਲੱਗ ਗਿਆ, ਤੇ ਆਪ ਉਹ ਦਸ ਸਾਲ ਦੀ ਸਜ਼ਾ ਹੋ ਗਿਆ। ਅੰਤ ਉਹ ਕੈਦ ਵਿਚ ਹੀ ਮਰ ਗਿਆ।

ਪਿਛੇ ਰਹਿ ਗਏ ਅਮਰ ਸਿੰਘ ਦੀ ਪਤਨੀ—ਆਸ ਕੌਰ ਤੇ ਇਕੋ ਇਕ ਧੀ 'ਸਤਬੀਰ'।

ਜੇਲ੍ਹ ਜਾਣ ਤੋਂ ਪਹਿਲਾਂ ਉਹ ਆਪਣੀ ਲੜਕੀ ਦੀ ਮੰਗਣੀ ਕਰਨਲ ਦੇ ਪੁੱਤਰ ਸੁਰਿੰਦਰ ਸਿੰਘ ਨਾਲ ਕਰ ਗਿਆ ।

ਕਰਨਲ ਉਸ ਭਰੱਪਣ ਨੂੰ ਪਾਲਦਾ ਹੋਇਆ ਆਸ ਕੌਰ ਤੇ ਸਤਬੀਰ ਦੇ ਖ਼ਰਚ ਪੂਰੇ ਕਰਦਾ ਰਿਹਾ । ਸਤਬੀਰ ਦਸਵੀਂ ਦੇ ਇਮਤਿਹਾਨ ਤੋਂ ਕੁਛ ਸਮਾਂ ਪਹਿਲਾਂ ਬੀਮਾਰ ਹੋ ਗਈ । ਸੋ ਪੜ੍ਹਾਈ ਉਥੇ ਹੀ ਖ਼ਤਮ ਹੋ ਗਈ ।

ਸੁਰਿੰਦਰ ਦੋ ਸਾਲ ਫ਼ਿਹਲ ਹੋ ਕੇ ਤੀਸਰੇ ਵਰ੍ਹੇ ਬੀ. ਏ. ਪਾਸ ਕਰ ਗਿਆ । ਉਸੇ ਸਮੇਂ ਉਸਦੀ ਮੁਹੱਬਤ ਇਕ ਫ਼ੈਸ਼ਨੇਬਲ ਲੜਕੀ 'ਸੰਤੋਸ਼ ਬਾਲਾ' ਨਾਲ ਹੋ ਗਈ । ਵਿਚੋਲਾ ਸੀ ਉਸਦਾ ਇਕ ਧੋਖੇਬਾਜ਼ ਮਿੱਤਰ 'ਮਦਨ' ।

ਕਰਨਲ ਨੇ ਸੁਰਿੰਦਰ ਦਾ ਵਿਆਹ ਸਤਬੀਰ ਨਾਲ ਕਰ ਦਿੱਤਾ । ਕਰਨਲ ਨੇ ਘਰ ਦੀ ਨੂੰ ਖ਼ੁਸ਼ ਕਰਨ ਵਾਸਤੇ ਵਿਆਹ ਦਾ ਸਾਰਾ ਖ਼ਰਚ ਆਪ ਕੀਤਾ । ਪੈਸਾ ਭਾਵੇਂ ਕਰਨਲ ਦਾ ਸੀ, ਪਰ ਆਸ ਕੌਰ ਨੇ ਉਸ ਪੈਸੇ ਵਿਚੋਂ ਲੜਕੀ ਨੂੰ ਬਹੁਤ ਸਾਰੇ ਗਹਿਣੇ ਤੇ ਦਸ ਹਜ਼ਾਰ ਨਕਦ ਸੁਰਿੰਦਰ ਨੂੰ ਦਿੱਤਾ ।

ਮਿਥੀ ਹੋਈ ਗੋਂਦ ਅਨੁਸਾਰ ਵਿਆਹ ਦੀ ਪਹਿਲੀ ਰਾਤ ਹੀ ਸੁਰਿੰਦਰ ਪਤਨੀ ਦੇ ਸਾਰੇ ਜ਼ੇਵਰ ਤੇ ਦਸ ਹਜ਼ਾਰ ਨਕਦ ਲੈ ਕੇ ਸੰਤੋਸ਼ ਬਾਲਾ ਨਾਲ ਨੱਸ ਗਿਆ । ਦੋਵੇਂ ਬੰਬਈ ਜਾ ਪਹੁੰਚੇ । ਉਥੇ ਫ਼ਿਲਮ ਐਕਟਰੈਸ ਬਣਨ ਵਾਸਤੇ ਸੰਤੋਸ਼ ਬਾਲਾ ਨੇ ਬਥੇਰੇ ਪਾਪੜ ਵੇਲੇ, ਪਰ ਸਫਲ ਨਾ ਹੋਈ । ਅੰਤ ਉਹ ਨਿਰਾਸ ਹੋ ਕੇ ਵਾਪਸ ਦਿੱਲੀ ਆ ਗਏ ।

ਕਰਨਲ ਨੇ ਗੁੱਸੇ ਵਿਚ ਆ ਕੇ ਪੁੱਤਰ ਨੂੰ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ, ਤੇ ਸਾਰੀ ਜਾਇਦਾਦ ਦੀ ਵਸੀਅਤ ਨੂੰਹ ਦੇ ਨਾਮ ਕਰ ਦਿੱਤੀ । ਇਹ ਖ਼ਬਰ ਅਖ਼ਬਾਰਾਂ ਵਿਚ ਛਪ ਗਈ ।

ਸੁਰਿੰਦਰ ਬੀਮਾਰ ਪੈ ਗਿਆ । ਸੰਤੋਸ਼ਬਾਲਾ ਉਸ ਨੂੰ ਛੱਡ ਕੇ ਮਦਨ ਨਾਲ ਦੌੜ ਗਈ ।

ਸੁਰਿੰਦਰ ਦਾ ਸੱਚਾ ਮਿੱਤਰ 'ਕੇਵਲ ਕ੍ਰਿਸ਼ਨ' ਉਸਨੂੰ ਘਰ ਲੈ ਜਾਂਦਾ ਹੈ, ਤੇ ਸਾਰੀ ਖ਼ਬਰ ਕਰਨਲ ਨੂੰ ਦੇ ਦੇਂਦਾ ਹੈ । ਡਾਕਟਰਾਂ ਦੀ ਰਾਇ ਹੈ, ਕਿ ਸੁਰਿੰਦਰ ਨੂੰ ਕੁਛ ਸਮੇਂ ਵਾਸਤੇ ਕਿਸੇ ਪਹਾੜ 'ਤੇ ਰੱਖ ਕੇ ਇਲਾਜ ਕੀਤਾ ਜਾਵੇ । ਵਾਪਸ ਪਿੰਡ ਲਿਆਉਣ ਦੀ ਥਾਂ ਸੁਰਿੰਦਰ ਨੂੰ ਸਿੱਧਾ ਸੋਲਨ ਲੈ ਜਾਂਦੇ ਹਨ । ਕਰਨਲ ਦੀ ਆਗਿਆ ਨਾਲ ਸ਼ਾਮ ਕੌਰ ਸੁਰਿੰਦਰ ਕੋਲ ਸੋਲਨ ਚਲੀ ਜਾਂਦੀ ਹੈ । ਸਤਬੀਰ ਉਸ ਦੇ ਨਾਲ ਨੌਕਰਾਣੀ ਬਣ ਕੇ ਜਾਂਦੀ ਹੈ । ਉਹ ਤਨੋਂ ਮਨੋਂ ਸੁਰਿੰਦਰ ਦੀ ਸੇਵਾ ਕਰਦੀ ਹੈ । ਸੁਰਿੰਦਰ ਉਸ ਉਤੇ ਮੋਹਤ ਹੋ ਜਾਂਦਾ ਹੈ, ਤੇ ਮਾਂ ਕੋਲ ਜ਼ਿਦ ਕਰਦਾ ਹੈ, ਕਿ ਉਸ ਦਾ ਵਿਆਹ ਉਸ (ਨੌਕਰਾਣੀ) ਨਾਲ ਕਰ ਦਿੱਤਾ ਜਾਵੇ ।

ਅੰਤ ਸਾਰਾ ਭੇਤ ਖੁਲ੍ਹਦਾ ਹੈ, ਤਾਂ ਸੁਰਿੰਦਰ ਕਹਿੰਦਾ ਹੈ, ''ਸਤਬੀਰ ! ਅੰਤ ਤੂੰ ਜਿੱਤ ਗਈਓਂ ।''

ਅੱਗੋਂ ਸਤਬੀਰ ਉੱਤਰ ਦੇਂਦੀ ਹੈ, ''ਮੇਰੀ ਦੁਰਗਤੀ ਨੂੰ ਜਿੱਤ ਕਹਿ ਕੇ, ਮੇਰੀਆਂ ਮੁਸੀਬਤਾਂ ਦਾ ਮਜ਼ਾਕ ਨਾ ਉਡਾਓ । ਕੀ ਡੋਲਿਓਂ ਨਿਕਲਦੀ ਨੂੰ ਛੱਟਣ ਬਹੱਾ ਜਾਣਾ ਮੇਰੀ ਜਿੱਤ ਸੀ, ਜਾਂ ਆਪਣੇ ਹੀ ਪਤੀ ਨੂੰ ਬੇਗਾਨੀਆਂ ਵਾਂਗ ਪਿਆਰ ਕਰਨਾ ।''

ਅੰਤ ਸੁਰਿੰਦਰ ਉਸ ਤੋਂ ਮਾਫ਼ੀ ਮੰਗਦਾ ਹੈ, ਤਾਂ ਸਤਬੀਰ ਕਹਿੰਦੀ ਹੈ, "ਪਤੀ ਦਾ ਪਿਆਰ ਪਾ ਕੇ ਇਸਤਰੀ ਸਾਰੀ ਦੁਨੀਆਂ ਦੇ ਗੁਨਾਹਗਾਰਾਂ ਨੂੰ ਮਾਫ਼ ਕਰ ਦੇਂਦੀ ਹੈ।" "ਏਥੇ ਕਹਾਣੀ ਮੁੱਕ ਜਾਂਦੀ ਹੈ।

10. ਧਰਤੀ ਦੀ ਬੇਟੀ :

ਸ. ਨਾਨਕ ਸਿੰਘ ਜੀ ਕਿਹਾ ਕਰਦੇ ਸਨ, ਮੇਰੀ ਬੜੀ ਰੀਝ ਹੈ, ਕਿ ਮੇਰੇ ਜਿਉਂਦਿਆਂ ਜਿਉਂਦਿਆਂ ਮੇਰੇ ਕਿਸੇ ਨਾਵਲ ਦੀ ਫ਼ਿਲਮ ਬਣ ਜਾਵੇ।"

ਮੈਂ ਵੀ ਮੁੱਕਰਦਾ ਨਹੀਂ। ਉਸ ਸਮੇਂ ਮੇਰੀ ਵੀ ਰੀਝ ਸੀ। ਏਸੇ ਵਾਸਤੇ ਉਸ ਮਿੱਤਰ ਦੇ ਕਹਿਣ 'ਤੇ ਮੈਂ ਇਹ ਨਾਵਲ ਵੀ ਫਿਲਮ ਵਾਸਤੇ ਲਿਖਿਆ। ਵਿਸ਼ਾ ਸੀ "ਸੰਤ ਵਿਨੋਬਾ ਭਾਵੇ" ਦਾ ਭੂਮੀਦਾਨ। ਕਹਾਣੀ ਇਉਂ ਹੈ : 'ਰੂਪਾਂ' ਇਕ ਮੁਜ਼ਾਰੇ ਦੀ ਲੜਕੀ ਹੈ। ਸਕੂਲ ਵਿਚ ਭਾਵੇਂ ਉਹ ਸਿਰਫ਼ ਅੱਠ ਜਮਾਤਾਂ ਪੜ੍ਹੀ ਹੈ, ਪਰ ਉਸਦੇ ਪਿਤਾ ਨੇ ਉਸਨੂੰ ਬੜਾ ਉੱਤਮ ਸਾਹਿੱਤ ਪੜ੍ਹਾਇਆ ਹੈ। ਇਸ ਵਾਸਤੇ ਉਸਦੇ ਖ਼ਿਆਲ ਬੜੇ ਨਰੋਏ ਹਨ। ਪਿੰਡ ਵਿਚ ਉਸਦਾ ਸਤਿਕਾਰ ਵੀ ਹੈ। ਪਿਤਾ ਦੇ ਗੁਜ਼ਰ ਜਾਣ ਪਿੱਛੋਂ ਉਹ ਆਪ ਹੱਥੀਂ ਹਲ ਵਾਹ ਕੇ ਗੁਜ਼ਾਰਾ ਕਰਦੀ ਹੈ।

ਪਿੰਡ ਦਾ ਮਾਲਕ ਵਿਜੈ ਕੁਮਾਰ ਰੂਪਾਂ 'ਤੇ ਮੋਹਤ ਹੈ। ਉਸਦੀ ਮਾਂ, ਉਸ ਦੀ ਮਰਜ਼ੀ ਦੇ ਉਲਟ, ਉਸ ਦੀ ਮੰਗਣੀ ਸੇਠ ਬ੍ਰਿਜ ਮੋਹਨ ਦੀ ਲੜਕੀ ਨਾਲ ਕਰ ਦੇਂਦੀ ਹੈ।

ਵਿਜੈ ਰੂਪਾਂ ਕੋਲ ਆਪਣੀ ਖ਼ਾਹਸ਼ ਪ੍ਰਗਟ ਕਰਦਾ ਹੈ, ਤਾਂ ਉਹ ਉੱਤਰ ਦੇਂਦੀ ਹੈ, ਕਿ ਕਿਸੇ ਮਜ਼ਦੂਰ ਲੜਕੀ ਦਾ ਵਿਆਹ ਕਿਸੇ ਮਜ਼ਦੂਰ ਨਾਲ ਹੀ ਹੋ ਸਕਦਾ ਹੈ, ਅਮੀਰ ਨਾਲ ਨਹੀਂ। ਵਿਜੈ ਇਕਰਾਰ ਕਰਦਾ ਹੈ, ਕਿ ਉਹ ਉਸਦੇ ਦੱਸੇ ਰਾਹ ਤੇ ਚੱਲਣ ਦਾ ਯਤਨ ਕਰੇਗਾ।

ਵਿਜੈ ਦੀ ਮਾਂ ਰੂਪਾਂ ਦੇ ਵੈਰ ਪੈ ਜਾਂਦੀ ਹੈ। ਵਿਜੈ ਕਿਸੇ ਮਿੱਤਰ ਨੂੰ ਮਿਲਣ ਵਾਸਤੇ ਕੁਛ ਦਿਨ ਬੰਬਈ ਜਾਂਦਾ ਹੈ। ਪਿਛੋਂ ਉਸ ਦੀ ਮਾਂ ਦੇ ਹੁਕਮ ਨਾਲ ਉਸਦੇ ਕਰਿੰਦੇ ਰੂਪਾਂ ਦਾ ਘਰ ਸਾੜ ਦੇਂਦੇ ਹਨ, ਤੇ ਉਸ ਨੂੰ ਪਿੰਡ ਛੱਡ ਜਾਣ 'ਤੇ ਮਜਬੂਰ ਕਰ ਦੇਂਦੇ ਹਨ। ਤੇ ਰੂਪਾਂ ਸੋਚਦੀ ਹੈ, ਜੇ ਮੈਂ ਏਥੇ ਰਹੀ, ਤਾਂ ਸਾਰੇ ਪਿੰਡ ਦੇ ਲੋਕਾਂ ਨੂੰ ਕਸ਼ਟ ਸਹਿਣਾ ਪਵੇਗਾ। ਸੋ, ਉਹ ਆਪਣੇ ਛੋਟੇ ਭਰੱਾ ਤੇ ਬੀਮਾਰ ਮਾਂ ਨੂੰ ਨਾਲ ਲੈ ਕੇ, ਚੁੱਪਚਾਪ ਚਲੀ ਜਾਂਦੀ ਹੈ।

ਉਹ ਬੀਮਾਰ ਮਾਂ ਨੂੰ ਇਕ ਥਾਂ ਹਸਪਤਾਲ ਵਿਚ ਲੈ ਜਾਂਦੀ ਹੈ। ਉਸਦੀ ਸੁਲਝੀ ਹੋਈ ਬੋਲੀ ਤੋਂ ਪ੍ਰਭਾਵਤ ਹੋ ਕੇ ਡਾਕਟਰ ਉਸਦੀ ਮਦਦ ਕਰਦਾ ਹੈ। ਉਹ ਆਰਜ਼ੀ ਤੌਰ ਤੇ ਨਰਸ ਵਜੋਂ ਕੰਮ ਕਰਨ ਲੱਗੀ ਪੈਂਦੀ ਹੈ।

ਵਿਜੈ ਬੰਬਈ ਤੋਂ ਵਾਪਸ ਆਉਂਦਾ ਹੈ, ਤਾਂ ਰੂਪਾਂ ਨਾਲ ਹੋਏ ਅਤਿਆਚਾਰ ਤੋਂ ਦੁਖੀ ਹੋ ਕੇ ਉਹ ਨਾਰਾਜ਼ ਹੋ ਕੇ ਘਰੋਂ ਨਿਕਲ ਜਾਂਦਾ ਹੈ।

ਮੌਕਾ ਮੇਲ। ਵਿਜੈ ਵੀ ਓਸੇ ਸ਼ਹਿਰ ਜਾ ਪਹੁੰਚਦਾ ਹੈ। ਪਾਗਲਾਂ ਵਾਂਗ ਫਿਰਦਾ ਉਹ ਇਕ ਕਾਰ ਨਾਲ ਟਕਰੱਾ ਕੇ ਜ਼ਖ਼ਮੀ ਹੋ ਜਾਂਦਾ ਹੈ, ਤੇ ਓਸੇ ਹਸਪਤਾਲ ਵਿਚ ਪਹੁੰਚ ਜਾਂਦਾ ਹੈ। ਰੂਪਾਂ ਉਸ ਦੀ ਸੇਵਾ ਕਰਦੀ ਹੈ। ਉਹ ਅਰੋਗ ਹੋ ਜਾਂਦਾ ਹੈ। ਉਹ ਰੂਪਾਂ ਨਾਲ ਵਾਹਦਾ ਕਰਦਾ ਹੈ, ਕਿ ਆਪਣੇ ਗੁਜ਼ਾਰੇ ਜੋਗੀ ਜ਼ਮੀਨ ਰੱਖ ਕੇ, ਉਹ ਬਾਕੀ ਸਾਰੀ ਮੁਜ਼ਾਰਿਆਂ ਵਿਚ ਵੰਡ ਦੇਵੇਗਾ।

ਡਾਕਟਰ ਤਾਰ ਦੇ ਕੇ ਵਿਜੈ ਦੀ ਮਾਂ ਨੂੰ ਬੁਲਾ ਲੈਂਦਾ ਹੈ। ਅੰਤ ਉਹ ਵੀ ਵਿਜੈ ਦੀ ਤਜਵੀਜ਼ ਮੰਨ ਲੈਂਦੀ ਹੈ, ਤੇ ਰੂਪਾਂ ਨੂੰ ਪ੍ਰਵਾਨ ਕਰ ਲੈਂਦੀ ਹੈ। ਇਸ ਤਰ੍ਹਾਂ ਰੂਪਾਂ ਤੇ ਵਿਜੈ ਦਾ ਵਿਆਹ ਹੋ ਜਾਂਦਾ ਹੈ।

11. **ਕਾਲੇ ਪਰਛਾਂਵੇਂ :**

ਮੁੱਖ ਰੂਪ 'ਤੇ ਮੈਂ ਇਕ ਢਾਡੀ ਹਾਂ। ਤੇ ਮੈਨੂੰ ਢਾਡੀ ਹੋਣ ਉੱਤੇ ਫ਼ਖ਼ਰ ਵੀ ਹੈ। ਨਾਵਲਕਾਰ ਤਾਂ ਮੇਰੇ ਨਾਲੋਂ ਹੋਰ ਵੀ ਚੰਗੇ ਹਨ। ਪਰ ਪ੍ਰਭੂ ਨੇ ਜੋ ਸਥਾਨ ਮੈਨੂੰ ਢਾਡੀ ਦੀ ਹੈਸੀਅਤ ਵਿਚ ਬਖਸ਼ਿਆ ਹੈ, ਉਹ ਉਸ ਦੀ ਅਪਾਰ ਕਿਰਪਾ ਹੈ। ਮੈਂ ਜੋ ਕੁਛ ਵੀ ਹਾਂ, ਢਾਡੀ ਹੋਣ ਕਾਰਨ ਹੀ ਹਾਂ।

ਇਸ ਦਾ ਇਕ ਹੋਰ ਲਾਭ ਵੀ ਪੁੱਜਾ। ਢਾਡੀ ਹੋਣ ਕਰਕੇ ਮੈਂ ਆਲੋਚਕਾਂ ਦੀਆਂ ਨਜ਼ਰਾਂ ਤੋਂ ਬਚਿਆ ਰਿਹਾ ਹਾਂ। ਮੇਰੇ ਵਿਚਾਰ ਸੁਤੰਤਰ ਹਨ। ਇਹਨਾਂ ਉੱਤੇ ਕਿਸੇ ਦਾ ਅਸਰ ਨਹੀਂ ਪਿਆ।

ਫਿਰ ਮੇਰਾ ਏਨੇ ਲੋਕਾਂ ਨਾਲ ਵਾਹ ਪਿਆ ਹੈ, ਤੇ ਮੈਂ ਏਨੀ ਦੁਨੀਆਂ ਵੇਖੀ ਹੈ, ਜੋ ਹੋਰ ਕਿਸੇ ਸਾਧਨ ਨਾਲ ਵੀ ਸੰਭਵ ਨਹੀਂ ਸੀ। ਸਾਂਝੇ ਦੇਸ ਵਿਚ ਕੋਇਟਾ, ਕਰਾਚੀ, ਪਿਸ਼ਾਵਰ, ਕਸ਼ਮੀਰ, ਬੰਬਈ, ਮਦਰਾਸ, ਕਲਕਤਾ ਆਦਿ ਕਈ ਵਾਰ ਵੇਖੇ। ਏਥੇ ਹੀ ਬੱਸ ਨਹੀਂ, ਪੂਰਬ ਪੱਛਮ ਦੇ ਕਈ ਮੁਲਕ ਵੀ ਏਸੇ ਹੁਨਰ ਦੇ ਆਸਰੇ ਵੇਖੇ। ਇਹ ਨਾਵਲ ਵੀ ਇਕ ਸਫ਼ਰ ਦੀ ਕਹਾਣੀ ਹੈ।

ਮਲਾਇਆ ਦੀਆਂ ਸੰਗਤਾਂ ਨੇ ਸਾਨੂੰ ਯਾਦ ਕੀਤਾ। ਗਿਆਨੀ ਇੰਦਰ ਸਿੰਘ ਜੀ ਆਏ, ਸਾਡੇ ਨਾਲ ਪ੍ਰੋਗਰਾਮ ਬਣਾ ਗਏ। ਅਸੀਂ (ਮੈਂ ਤੇ ਮੇਰੇ ਤਿੰਨ ਹੋਰ ਸਾਥੀ) ਪੰਝੀ ਫ਼ਰਵਰੀ, 1960 ਨੂੰ ਘਰਾਂ ਤੋਂ ਚੱਲੇ। ਪਹਿਲੀ ਮਾਰਚ ਨੂੰ ਅਸੀਂ ਕਲਕਤੇ ਤੋਂ 'ਸਰਧਾਨਾ' ਜਹਾਜ਼ ਤੇ ਅਸਵਾਰ ਹੋਏ। ਦੋ ਦਿਨਾਂ ਵਿਚ ਉਹਨੇ ਮਸਾਂ 'ਹੁਗਲੀ' ਦੀ ਖਾੜੀ ਪਾਰ ਕੀਤੀ। ਪੰਜ ਮਾਰਚ ਨੂੰ ਦਿਨ ਦੇ ਗਿਆਰਾਂ ਵਜੇ ਜਹਾਜ਼ ਰੰਗੂਨ ਪੁੱਜਾ। ਦੋ ਦਿਨ ਅਸਾਂ ਰੰਗੂਨ ਦੀ ਸੈਰ ਕੀਤੀ, ਨਾਲੇ ਗੁਰਦੁਆਰੇ ਵਿਚ ਕੀਰਤਨ ਕੀਤਾ।

ਰੰਗੂਨ ਵਿਉਂਤ ਅਨੁਸਾਰ ਵਸਾਇਆ, ਬਹੁਤ ਸੁੰਦਰ ਸ਼ਹਿਰ ਹੈ। ਸਾਰੇ ਬਜ਼ਾਰ ਮਧਾਣੀ-ਚੀਰਾ ਸਿੱਧੇ ਹਨ। ਵਿਚਲੇ ਚੌਂਕ ਵਿਚ (SULE) ਸੂਲੀ ਪਗੋਡਾ ਹੈ। ਏਥੇ ਡਲਹੌਜ਼ੀ ਸਟਰੀਟ ਤੇ ਸੂਲੀ ਪਗੋਡਾ ਰੋਡ ਇਕ ਦੂਸਰੇ ਨੂੰ ਕੱਟਦੇ ਹੋਏ ਲੰਘਦੇ ਹਨ।

ਸ਼ਹਿਰ ਵਿਚ ਹੋਰ ਵੀ ਬਹੁਤ ਸਾਰੇ ਪਗੋਡੇ (ਬੋਧੀ ਮੰਦਰ) ਹਨ। ਸਭ ਤੋਂ ਪ੍ਰਸਿੱਧ ਤੇ ਪੁਰਾਣਾ ਹੈ 'ਸ਼ਵੇ ਡਗੋਂ' ਪਗੋਡਾ **SHWE DAGON PAGODA**, ਭਾਵ, ਸੋਨੇ ਦਾ ਮੰਦਰ। ਇਹ ਮੰਦਰ ਇਕ ਛੋਟੀ ਜੇਹੀ ਪਹਾੜੀ ਦੇ ਉਪਰ ਹੈ। ਕਿਆਸ ਕੀਤਾ ਜਾਂਦਾ ਹੈ, ਕਿ ਇਹ ਹਜ਼ਰਤ ਈਸਾ ਤੋਂ ਪਹਿਲਾਂ ਬਣਿਆਂ ਸੀ। ਆਰੰਭ ਵਿਚ ਇਸ ਦੀ ਉਚਾਈ ਸਿਰਫ਼ ਸਤਾਈ ਫੁੱਟ ਸੀ। ਪਰ ਇਸ ਵੇਲੇ ਇਸਦੀ ਉਚਾਈ 326 ਫੁੱਟ ਹੈ। ਇਸ ਦੇ ਚੌਹੀਂ ਪਾਸੀਂ ਉਪਰ ਨੂੰ ਪੌੜੀਆਂ ਚੜ੍ਹਦੀਆਂ ਹਨ। ਇਕ ਪਾਸੇ ਬਿਜਲੀ ਦੀ ਲਿਫ਼ਟ ਵੀ ਹੈ। ਸਾਰਾ ਮੰਦਰ ਸੋਨੇ ਨਾਲ ਮੜ੍ਹਿਆ ਹੋਇਆ ਹੈ। ਇਸ ਦੀ ਪਰਕਰਮਾ ਵਿਚ 64 ਛੋਟੇ ਛੋਟੇ ਤੇ ਚਾਰ ਵੱਡੇ ਪਗੋਡੇ ਹਨ। ਮਹਾਤਮਾ ਬੁੱਧ ਦੇ ਛੋਟੇ ਛੋਟੇ ਬੁੱਤ ਬਹੁਤ ਸਾਰੇ ਹਨ।

ਪਰਕਰਮਾ ਦੇ ਇਕ ਪਾਸੇ 'ਮਹਾਂ ਘੰਣਾ' (ਟੱਲ) ਪਿਆ ਹੈ, ਜੋ ਸੱਤ ਫੁੱਟ ਉੱਚਾ ਤੇ ਛੇ ਫੁੱਟ ਅੱਠ ਇੰਚ ਚੌੜਾ ਹੈ। ਇਹ ਇਕ ਫੁੱਟ ਮੋਟੀਧਾਤ ਦਾ ਬਣਿਆਂ ਹੋਇਆ ਹੈ, ਤੇ ਇਸਦਾ ਵਜ਼ਨ 448 ਮਣ ਹੈ। ਸਮੁੱਚੇ ਤੌਰ 'ਤੇ ਇਹ ਪਗੋਡਾ ਦੁਨੀਆਂ ਦਾ ਇਕ ਅਜੂਬਾ ਹੈ।

ਦੂਸਰਾ ਪ੍ਰਸਿੱਧ ਮੰਦਰ ਹੈ 'ਕਬੱਾ ਏ' **KABA AYE** ਪਗੋਡਾ। ਬਰਮੀ ਬੋਲੀ ਵਿਚ ਇਸਦਾ ਅਰਥ ਹੈ 'ਸੰਸਾਰ ਅਮਨ **'WORLD PEACE'**, ਇਹ 1650 ਵਿਚ ਸ਼ੁਰੂ ਹੋ ਕੇ 1652 ਵਿਚ ਮੁਕੰਮਲ ਹੋਇਆਂ। ਇਹ 118 ਫੁੱਟ ਉੱਚਾ ਹੈ। ਇਸ ਵਿਚ ਮਹਾਤਮਾ ਬੁੱਧ ਦਾ ਬਹੁਤ ਵੱਡਾ ਬੁੱਤ ਹੈ।

ਇਸ ਦੇ ਸਾਮ੍ਹਣੇ 'ਮਹਾਂ ਪਸਾਨਾ ਗੁਹਾ' (ਗੁਫਾ ਹਾਲ) ਹੈ। ਇਹ ਇਕ ਬਨਾਉਟੀ ਪਹਾੜੀ ਵਿਚ ਹੈ। ਦੂਰੋਂ ਵੇਖਿਆਂ ਬਿਲਕੁਲ ਪਹਾੜੀ ਨਜ਼ਰ ਆਉਂਦੀ ਹੈ। ਵਿਚ 220 ਫੁੱਟ ਲੰਮਾ ਤੇ 140 ਫੁੱਟ ਚੌੜਾ ਸੁੰਦਰ ਹਾਲ ਹੈ। ਹਾਲ ਦੇ ਚੌਫੇਰੇ ਸੁਰੰਘ ਵਾਂਗ ਗਲੀ ਹੈ। ਇਸਦਾ ਦਰਵਾਜ਼ਾ ਵੀ ਪਹਾੜ ਦੀ ਸੁਰੰਗ ਵਾਂਗ ਹੀ ਹੈ। ਇਹ ਮਾਰਚ, 1953 ਵਿਚ ਬਣਨਾ ਸ਼ੁਰੂ ਹੋਇਆ ਤੇ ਮਈ 1954 ਵਿਚ ਮੁਕੰਮਲ ਹੋਇਆ। ਇਸ ਵਿਚ 'ਬੁੱਧ ਸੰਸਾਰ' ਦੀ ਛੇਵੀਂ ਕਾਨਫਰੰਸ ਹੋਈ ਸੀ।

ਇਸ ਦੇ ਨਾਲ ਹੀ 'ਬੁੱਧ ਯੂਨੀਵਰਸਿਟੀ' ਹੈ।

ਸ਼ਹਿਰ ਦੇ ਵਿਚ ਤੇ ਆਸ ਪਾਸ ਕਈ ਸੁੰਦਰ ਝੀਲਾਂ ਹਨ। ਨਜ਼ਾਰਾ ਬੜਾ ਮਨ-ਮੋਹਕ ਹੈ।

ਸਾਡੀ ਦਿਲਚਸਪੀ ਦੇ ਦੋ ਅਸਥਾਨ ਉਚੇਚੇ ਵੀ ਰੰਗੂਨ ਸੰਭਾਲੀ ਬੈਠਾ ਹੈ। ਇਕ ਹੈ ਭਾਰਤ ਦੇ ਅੰਤਮ ਮੁਗ਼ਲ ਬਾਦਸ਼ਾਹ 'ਬਹਾਦਰਸ਼ਾਹ ਜ਼ਫ਼ਰ' ਦਾ ਮਕਬਰਾ। ਤੇ ਦੂਸਰਾ ਨੇੜੇ ਹੀ ਉਹ ਬੰਗਲਾ ਹੈ, ਜਿੱਥੇ ਆਜ਼ਾਦੀ ਦੇ ਪਹਿਲੇ ਸੰਗਰਾਮੀਏ ਬਾਬਾ ਰਾਮ ਸਿੰਘ ਜੀ 'ਨਾਮਧਾਰੀ' ਨਜ਼ਰਬੰਦ ਰਹੇ ਸਨ।

ਅੱਠ ਮਾਰਚ ਨੂੰ ਸਾਢੇ ਗਿਆਰਾਂ ਵਜੇ ਜਹਾਜ਼ ਰੰਗੂਨ ਤੋਂ ਤੁਰਿਆ ਤੇ ਗਿਆਰਾਂ ਮਾਰਚ ਨੂੰ ਸਵੇਰੇ ਛੇ ਵਜੇ 'ਪੀਨਾਂਗ' ਜਾ ਪੁੱਜਾ। ਅੱਗੇ ਗਿ. ਇੰਦਰ ਸਿੰਘ ਕੁਆਲਾ ਲੰਪਰ ਵਾਲੇ, ਪੀਨਾਂਗ ਦੇ ਗੁਰਦੁਆਰੇ ਦੇ ਪ੍ਰਧਾਨ ਤੇ ਸਕੱਤਰ, ਤੇ ਕੁਛ ਹੋਰ ਪਤਵੰਤੇ ਸੱਜਣ ਸਾਨੂੰ ਲੈਣ ਵਾਸਤੇ ਆਏ ਹੋਏ ਸਨ। ਸਾਰੇ ਬੜੇ ਪਿਆਰ ਨਾਲ ਮਿਲੇ। ਕਾਰਾਂ 'ਤੇ ਅਸਵਾਰ ਅਸੀਂ ਗੁਰਦੁਆਰੇ ਜਾ ਪੁੱਜੇ।

ਪੀਨਾਂਗ ਸੁੰਦਰ ਸ਼ਹਿਰ ਹੈ। ਫ਼ਰੀ ਪੋਰਟ (ਜਿੱਥੇ ਕੋਈ ਮਸੂਲ ਨਹੀਂ ਲਗਦਾ) ਹੋਣ ਕਰਕੇ ਚੀਜ਼ਾਂ ਸਸਤੀਆਂ ਸਨ। ਏਥੇ ਅਸਾਂ ਦੋ ਦਿਨ ਕੱਟੇ। ਸ਼ਹਿਰ ਤੋਂ ਨੌ ਮੀਲ ਦੂਰ 'ਸੱਪਾਂ ਦਾ ਮੰਦਰ' ਵੇਖਿਆ। ਮੰਦਰ ਚੀਨਿਆਂ ਦਾ ਹੈ, ਜਿੱਥੇ ਚਾਰ-ਪੰਜ ਸੱਪ ਬਹੁਤ ਵੱਡੇ ਇਕ ਖੁਲ੍ਹੇ ਖੁੱਡੇ ਵਿਚ ਬੰਦ ਹਨ। ਹੋਰ ਬਹੁਤ ਸਾਰੇ ਛੋਟੇ ਛੋਟੇ ਸੱਪ ਮੂਰਤੀਆਂ ਨਾਲ ਚੰਬੜੇ ਹੋਏ ਸਨ। ਉਹ ਨਾ ਲੋਕਾਂ ਤੋਂ ਡਰਦੇ ਸਨ, ਤੇ ਨਾ ਹੀ ਕਿਸੇ ਨੂੰ ਕੁਛ ਕਹਿੰਦੇ ਸਨ। ਏਥੇ ਪਹਿਲੀ ਵਾਰ ਗੂੜ੍ਹੇ ਹਰੇ ਰੰਗ ਦੇ ਛੋਟੇ ਛੋਟੇ ਸੱਪ ਵੇਖੇ।

(ਇੰਗਲੈਂਡ, ਡਡਲੀ ਚਿੜੀਆ ਘਰ ਵਿਚ ਤਾਂ ਰੰਗ ਬਰੰਗੇ ਗੋਲ ਧਾਰੀਆਂ ਵਾਲੇ ਸੱਪ ਵੀ ਵੇਖੇ ਸਨ।)

ਪੀਨਾਂਗ ਮਲਾਇਆ (ਅੱਜ ਕਲ੍ਹ ਮਲਾਏਸ਼ੀਆ) ਵਿਚ ਸ਼ਾਮਲ ਹੈ, ਪਰ ਉਸਦੀ ਮੁੱਖ ਭੂਮੀ ਨਾਲੋਂ ਵੱਖਰਾ ਪਾਣੀ ਵਿਚ ਘਿਰਿਆ ਹੋਇਆ ਟਾਪੂ ਹੈ।

ਪੀਨਾਂਗ ਤੋਂ ਅਸੀਂ ਤੇਰਾਂ ਮਾਰਚ ਨੂੰ ਚੱਲੇ। ਇਕ ਰਾਤ ਤੈਪਿੰਗ ਗੁਜ਼ਾਰ ਕੇ ਅਸੀਂ 'ਈਪੂ' ਜਾ ਪੁੱਜੇ। ਦੋ ਦਿਨ ਈਪੂ ਕੀਰਤਨ ਕੀਤਾ।

ਇਹ ਸਫ਼ਰ ਅਸੀਂ ਗਿ. ਇੰਦਰ ਸਿੰਘ ਦੀ ਕਾਰ 'ਤੇ ਕਰ ਰਹੇ ਸਾਂ। ਗਿਆਨੀ ਜੀ ਸਾਨੂੰ 'ਰਾਵੰਙ' ਸਟੇਸ਼ਨ 'ਤੇ ਉਤਾਰ ਕੇ ਅੱਗੇ ਚਲੇ ਗਏ। ਅਸੀਂ 'ਪੰਜਾਬੀ ਵਿੱਦਿਅਕ ਬੋਰਡ ਮਲਾਇਆ' ਦੇ ਬੁਲਾਏ ਹੋਏ ਗਏ ਸਾਂ। ਪ੍ਰਬੰਧਕ ਸਾਡਾ ਸਟੇਸ਼ਨ 'ਤੇ ਸਵਾਗਤ ਕਰਨਾ ਚਾਹੁੰਦੇ ਸਨ। ਸੋ, ਅਗ੍ਹਾਂ ਸਾਨੂੰ ਰੇਲ ਰਾਹੀਂ ਜਾਣਾ ਪਿਆ। ਸਾਡੇ ਵਾਸਤੇ ਬੋਲੀ ਦੀ ਕੋਈ ਸਮੱਸਿਆ ਨਹੀਂ ਸੀ। ਕਿਉਂਕਿ ਅੰਗਰੇਜ਼ੀ ਜਾਨਣ ਵਾਲੇ ਓਥੇ ਆਮ ਮਿਲ ਜਾਂਦੇ ਹਨ।

ਸਵਾ ਪੰਜ ਵਜੇ ਸ਼ਾਮ ਨੂੰ ਅਸੀਂ ਕੁਆਲਾਲੰਪਰ ਜਾ ਉਤਰੇ। ਅੱਗੇ ਬੋਰਡ ਦੇ ਅਹੁਦੇਦਾਰ ਤੇ ਸ਼ਹਿਰ ਦੇ ਹੋਰ ਪਤਵੰਤੇ ਸਿੱਖ ਸਟੇਸ਼ਨ 'ਤੇ ਆਏ ਖਲੇ ਸਨ। ਗਿਣਤੀ ਡੇਢ-ਦੋ ਸੌ ਦੇ ਕਰੀਬ ਸੀ। ਉਹਨਾਂ ਬੜਾ ਉਤਸ਼ਾਹ ਭਰਿਆ ਸਵਾਗਤ ਕੀਤਾ, ਤੇ ਸਾਡੇ ਨਾਂਹ-ਨੁੱਕਰ ਕਰਦਿਆਂ ਵੀ ਗਲਾਂ ਵਿਚ ਹਾਰ ਪਾ ਕੇ ਫ਼ੋਟੋ ਲਏ (ਜੋ ਮਲਾਇਆ ਦੇ ਅਖ਼ਬਾਰਾਂ ਵਿਚ ਛਪੇ।)

ਸਾਡੀ ਰਿਹਾਇਸ਼ ਦਾ ਪ੍ਰਬੰਧ 'ਸੈਂਟ੍ਰਲ' ਦੇ ਗੁਰਦੁਆਰੇ ਵਿਚ ਸੀ। ਉਸ ਰਾਤ ਅਸਾਂ ਓਥੇ ਪਹਿਲਾ ਕੀਰਤਨ ਕੀਤਾ। (ਵਧੇਰੇ ਕੀਰਤਨ ਅਸਾਂ ਸੈਂਟ੍ਰਲ ਤੇ ਈਪੂ ਵਿਚ ਕੀਤੇ।)

ਕੁਆਲਾਲੰਪਰ ਮਲਾਇਆ ਦੀ ਰਾਜਧਾਨੀ ਤੇ ਮੁਲਕ ਦਾ ਸਭ ਤੋਂ ਵੱਡਾ ਸ਼ਹਿਰ ਹੈ। ਬਾਕੀ ਦੇ ਹੋਰ ਛੋਟੇ ਛੋਟੇ ਸ਼ਹਿਰਾਂ ਤੇ ਪਿੰਡਾਂ ਵਿਚ ਵੀ ਕੀਰਤਨ ਕੀਤੇ, ਜਿੱਥੇ ਜਿੱਥੇ ਸਿੱਖਾਂ ਦੀ ਵਸੋਂ ਹੈ। (ਵਧੇਰੇ ਵਰੇਵਾ ਨਾਵਲ ਵਿਚ ਵੇਖ ਸਕਦੇ ਹੋ।)

ਤੀਹ ਮਈ ਨੂੰ ਅਸੀਂ ਸਿਆਮ (ਥਾਈਲੈਂਡ) ਵਾਸਤੇ ਰਵਾਨਾ ਹੋ ਗਏ। 'ਬੁਕਿਤ ਮਰਤਜਮ' ਤਕ ਅਸੀਂ ਕਾਰ ਤੇ ਗਏ। ਤੇ ਅਗ੍ਹਾਂ ਰੇਲ ਪਕੜ ਲਈ। ਮਲਾਇਆ ਦੀ ਰੇਲ ਬੀਕਾਨੇਰ ਦੀ ਰੇਲ ਜਿੰਨੀ ਹੀ ਚੌੜੀ ਹੈ। 'ਪਡੰਙ ਬੇਸਾਰ' ਮਲਾਇਆ ਦਾ ਆਖ਼ਰੀ ਸਟੇਸ਼ਨ ਹੈ। ਅੱਗੇ ਥਾਈਲੈਂਡ ਸ਼ੁਰੂ ਹੋ ਜਾਂਦਾ ਹੈ।

ਮਲਾਇਆ ਬੋਲੀ ਵਿਚ 'ਙ' ਅੱਖਰ ਦੀ ਬਹੁਤ ਵਰਤੋਂ ਹੁੰਦੀ ਹੈ। ਨੱਗਰਾਂ ਦੇ ਨਾਮ ਦੇ ਨਾਲ ਇਹ ਅੱਖਰ ਆਮ ਆਉਂਦਾ ਹੈ। ਜਿਵੇਂ ਕਾਜਙ, ਤੰਜੰਙ ਮਾਲਿਮ, ਕੰਪੰਙ, ਪਡੰਙ, ਕਲੰਪੰਙ, ਬਿੰਪੰਙ, ਆਦਿ।

ਮਲਾਇਆ ਨਾਲੋਂ ਥਾਈਲੈਂਡ ਦੀ ਧਰਤੀ ਵਧੇਰੇ ਪੱਧਰੀ ਹੈ। ਨੀਵੇਂ ਥਾਂਵਾਂ 'ਤੇ ਝੋਨਾ ਤੇ ਉੱਚੇ ਥਾਂਵਾਂ ਤੇ ਅਨਾਨਾਸ ਬਹੁਤ ਹੁੰਦਾ ਹੈ।

ਦੁਪਹਿਰੇ ਸਵਾ ਇਕ ਵਜੇ ਗੱਡੀ ਬੈਂਕੋਕ **BANGKOK** ਪੁੱਜ ਗਈ। ਅੱਗੇ ਗੁ. ਸਿੰਘ ਸਭਾ ਦੇ ਅਹੁਦੇਦਾਰ ਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਸਾਨੂੰ ਲੈਣ ਵਾਸਤੇ ਆਏ ਹੋਏ ਸਨ। ਕਾਰਾਂ ਉਤੇ ਅਸਵਾਰ ਹੋ ਕੇ ਅਸੀਂ ਗੁਰਦੁਆਰੇ ਜਾ ਪੁੱਜੇ। ਗੁਰਦੁਆਰੇ ਦੀ ਇਮਾਰਤ ਬੜੀ ਸ਼ਾਨਦਾਰ ਹੈ।

ਬੈਂਕੋਕ ਖ਼ੂਬਸੂਰਤ ਸ਼ਹਿਰ ਤੇ ਮੁਲਕ ਦੀ ਰਾਜਧਾਨੀ ਹੈ। 1960 ਵਿਚ ਆਸ-ਪਾਸ ਦੀਆਂ ਬਸਤੀਆਂ ਸਣੇ ਉਸਦੀ ਵਸੋਂ ਪੰਦਰਾਂ-ਸੋਲਾਂ ਲੱਖ ਸੀ। ਬੈਂਕੋਕ ਬੰਦਰਗਾਹ ਵੀ ਹੈ। ਉਹ ਬੰਬਈ ਜਾਂ ਮਦਰਾਸ ਵਾਂਗ ਸਮੁੰਦਰ ਦੇ ਕੰਢੇ ਉਤੇ ਨਹੀਂ, ਸਗੋਂ ਕਲਕੱਤੇ ਵਾਂਗ ਹਟਵੀਂ ਹੈ। ਹੁਗਲੀ ਵਾਂਗ ਦਰਿਆ ਚਾਉਫਦੀਆ ਸ਼ਹਿਰ ਦੀਆਂ ਕੰਧਾਂ ਨਾਲ ਖਹਿ ਕੇ ਵਗਦਾ ਹੈ। ਉਸ ਵਿਚ ਜਹਾਜ਼ ਸ਼ਹਿਰ ਤਕ ਆਉਂਦੇ ਹਨ।

ਦਰਿਆਓਂ ਦੂਸਰੇ ਪਾਸੇ ਨਵੀਂ ਆਬਾਦੀ 'ਧਨਪੁਰੀ' ਹੈ। ਦੋਹਾਂ ਨੂੰ ਮਿਲਾਉਣ ਵਾਲਾ 'ਮੈਮੋਰੀਅਲ ਪੁਲ' ਬਹੁਤ ਸੁੰਦਰ ਹੈ। ਲੋੜ ਪੈਣ 'ਤੇ ਉਹ ਅੱਧਾ ਇਕ ਪਾਸੇ ਤੇ ਅੱਧ ਦੂਸਰੇ ਪਾਸੇ ਚੁਕਿਆ ਜਾਂਦਾ ਹੈ। ਉਸ ਸਮੇਂ ਜਹਾਜ਼ ਅਗਾਂਹ ਲੰਘ ਸਕਦੇ ਹਨ।

ਚਾਰ ਜੂਨ ਨੂੰ ਅਸੀਂ 'ਸ਼ਾਹੀ ਮੰਦਰ' ਵੇਖਣ ਗਏ। ਮੰਦਰ ਦਾ ਨਾਮ ਹੈ। 'ਵੱਟ ਫਰਾ ਕੇਓ'। (ਵੱਟ—ਮੰਦਰ। ਫਰਾ—ਦੇਵਤਾ। ਕੇਓ—ਨੀਲਮ ਦੀ ਮੂਰਤੀ।) ਸਮੁੱਚੀ ਇਮਾਰਤ ਬਹੁਤ ਵੱਡੀ ਹੈ, ਇਕ ਪਾਸੇ ਪੁਰਾਣਾ ਸ਼ਾਹੀ ਮਹਿਲ, ਮੰਦਰ ਵੀ ਕਾਫ਼ੀ ਖੁੱਲ੍ਹਾ। ਵਿਚਕਾਰ ਬਹੁਤ ਉੱਚੇ ਥਾਂ, ਤੇ ਮਹਾਤਮਾ ਬੁੱਧ ਦੀ ਨੀਲਮ ਦੀ ਮੂਰਤੀ ਹੈ। ਕਹਿੰਦੇ ਹਨ, ਉਹ ਮੂਰਤੀ ਕੋਈ ਭਿਕਸ਼ੂ ਭਾਰਤ ਵਿਚੋਂ ਹੀ ਲੈ ਕੇ ਗਿਆ ਸੀ। ਉਦਾਲੇ ਉਦਾਲੇ ਮਹਾਤਮਾ ਬੁੱਧ ਤੇ ਉਹਦੇ ਚੇਲਿਆਂ ਦੀਆਂ ਬਹੁਤ ਸਾਰੀਆਂ ਮੂਰਤੀਆਂ ਹਨ। ਬਾਹਰਲੀ ਚਾਰਦੀਵਾਰੀ ਦੇ ਅੰਦਰਵਾਰ ਬਣੇ ਬਰਾਂਡੇ ਵਿਚ ਰਾਮਾਇਣ ਦੀ ਕਥਾ ਦੇ ਚਿੱਤਰ ਹਨ।

ਰੇਲਵੇ ਸਟੇਸ਼ਨ ਦੇ ਲਾਗੇ ਇਕ ਹੋਰ ਮੰਦਰ ਹੈ 'ਵੱਟ ਤ੍ਰਾਏ ਮਿੱਤ੍ਰ,' ਭਾਵ ਤਿੰਨਾਂ ਮਿੱਤਰਾਂ ਦਾ ਮੰਦਰ। ਇਕੋ ਅਹਾਤੇ ਵਿਚ ਮਹਾਤਮਾ ਬੁੱਧ ਦੀਆਂ ਤਿੰਨ ਮੂਰਤੀਆਂ ਹਨ। ਇਕ ਬੁੱਤ ਪੰਜ ਟਨ ਦਾ ਹੈ, ਜਿਸ ਵਿਚ ਅੱਸੀ ਫ਼ੀ ਸਦੀ ਸੋਨਾ ਹੈ।

ਸਿਆਮੀ ਕੌਮ ਦਾ ਰੰਗ ਤੇ ਨਕਸ਼ ਭਾਰਤੀਆਂ ਤੇ ਚੀਨੀਆਂ ਦੇ ਵਿਚਕਾਰ ਹੈ, ਪਰ ਉਹ ਉੱਤਰੀ ਭਾਰਤੀਆਂ ਨਾਲ ਵਧੇਰੇ ਮਿਲਦੇ ਹਨ। ਉਹਨਾਂ ਦੀ ਬੋਲੀ ਤੇ ਲਿਪੀ, ਪੁਰਾਣੀ ਭਾਰਤੀ ਬੋਲੀ 'ਪਾਲੀ' ਨਾਲ ਮਿਲਦੀ ਹੈ। ਨਮੂਨੇ ਵਜੋਂ : ਟੈਲੀਫ਼ੋਨ ਨੂੰ ਕਹਿੰਦੇ ਹਨ 'ਦੂਰ-ਸ਼ਪਦ' (ਉਚਾਰਣ ਵਿਚ 'ਬ' ਦੀ ਥਾਂ 'ਪ' ਲਾਉਂਦੇ ਹਨ), ਟੈਲੀਵੀਜ਼ਨ ਨੂੰ 'ਦੂਰਦਰਸ਼ਨ' ਡਾਕਖ਼ਾਨੇ ਨੂੰ 'ਪਰਾਈ ਸਨੇਹ' ਆਦਿ। ਗੁਰਦੁਆਰੇ ਵਾਲੀ ਸੜਕ ਦਾ ਨਾਮ 'ਫਾਹੂਰਾਤ' ਰੋਡ ਵੀ 'ਬਹੁ ਰਤਨ' ਤੋਂ ਵਿਗੜ ਕੇ ਬਣਿਆਂ ਹੈ।

ਬੈਂਕੋਕ ਤੋਂ ਅਸੀਂ ਅੱਠ ਜੂਨ ਨੂੰ ਲੌਢੇ ਵੇਲੇ ਤਿੰਨ ਵਜੇ ਰਵਾਨਾ ਹੋਏ। ਬਹੁਤ ਸਾਰੇ ਸੱਜਣ ਸਾਨੂੰ ਸਟੇਸ਼ਨ ਤਕ ਵਿਦਿਆ ਕਰਨ ਆਏ।

ਅਸੀਂ ਬੈਂਕੋਕ ਤੋਂ ਸਿੱਧੇ ਕੁਆਲਾ ਲੰਪਰ ਤੇ ਅਗਲੇ ਦਿਨ (ਗਿਆਰਾਂ ਜੂਨ) ਸਿੰਘਾ-ਪੁਰ ਜਾ ਪੁੱਜੇ। ਸਿੰਘਾਪੁਰ ਛੋਟਾ ਜਿਹਾ ਟਾਪੂ ਹੈ, ਪਰ ਸੁਤੰਤਰ ਰਾਜ। ਓਥੇ ਵੇਖਣ ਵਾਲੇ ਸੁੰਦਰ ਅਸਥਾਨ ਵੇਖੇ। ਚੀਨਿਆਂ ਦੀ ਯੂਨੀਵਰਸਿਟੀ ਨਾਨਿਯੰਗ **Nanyang** ਹਾ-ਪਾ-ਵਿੱਲਾ **Haw Par Villa**, ਚਾਂਗੀ ਬੀਚ **Changi Beach**, ਬੀਡੋਕ **Bedok** ਬੀਚ, ਮੈਰੀਨਾ ਹਿੱਲ, ਮਾਊਂਟ ਫ਼ੈਬਰ **Fabber** ਅਜਾਇਬ ਘਰ **(Raffie's Museum)** ਸ਼ਕਾਯਾ ਮੁਨੀ ਦਾ ਮੰਦਰ ਆਦਿ।

24 ਜੂਨ ਨੂੰ ਅਸੀਂ ਫਿਰ ਵਾਪਸ ਮਲਾਇਆ ਆ ਗਏ। ਮਲਾਇਆ ਦੀਆਂ ਸੰਗਤਾਂ

ਨੇ ਜੋ ਪਿਆਰ ਕੀਤਾ, ਉਹ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। (ਵਧੇਰੇ ਵੇਰਵਾ 'ਕਾਲੇ ਪਰਛਾਵੇਂ' ਦੇ ਮੁਖ ਬੰਦ ਵਿਚ ਵੇਖੋ।)

ਛੇ ਜੁਲਾਈ, 1950 ਨੂੰ ਅਸੀਂ ਪੋਰਟ ਸਵੇਟਨਮ **Port Swettenham** ਤੋਂ 'ਸਟੇਟ ਆਫ ਮਦਰਾਸ' ਜਹਾਜ਼ 'ਤੇ ਚੜ੍ਹੇ, ਤੇ ਤੇਰਾਂ ਜੁਲਾਈ ਨੂੰ ਮਦਰਾਸ ਆ ਉਤਰੇ। ਚੌਦਾਂ ਨੂੰ ਮਦਾਰਸ ਤੋਂ ਗੱਡੀ ਪਕੜੀ, ਤੇ ਸੋਲਾਂ ਨੂੰ ਘਰ ਆ ਪਹੁੰਚੇ। ਘਰਦਿਆਂ ਸਗਨ ਮਨਾਏ, ਕਿ ਪਰਦੇਸ ਗਏ ਰਾਜ਼ੀ ਖ਼ੁਸ਼ੀ ਘਰ ਪਰਤੇ ਹਨ।

ਪਹਿਲਾਂ ਮੇਰਾ ਇਰਾਦਾ ''ਸਫ਼ਰਨਾਮਾ' ਲਿਖਣ ਦਾ ਸੀ। ਪਰ ਮੈਨੂੰ ਤਜਰਬਾ ਸੀ, ਕਿ ਪੰਜਾਬੀ ਸਫ਼ਰਨਾਮੇ ਘੱਟ ਹੀ ਪੜ੍ਹਦੇ ਹਨ। ਇਸ ਵਾਸਤੇ ਮੈਂ ਇਹ ਨਾਵਲ ਲਿਖਿਆ। ਪਰ ਪਾਠਕ ਨੂੰ ਉਹ ਸਾਰੇ ਥਾਂ ਵਿਖੱ ਦਿੱਤੇ ਹਨ, ਜਿਹੜੇ ਓਥੇ ਮੈਂ ਵੇਖੇ ਸਨ।

ਫ਼ਰਵਰੀ, 1962 ਵਿਚ 'ਭਾਸ਼ਾ ਵਿਭਾਗ ਪੰਜਾਬ' ਵੱਲੋਂ ਇਸ ਨਾਵਲ ਨੂੰ ਪਹਿਲਾ ਇਨਾਮ ਮਿਲਿਆ।

ਨਾਵਲ ਦਾ ਵਿਸ਼ਾ ਹੈ : ''ਮਾਂ ਬਾਪ ਦੀਆਂ ਗ਼ਲਤੀਆਂ ਦਾ ਫਲ ਔਲਾਦ ਨੂੰ ਭੁਗਤਣਾ ਪੈਂਦਾ ਹੈ।''

ਹੁਣ ਨਾਵਲ ਦੀ ਕਹਾਣੀ ਸੁਣੋ। ਸਰਿਹਾਲੀ ਦਾ ਪਿਆਰੂ ਕਬੂਤਰ-ਬਾਜ਼ ਇਕ ਫਿਰਦੀ-ਤੁਰਦੀ ਜ਼ਨਾਨੀ ਕਿਤੋਂ ਲੈ ਆਉਂਦਾ ਹੈ। ਉਹ ਭੁੱਖੀ ਮਰਦੀ ਅਗ੍ਹਾਂ ਮੰਗਲ ਨੌਸ਼ਹਿਰੀਏ ਨਾਲ ਨਿਕਲ ਜਾਂਦੀ ਹੈ। ਉਹ ਉਸਨੂੰ ਲੈ ਕੇ ਮਲਾਇਆ ਜਾ ਵੜਦਾ ਹੈ। ਉਹਨਾਂ ਘਰ ਜਨਮਦਾ ਹੈ 'ਪ੍ਰਕਾਸ਼'। ਨਾਮ ਪ੍ਰਕਾਸ਼ ਹੈ, ਪਰ ਉਹ ਜ਼ਿੰਦਗੀ ਭਰ ਹਨ੍ਹੇਰਿਆਂ ਵਿਚ ਘਿਰਿਆ ਰਹਿੰਦਾ ਹੈ। ਪ੍ਰਕਾਸ਼ ਅਜੇ ਛੋਟਾ ਹੀ ਹੈ, ਤਾਂ ਮੰਗਲ ਮਰ ਜਾਂਦਾ ਹੈ। ਹੁਣ ਪ੍ਰਦੇਸ ਵਿਚ ਇਕੱਲੀ ਜ਼ਨਾਨੀ ਕੀਹਦੇ ਸਾਹਰੇ ਕੱਟੇ। ਜੰਡਿਆਲੇ ਦੇ ਲੱਛੂ ਨਾਲ ਉਸਦੀ ਜਾਣ ਪਛਾਣ ਹੁੰਦੀ ਹੈ। ਅੰਤ ਉਹ ਸੱਤ ਸਾਲ ਦੇ ਪ੍ਰਕਾਸ਼ ਨੂੰ ਪੀਨਾਂਗ ਗੁਰਦੁਆਰੇ ਵਿਚ ਛੱਡ ਕੇ ਆਪ ਨੱਸ ਕੇ ਅਲੋਸਟਾਰ ਚਲੇ ਜਾਂਦੇ ਹਨ।

ਈਪੂ ਦਾ ਭਗਤ ਦੁਰਗਾਦਾਸ ਦੇਸ ਤੋਂ ਪਰਤਦਾ ਹੋਇਆ ਪੀਨਾਂਗ ਠਹਿਰਦਾ ਹੈ। ਓਥੋਂ ਉਹ ਪ੍ਰਕਾਸ਼ ਨੂੰ ਆਪਣਾ ਪੁੱਤਰ ਬਣਾ ਕੇ ਲੈ ਜਾਂਦਾ ਹੈ।

ਦੁਰਗਾ ਦਾਸ ਮੰਦਿਰ ਜਾਂ ਗੁਰਦੁਆਰੇ ਵਿਚ ਤਾਂ 'ਭਗਤ' ਹੈ, ਪਰ ਦੁਕਾਨ ਉਤੇ ਕਸਾਈ। ਦੋ-ਕੁ ਸਾਲ ਪ੍ਰਕਾਸ਼ ਦੁਰਗਾ ਦਾਸ ਦੀ ਦੁਕਾਨ ਉਤੇ ਨਰਕ ਭੋਗਦਾ ਹੈ।

'ਤੰਜੌਂਗ ਮਾਲਮ' ਦਾ ਕਰਮਦੀਨ ਇਕ ਨੇਕ ਇਨਸਾਨ ਹੈ। ਉਹ ਦੁਕਾਨ ਉਤੇ ਪ੍ਰਕਾਸ਼ ਦੀ ਹਾਲਤ ਵੇਖਦਾ ਹੈ, ਤਾਂ ਉਸਨੂੰ ਨਾਲ ਲੈ ਜਾਂਦਾ ਹੈ। ਓਹਨਾਂ ਘਰ ਬਾਲ ਬੱਚਾ ਕੋਈ ਨਹੀਂ। ਉਹ ਦੋਵੇਂ ਜੀ—ਕਰਮਦੀਨ ਤੇ ਭੋਲੀ—ਉਸਨੂੰ ਪੁੱਤਰਾਂ ਵਾਂਗ ਪਾਲਦੇ ਹਨ, ਪਰ ਉਸਦਾ ਧਰਮ ਤਬਦੀਲ ਨਹੀਂ ਕਰਦੇ। ਸਗੋਂ ਉਸਨੂੰ ਗੁਰਦੁਆਰੇ ਵਿਚ ਗੁਰਮੁਖੀ ਪੜ੍ਹਾਉਂਦੇ ਹਨ।

ਪ੍ਰਕਾਸ਼ ਗਭਰੇਟ ਹੋ ਜਾਂਦਾ ਹੈ। ਉਸਦਾ ਮੇਲ-ਜੋਲ ਇਕ ਮੁਸਲਮਾਨ ਲੜਕੀ ਨਾਲ ਹੋ ਜਾਂਦਾ ਹੈ। ਲੜਕੀ ਦੀ ਮਾਂ ਕਹਿੰਦੀ ਹੈ, ਜੇ ਪ੍ਰਕਾਸ਼ ਮੁਸਲਮਾਨ ਹੋ ਜਾਵੇ, ਤਾਂ ਉਹ ਲੜਕੀ ਦਾ ਨਕਾਹ ਉਹਦੇ ਨਾਲ ਕਰ ਦੇਵੇਗੀ।

ਪ੍ਰਕਾਸ਼ ਕਰਮਦੀਨ ਨੂੰ ਕਹਿੰਦਾ ਹੈ, ''ਬਾਪਾ! ਤੁਸੀ ਮੈਨੂੰ ਮੁਸਲਮਾਨ ਬਣਾ ਲਵੋ।''

(ਮਲਾਈ ਬੋਲੀ ਵਿਚ ਪਿਤਾ ਨੂੰ ਬਾਪਾ ਕਹਿੰਦੇ ਹਨ।)

ਅੱਗੋਂ ਕਰਮਦੀਨ ਕਹਿੰਦਾ ਹੈ, "ਤੈਨੂੰ ਪਾਲਣ ਬਦਲੇ ਅਸੀਂ ਤੇਰਾ ਧਰਮ ਨਹੀਂ ਲੈ ਸਕਦੇ। ਤੂੰ ਜਾਂ ਪ੍ਰਕਾਸ਼ ਸਿੰਘ ਹੈ, ਜਾਂ ਪ੍ਰਕਾਸ਼ ਚੰਦ, ਪਰ ਪ੍ਰਕਾਸ਼ ਦੀਨ ਨਹੀਂ।"

ਸਮਾਂ ਪਾ ਕੇ ਭੋਲੀ ਤੇ ਕਰਮਦੀਨ ਦੋਵੇਂ ਗੁਜ਼ਰ ਜਾਂਦੇ ਹਨ। ਪ੍ਰਕਾਸ਼ ਇਕ ਵਾਰ ਫਿਰ ਇਕੱਲਾ ਹੋ ਜਾਂਦਾ ਹੈ। ਉਹ 'ਤੰਜੋਂਗ ਮਾਲਮ' ਛੱਡ ਕੇ ਕੁਆਲਾਲੰਪਰ ਚਲਾ ਜਾਂਦਾ ਹੈ। ਏਹੋ ਜੇਹਾ ਬੱਚਾ, ਜਿਸਨੂੰ ਆਪਣੇ ਨਾਨਕ ਦਾਦਕ ਦਾ ਪਤਾ ਨਾ ਹੋਵੇ, ਜਾਂ ਅੱਵਲ ਦਰਜੇ ਦਾ ਉਜੱਡ ਹੋਵੇਗਾ, ਜਾਂ ਹੱਦ ਦਰਜੇ ਦਾ ਨਰਮ ਸੁਭਾਉ ਤੇ ਨਿਮਾਣਾ। ਪ੍ਰਕਾਸ਼ ਦੂਸਰੀ ਤਰ੍ਹਾਂ ਦਾ ਬਣਦਾ ਹੈ।

ਗੁਰੂ ਮਹਾਰਾਜ ਫੁਰਮਾਉਂਦੇ ਹਨ :

"ਕਿਸੇ ਥੋੜਾ, ਕਿਸੇ ਅਗਲਾ, ਖਾਲੀ ਕੋਈ ਨਾਹਿ।"

(ਸਾਰੰਗ ਮ. ੧, ਪੰਨਾ 1238)

ਪ੍ਰਕਾਸ਼ ਵੀ ਗੁਣਾਂ ਤੋਂ ਖਾਲੀ ਨਹੀਂ। ਪ੍ਰਭੂ ਨੇ ਉਸਨੂੰ ਕਵਿਤਾ ਦਾ ਗੁਣ ਬਖਸ਼ਿਆ ਹੈ। ਇਸ ਗੁਣ ਦੇ ਆਸਰੇ ਉਹ ਸਮਾਜ ਵਿਚ ਆਪਣੀ ਥਾਂ ਬਣਾ ਲੈਂਦਾ ਹੈ। 'ਜਾਗੋ' ਤੋਂ ਸ਼ੁਰੂ ਕਰਕੇ, ਉਹ ਆਪਣੀ ਮਾਲੀ ਹਾਲਤ ਵੀ ਸੁਧਾਰ ਲੈਂਦਾ ਹੈ। ਕਵੀ ਵਜੋਂ ਉਹਦਾ ਸਾਰੇ ਮਲਾਇਆ ਵਿਚ ਨਾਮ ਹੋ ਜਾਂਦਾ ਹੈ। ਇਕ ਚੰਗੇ ਘਰ ਦੀ ਲੜਕੀ ਉਸ ਉਤੇ ਮੋਹਿਤ ਹੋ ਜਾਂਦੀ ਹੈ। ਸਵਰਨਲਤਾ ਦੇ ਮਾਪੇ ਵੀ ਉਸਦੀ ਸ਼ਾਦੀ ਪ੍ਰਕਾਸ਼ ਨਾਲ ਕਰਨੀ ਮੰਨ ਜਾਂਦੇ ਹਨ। ਪਰ ਈਰਖਾਲੂ ਕਵੀ 'ਚੰਦਨ' ਦੇ ਭਾਨੀ ਮਾਰਨ ਕਾਰਨ ਰਿਸ਼ਤਾ ਨੇਪਰੇ ਨਹੀਂ ਚੜ੍ਹਦਾ।

ਮੈਂ ਸੋਚਦਾ ਹਾਂ, 'ਕੈਦੋਂ' ਇਕ 'ਹੀਰ ਦੀ ਕਹਾਣੀ' ਵਿਚ ਹੀ ਨਹੀਂ, ਜੁੜਦੇ ਸਿਰਾਂ ਵਿਚ ਲੱਤ ਮਾਰਨ ਵਾਸਤੇ 'ਕੈਦੋਂ' ਹਰ ਥਾਂ ਮੌਜੂਦ ਹੈ। ਸੋ 'ਚੰਦਨ' ਵਾਰਸ਼ ਸ਼ਾਹ ਦਾ ਚੁਰਾਇਆ ਹੋਇਆ ਪਾਤਰ 'ਕੈਦੋਂ' ਸਮਝ ਲਵੋ।

ਨਾਨਕ-ਦਾਦਕ ਦੀ ਕਜ ਮਨੁੱਖ ਦੇ ਅੰਦਰ ਇਕ ਕਿਸਮ ਦਾ ਹੀਣਤਾ ਭਾਵ ਪੈਦਾ ਕਰ ਦੇਂਦੀ ਹੈ। ਮਾਪਿਆਂ ਵੱਲੋਂ ਇਨਕਾਰ ਕਰ ਦੇਣ ਦੇ ਬਾਵਜੂਦ ਸਵਰਨਲਤਾ ਪ੍ਰਕਾਸ਼ ਨਾਲ ਦੌੜ ਜਾਣ ਵਾਸਤੇ ਤਿਆਰ ਹੈ, ਮਗਰ ਪ੍ਰਕਾਸ਼ ਸੋਚਦਾ ਹੈ, 'ਮੇਰੇ ਦਾਦਕੇ ਕਿੱਥੇ ਹਨ? ਨਾਨਕੇ ਕਿੱਥੇ ਹਨ? ਏਸ ਕਜ ਨੇ ਮੈਨੂੰ ਸਮਾਜ ਵਿਚ ਏਨਾ ਨੀਂਵਾਂ ਕਰ ਦਿੱਤਾ ਹੈ। ਮੈਂ ਸਵਰਨਲਤਾ ਨੂੰ ਲੈ ਜਾਵਾਂ, ਤਾਂ ਸਾਡੀ ਔਲਾਦ ਆਪਣੇ ਨਾਨਕੇ ਦਾਦਕੇ ਕਿੱਥੇ ਦੱਸੇਗੀ।?' ਏਸ ਖ਼ਿਆਲ ਨੇ ਪ੍ਰਕਾਸ਼ ਨੂੰ ਪੈਰਾਂ ਤਕ ਹਿਲਾ ਦਿੱਤਾ। ਅੰਤ, ਸਵਰਨਲਤਾ ਨੂੰ ਲੈ ਨੱਸਣ ਦੀ ਥਾਂ, ਉਹ ਉਸ ਤੋਂ ਚੋਰੀ ਆਪ ਦੇਸ ਨੂੰ ਨੱਸ ਆਉਂਦਾ ਹੈ।

ਆਖਰੀ ਕਾਂਡ ਪੜ੍ਹਨ ਤੋਂ ਪਹਿਲਾਂ ਪਾਠਕ ਏਹਾ ਸਮਝਦਾ ਹੋਵੇਗਾ, ਕਿ ਪ੍ਰਕਾਸ਼ ਸਵਰਨਲਤਾ ਨੂੰ ਨਸਾ ਕੇ ਦੇਸ ਲੈ ਜਾਵੇਗਾ। ਪਰ ਮੇਰੇ ਸਾਮ੍ਹਣੇ ਰਾਮਾਇਣ ਦੀ ਕਹਾਣੀ ਸੀ। ਮੈਂ ਜੋ ਕੁਛ ਪੜ੍ਹਦਾ ਹਾਂ, ਉਸ ਉਤੇ ਹਰ ਪੱਖ ਤੋਂ ਵਿਚਾਰ ਕਰਨ ਦਾ ਯਤਨ ਕਰਦਾ ਹਾਂ। ਕੁਛ ਕੱਟੜ-ਪੰਥੀਆਂ ਦੇ ਕਹੇ 'ਤੇ ਭਗਵਾਨ ਰਾਮ ਚੰਦਰ ਜੀ ਸੀਤਾ ਨੂੰ ਦੇਸ-ਨਿਕਲਾ ਦੇ ਦੇਂਦੇ ਹਨ। ਉਸ ਸਮੇਂ ਸੀਤਾ ਰਾਮ ਜੀ ਦੀ ਅੰਸ ਦੀ ਮਾਂ ਬਣਨ ਵਾਲੀ ਸੀ। ਤਖ਼ਤ 'ਤੇ ਬੈਠਣ ਦਾ ਸਮਾਂ ਆਇਆ, ਤਾਂ ਪੰਡਤ ਨੇ ਕਿਹਾ, ਕਿ ਮਹਾਰਾਜ ਦੇ ਨਾਲ ਇਸਤਰੀ ਵੀ

ਹੋਣੀ ਚਾਹੀਦੀ ਹੈ, ਸੋ ਆਪ ਕਿਸੇ ਹੋਰ ਰਾਜਕੁਮਾਰੀ ਨਾਲ ਵਿਆਹ ਕਰਾ ਲਵੋ, ਜੋ ਆਪ ਜੀ ਦੇ ਨਾਲ ਰਾਜ-ਸਿੰਘਾਸਣ ਉਤੇ ਬੈਠੇ।

ਇਹ ਸਮਾਂ ਸੀ ਰਾਮ ਜੀ ਦੇ ਸੋਚਣ ਦਾ। 'ਮੈਂ ਵਿਆਹ ਕਰੋਂ ਲਿਆ, ਤਾਂ ਸੀਤਾ ਦੀ ਔਲਾਦ ਦਾ ਵੀ ਉਹਾ ਹਾਲ ਹੋਵੇਗਾ, ਜੋ ਮੇਰਾ ਤੇ ਸੀਤਾ ਦਾ ਕੇਕਈ ਦੇ ਕਾਰਨ ਹੋਇਆ ਸੀ।' ਇਸ ਵਿਚਾਰ ਨੇ ਰਾਮ ਚੰਦਰ ਜੀ ਨੂੰ ਦੂਸਰਾ ਵਿਆਹ ਨਹੀਂ ਕਰਨ ਦਿੱਤਾ।

ਜੋ ਵੀ ਪਹਿਲੀ ਅੰਸ ਦੇ ਹੁੰਦਿਆਂ ਦੂਸਰੀ ਸ਼ਾਦੀ ਕਰੇਗਾ, ਉਸਦੇ ਘਰ ਕੇਕੇਈ ਵਾਲਾ ਇਤਿਹਾਸ ਹਰ ਹਾਲ ਦੁਹਰਾਇਆ ਜਾਵੇਗਾ। ਇਸ ਕਾਰਨ ਮੈਂ ਪ੍ਰਕਾਸ਼ ਤੇ ਸਵਰਨਲਤਾ ਨੂੰ ਨਿਖੜਨ ਵਾਸਤੇ ਮਜਬੂਰ ਕਰ ਦਿੱਤਾ ਹੈ।

ਕੁਛ ਪਾਠਕਾਂ ਨੂੰ 'ਕਰਮਦੀਨ' ਸ਼ਾਇਦ ਕੁਛ ਬਨਾਉਟੀ ਪਾਤਰ ਜਾਪੇ। ਪਰ ਮੇਰੇ ਸਾਮ੍ਹਣੇ ਤਾਂ ਉਹ ਅੱਜ ਵੀ ਜਿਉਂਦਾ ਜਾਗਦਾ ਫਿਰ ਰਿਹਾ ਹੈ। ਮਲਾਇਆ ਵਿਚ ਸਾਡੇ ਪ੍ਰਬੰਧਕ ਕਈ ਕਈ ਦਿਨਾਂ ਦਾ ਸਾਡਾ ਪ੍ਰੋਗਰਾਮ ਅਖ਼ਬਾਰਾਂ ਜਾਂ ਇਸ਼ਤਿਹਾਰਾਂ ਰਾਹੀਂ ਪਰਗਟ ਕਰ ਦੇਂਦੇ ਸਨ। ਵੀਹ-ਵੀਹ ਮੀਲ ਤਕ ਲੋਕ ਆਪਣੀਆਂ ਕਾਰਾਂ ਉਤੇ ਸੁਣਨ ਵਾਸਤੇ ਆਇਆ ਕਰਦੇ ਸਨ। ਇਕ ਛੋਟੇ ਜੇਹੇ ਕਸਬੇ ਵਿਚ ਸਾਡਾ ਕੀਰਤਨ ਸੀ। ਦੀਵਾਨ ਸ਼ੁਰੂ ਹੋਣ ਤੋਂ ਘੰਟਾ-ਕੁ ਪਹਿਲਾਂ ਇਕ ਬੁੱਢਾ ਮੁਸਲਮਾਨ ਮੈਨੂੰ ਮਿਲਣ ਵਾਸਤੇ ਆਇਆ। ਉਮਰ ਹੋਵੇਗੀ ਸੱਠ ਸਾਲ ਦੇ ਅੰਦਰ ਬਾਹਰ। ਉਹਨੇ ਮੈਨੂੰ ਆਪਣਿਆਂ ਵਾਂਗ ਘੁੱਟ ਕੇ ਜੱਫੀ ਪਾ ਲਈ ਤੇ ਫੁੱਟ ਫੁੱਟ ਕੇ ਰੋ ਪਿਆ। ਜਰਾ-ਕੁ ਦਿਲ ਸ਼ਾਂਤ ਹੋਇਆ, ਤਾਂ ਉਹਨੇ ਕਹਿਣਾ ਸ਼ੁਰੂ ਕੀਤਾ, "ਸਰਦਾਰਾ! ਤੇਰਾ ਨਾਂ ਸੁਣਿਆਂ, ਤਾਂ ਮੈਂ ਪੰਦਰਾਂ ਮੀਲ ਤੋਂ ਤੁਰ ਕੇ ਆਇਆਂ। ਮੈਂ ਜ਼ਿਲ੍ਹਾ ਹੁਸ਼ਿਆਰਪੁਰ ਦੁਆਬੇ ਦਾ ਜੰਮ-ਪਲ ਹਾਂ। ਸਾਡਾ ਸਿੱਖਾਂ ਤੇ ਮੁਸਲਮਾਨਾਂ ਦਾ ਬੜਾ ਪਿਆਰ ਸੀ। ਪਿੱਛੋਂ ਅਸੀਂ ਇਕੋ ਵੱਡੇ ਦੀ ਔਲਾਦ ਹਾਂ। ਵਿਆਹ ਸ਼ਾਦੀਆਂ 'ਤੇ ਸਾਡਾ ਨਿਉਂਦਰਾ ਭਾਜੀ ਚਲਦਾ ਸੀ। ਸੁਣਿਆਂ ਏ, ਸੰਤਾਲੀ ਵਿਚ ਉਹ ਸਾਰੇ ਪਿਆਰ ਵੈਰ ਵਿਚ ਬਦਲ ਗਏ। ਇਕ ਦੂਜੇ ਨੇ ਮਿੱਤਰਾਂ ਦਾ ਲਹੂ ਪਾਣੀ ਵਾਂਗ ਡੋਲ੍ਹਿਆ। ਮੈਂ ਪੁੱਛਦਾਂ, ਐਸਾ ਕਿਉਂ ਹੋਇਆ?"

ਕੁਛ ਚਿਰ ਸਾਹ ਲੈ ਕੇ ਉਹਨੇ ਫਿਰ ਕਹਿਣਾ ਸ਼ੁਰੂ ਕੀਤਾ, "ਸਾਡੇ ਘਰ ਬਾਲ ਬੱਚਾ ਕੋਈ ਨਹੀਂ ਸੀ। ਪਰ ਅੱਲਾਹ ਨੇ ਸਾਨੂੰ ਦੋ ਪਾਲੇ ਪਲਾਏ ਪੁੱਤਰ ਬਖ਼ਸ਼ ਦਿੱਤੇ। ਉਹ ਸਾਡੇ ਗਵਾਂਢੀ ਸਿੱਖ ਦੇ ਪੁੱਤਰ ਹਨ। ਸਾਡਾ ਦੋਹਾਂ ਘਰਾਂ ਦਾ ਸਕੇ ਭਰਾਵਾਂ ਵਾਂਗ ਮੇਲ ਮਿਲਾਪ ਸੀ। ਉਹ ਦੋਵੇਂ ਜੀ ਛੋਟੇ ਛੋਟੇ ਦੋ ਪੁੱਤਰ ਛੱਡ ਕੇ ਮਰ ਗਏ। ਅਸਾਂ ਉਹਨਾਂ ਨੂੰ ਪੁੱਤਰਾਂ ਵਾਂਗ ਪਾਲਿਆ। ਅਸਾਂ ਉਹਨਾਂ ਦੀ ਪਾਲਣਾ ਜ਼ਰੂਰ ਕੀਤੀ, ਪਰ ਉਹਨਾਂ ਦੀਆਂ ਸੁੰਨਤਾਂ ਨਹੀਂ ਕਰਾਈਆਂ, ਨਾ ਹੀ ਮੌਲਵੀ ਤੋਂ ਕਲਮਾ ਪੜ੍ਹਾਇਆ ਹੈ। ਮੇਰੇ ਘਰੋਂ ਮਰ ਗਈ ਹੈ। ਹੁਣ ਉਹ ਦੋਵੇਂ ਗਭਰੂ ਹਨ। ਉਹ ਮੇਰੀ ਸੇਵਾ ਇਉਂ ਕਰਦੇ ਹਨ, ਜਿਵੇਂ ਉਹ ਮੇਰੇ ਢਿੱਡੋਂ ਜੰਮੇ ਪੁੱਤਰ ਹੋਣ। ਹੁਣ ਤੂੰ ਹੀ ਦੱਸ, ਕਿ ਉਹ ਮੁਸਲਮਾਨ ਹਨ, ਜਾਂ ਸਿੱਖ?"

ਉਹ ਚੰਗਾ ਇਨਸਾਨ ਅੱਜ ਵੀ ਮੇਰੀਆਂ ਅੱਖਾਂ ਸਾਮ੍ਹਣੇ ਫਿਰ ਰਿਹਾ ਹੈ। ਓਹਾ ਹੈ ਇਸ ਨਾਵਲ ਦਾ ਕਰਮਦੀਨ।

ਇਹ ਨਾਵਲ ਸਫਰਨਾਮੇ ਦੀ ਥਾਂ ਲਿਖਿਆ ਗਿਆ ਹੈ। ਇਸ ਲਈ ਜੋ ਜੋ ਥਾਂ ਮੈਂ ਮਲਾਇਆ ਤੇ ਸਿੰਘਾਪੁਰ ਵਿਚ ਵੇਖੇ ਸਨ, ਉਹ ਪਾਠਕ ਨੂੰ ਵਿਖਾ ਦਿੱਤੇ ਹਨ। ਓਥੇ ਵਸਦੇ ਮਲਾਈਆਂ ਤੇ ਚੀਨਿਆਂ ਦੀ ਸੱਭਯਤਾ ਬਾਰੇ ਵੀ ਕਿਤੇ ਕਿਤੇ ਛੋਹਾਂ ਹਨ।

12. **ਪ੍ਰੀਤ ਕਿ ਪੈਸਾ** :

ਪਹਿਲਾ ਕਾਂਡ ਹੀ ਇਸਦਾ ਮੁਖਬੰਦ ਹੈ। ਉਹ ਵਿਦਿਆਰਥੀ ਮੈਂ ਹੀ ਹਾਂ, ਜਿਸਦਾ ਪਹਿਲੇ ਕਾਂਡ ਵਿਚ ਜ਼ਿਕਰ ਹੈ।

ਕਸੂਰ ਦੇ ਬਜ਼ਾਰਾਂ ਵਿਚ ਇਕ ਨੀਮ ਪਾਗ਼ਲ ਕਦੇ ਕਦੇ ਵੇਖਿਆ ਜਾਂਦਾ ਸੀ। ਲੋਕ ਉਸਨੂੰ 'ਮਜਨੂੰ' ਕਿਹਾ ਕਰਦੇ ਸਨ। ਸਿਰ ਦਾੜ੍ਹੀ ਦੇ ਵਾਲ ਸਾਫ਼, ਤੇੜ ਡੇਢ-ਕੁ ਗਜ਼ ਦਾ ਸਾਫ਼ਾ ਤੇ ਸਰੀਰ ਸਾਰਾ ਹੱਡੀਆਂ ਦਾ ਪਿੰਜਰ। ਜਦੋਂ ਭੁੱਖ ਬਹੁਤਾ ਹੀ ਸਤਾਉਂਦੀ, ਉਹ ਬਜ਼ਾਰ ਆਉਂਦਾ। ਹਰ ਇੱਕ ਵੱਲ ਉਹ ਮੁੰਦੀਆਂ ਮੁੰਦੀਆਂ ਅੱਖਾਂ ਨਾਲ ਵੇਖਦਾ ਰਹਿੰਦਾ, ਪਰ ਮੂੰਹੋਂ ਕੁਛ ਨਾ ਬੋਲਦਾ। ਰੱਬ-ਤਰਸੀ ਕਰਕੇ ਕੋਈ ਦੋ ਫੁਲਕੇ ਦੇ ਦੇਂਦਾ, ਤਾਂ ਉਹ ਫੁਲਕੇ ਕੱਛ ਵਿਚ ਦੇ ਕੇ ਬਾਹਰ ਨੂੰ ਤੁਰ ਪੈਂਦਾ। ਕਿਸੇ ਦੇ ਸਾਮ੍ਹਣੇ ਉਹ ਕੁਛ ਨਾ ਖਾਂਦਾ। ਕਿਸੇ ਉਹਲੇ ਥਾਂ ਬਹਿ ਕੇ ਉਹ ਪੇਟ ਦੀ ਅੱਗ ਸ਼ਾਂਤ ਕਰ ਲੈਂਦਾ। ਉਹਦਾ ਟਿਕਾਣਾ ਸੀ ਸ਼ਹਿਰ ਤੋਂ ਪਹਾੜ ਦੀ ਬਾਹੀ ਦੇ ਕਬਰਸਤਾਨ। ਉਹ ਹੈ ਇਸ ਨਾਵਲ ਦਾ ਨਾਇਕ 'ਮਿਲਖੀ'। ਉਸਦਾ ਅਸਲੀ ਨਾਮ ਕੀ ਸੀ, ਮੈਂ ਨਹੀਂ ਜਾਣਦਾ।

ਜਾਣੂ ਲੋਕ ਦਸਦੇ, ਉਸਦੀ ਪਤਨੀ ਬਹੁਤ ਖ਼ੂਬਸੂਰਤ ਸੀ। ਉਸਦਾ ਰੂਪ ਹੀ ਉਸ ਦਾ ਦੁਸ਼ਮਣ ਸਿੱਧ ਹੋਇਆ। ਇਕ ਅਮੀਰ ਉਸਨੂੰ ਸਬਜ਼-ਬਾਗ਼ ਵਿਖਾ, ਕੱਢ ਕੇ ਲੈ ਗਿਆ। ਪਤਾ ਨਹੀਂ, ਉਸਦਾ ਅੰਤ ਕੀ ਹੋਇਆ, ਪਰ ਮਿਲਖੀ ਦਾ ਜੋ ਹਾਲ ਹੋਇਆ, ਸਭ ਦੇ ਸਾਮ੍ਹਣੇ ਸੀ। ਉਹ ਘਰ ਬਾਹਰ ਛੱਡ ਕੇ ਕਿਧਰੇ ਨਿਕਲ ਗਿਆ। ਕਈ ਸਾਲ ਉਸਦੀ ਕੋਈ ਉਘ-ਸੁਘ ਹੀ ਨਾ ਨਿਕਲੀ। ਪਤਾ ਨਹੀਂ, ਕਿਹੜੀ ਖਿੱਚ ਉਸਨੂੰ ਫੇਰ ਖਿੱਚ ਲਿਆਈ। ਪਰ ਵਾਪਸ ਆ ਕੇ ਉਹ ਆਪਣੇ ਘਰ ਨਹੀਂ ਗਿਆ। ਜਦ ਤਕ ਮੈਂ ਵੇਖਦਾ ਰਿਹਾ, ਉਸਦਾ ਸਿਰਹਾਣਾ ਕੋਈ ਕਬਰ ਹੀ ਹੁੰਦੀ।

ਕਹਾਣੀ ਇਉਂ ਹੈ : ਮਦਨ ਰਿਹੜੀ ਲਾ ਕੇ ਗੁਜ਼ਾਰਾ ਕਰਨ ਵਾਲਾ ਇਕ ਗ਼ਰੀਬ ਸੀ। ਪਰ ਉਹ ਘੁਲਦਾ ਵਾਹਵਾ ਸੋਹਣਾ ਸੀ। ਇਸ ਵਾਸਤੇ ਸ਼ਹਿਰ ਦੇ ਲੋਕ ਉਸਦਾ ਚੰਗਾ ਆਦਰ ਮਾਣ ਕਰਦੇ ਸਨ। ਉਹ ਕੁਵੇਲੇ ਦੀ ਮੌਤ ਮਰ ਗਿਆ। ਪਿੱਛੇ ਉਹ ਛੱਡ ਗਿਆ ਇਕ ਅੱਠ-ਕੁ ਸਾਲ ਦਾ ਪੁੱਤਰ 'ਮਿਲਖੀ' ਤੇ ਮੁਟਿਆਰ ਵਿਧਵਾ ਰਾਧੀ। ਉਹਨਾਂ ਦਾ ਆਪਣਾ ਮਕਾਨ ਵੀ ਨਹੀਂ ਸੀ। ਮਿਲਖੀ ਸਵੇਰੇ ਉਠ ਕੇ ਗਲੀਆਂ ਵਿਚ ਡਬਲ ਰੋਟੀਆਂ ਵੇਚਦਾ, ਤੇ ਫਿਰ ਪੜ੍ਹਨ ਚਲਾ ਜਾਂਦਾ, ਰਾਧੀ ਸਾਰਾ ਦਿਨ ਕੋਟ ਆਜ਼ਮ ਖਾਂ ਦੇ ਦਰਵਾਜ਼ੇ ਵਿਚ ਬੈਠੀ ਰਿਉੜੀਆਂ, ਮੁਰਮੁਰਾ ਆਦਿ ਵੇਚਦੀ ਰਹਿੰਦੀ। ਇਹ ਸੀ ਉਹਨਾਂ ਦੀ ਜ਼ਿੰਦਗੀ।

ਰੁਕਨਦੀਨ ਦੇ ਕੋਟ ਵਿਚ ਰਾਧੀ ਦੀ ਰਿਸ਼ਤੇ ਵਿਚੋਂ ਭੈਣ ਰਹਿੰਦੀ ਸੀ। ਉਸਦਾ ਮਾਲਕ 'ਰਤਨ' ਰੇੜ੍ਹੀ ਲਾ ਕੇ ਕੁਲਚੇ ਛੋਲੇ ਵੇਚਦਾ ਸੀ। ਰਤਨ ਦੀ ਵਿਧਵਾ ਭਰਜਾਈ ਦੀ ਧੀ ਸੀ ਸੱਤਿਆ। ਮਿਲਖੀ ਦੀ ਖੇਡ ਦੀ ਇਕ ਓਹਾ ਸਾਥਣ ਸੀ।

ਰੋਟੀ ਤੋਂ ਦੂਸਰੀ ਥਾਂ ਗ਼ਰੀਬ ਨੂੰ ਆਪਣੇ ਬੱਚਿਆਂ ਦੇ ਵਿਆਹ ਦੀ ਚਿੰਤਾ ਹੁੰਦੀ ਹੈ।

ਰਾਧੀ ਵੀ ਹਰ ਸਮੇਂ ਏਸੇ ਚਿੰਤਾ ਵਿਚ ਘੁਲਦੀ ਜਾਂਦੀ, ਕਿ ਕਿਵੇਂ ਮੇਰੇ ਮਿਲਖੀ ਦਾ ਵੀ ਮੰਗਣਾ ਹੋ ਜਾਵੇ।

ਮਿੰਨਤ ਤਰਲਾ ਕਰਕੇ ਰਾਧੀ ਵੀ ਆਪਣੀ ਭੈਣ ਨੂੰ ਸੱਤਿਆ ਦੇ ਰਿਸ਼ਤੇ ਵਾਸਤੇ ਮਨਾਂ ਲੈਂਦੀ ਹੈ। ਸੱਤਿਆ ਤੇ ਮਿਲਖੀ ਸ਼ੁਰੂ ਤੋਂ ਹੀ ਖੇਡ ਦੇ ਸਾਥੀ ਸਨ। ਦੋਹਾਂ ਵਿਚ ਕੁਦਰਤੀ ਪਿਆਰ ਸੀ। ਮਾਂ ਦੀਆਂ ਗੱਲਾਂ ਸੁਣ ਕੇ ਮਿਲਖੀ ਸੱਤਿਆ ਉੱਤੇ ਆਪਣਾ ਵਧੇਰੇ ਹੱਕ ਸਮਝਣ ਲੱਗ ਪਿਆ।

ਸੇਠ ਅਮੀ ਚੰਦ ਦਾ ਪੁੱਤਰ ਜੱਗੀ ਅਮੀਰਾਂ ਦਿਆਂ ਅਵਾਰਾ ਲੜਕਿਆਂ ਵਿਚੋਂ ਇਕ ਸੀ। ਉਹਦਾ ਸ਼ੁਗਲ ਸੀ ਮਹੱਲੇ ਦੀਆਂ ਗਰੀਬ ਲੜਕੀਆਂ ਦੇ ਮਗਰ ਘੁੰਮਦੇ ਰਹਿਣਾ। ਉਮਰ ਤੋਂ ਪਹਿਲਾਂ ਹੀ ਉਹਦੇ ਵਿਚ ਇਹ ਅਮੀਰਾਂ ਵਾਲਾ ਔਗੁਣ ਆ ਗਿਆ ਸੀ। ਉਹ ਸੱਤੀ ਨੂੰ ਵੀ ਆਪਣੇ ਜਾਲ ਵਿਚ ਫਸਾਉਣਾ ਚਾਹੁੰਦਾ ਸੀ। ਤੇ ਸਕੂਲ ਵਿਚ ਉਹ ਉਸ ਦੀ ਅਣਹੋਈ ਬਦਨਾਮੀ ਵੀ ਕਰਦਾ। ਇਸ ਗੱਲੋਂ ਉਹਨੂੰ ਮਿਲਖੀ ਨੇ ਇਕ ਦਿਨ ਸਕੂਲ ਦੇ ਅਹਾਤੇ ਵਿਚ ਹੀ ਮਾਰਿਆ। ਤਾਂ ਅਮੀਰ ਦੇ ਪੁੱਤਰ ਦੀ ਹਮਰਾਹ ਕਰਾਉਂਦਿਆਂ ਹੈਡ ਮਾਸਟਰ ਨੇ ਮਿਲਖੀ ਨੂੰ ਮਾਰ ਕੁੱਟ ਕੇ ਸਕੂਲੋਂ ਕੱਢ ਦਿੱਤਾ। ਮਿਲਖੀ ਦੀ ਪੜ੍ਹਾਈ ਏਥੇ ਹੀ ਖ਼ਤਮ ਹੋ ਗਈ। ਹਾਰ ਕੇ ਉਹ ਵੀ ਆਪਣੇ ਮਾਸੜ ਵਾਂਗ ਰੇਹੜੀ ਲਾਉਣ ਲੱਗ ਪਿਆ।

ਲਾਲਾ ਗਿਰਧਾਰੀ ਲਾਲ ਸ਼ਹਿਰ ਦੇ ਅਮੀਰਾਂ ਵਿਚੋਂ ਸੀ। ਉਹਨਾਂ ਦੇ ਮਕਾਨ ਵਿਚ ਹੀ ਸੱਤਿਆ ਦੇ ਮਾਂ ਪਿਉ ਕਿਰਾਏ 'ਤੇ ਰਹਿੰਦੇ ਸਨ। ਨਾਲ ਦੇ ਵਧੀਆ ਮਕਾਨ ਵਿਚ ਗਿਰਧਾਰੀ ਲਾਲ ਆਪ ਰਹਿੰਦਾ ਸੀ। ਉਸਦੀ ਲੜਕੀ ਲੀਲ੍ਹਾ ਬਹੁਤ ਖਰ੍ਹਵੇ ਸੁਭਾ ਦੀ ਸੀ। ਹੋਰ ਕੋਈ ਸਹੇਲੀ ਉਹ ਬਣਾਂ ਨਾ ਸਕੀ। ਸੋ ਉਹ ਆਪਣੀ ਖੇਡ ਦੀ ਭੁੱਖ ਸੱਤਿਆ ਨਾਲ ਪੂਰੀ ਕਰਦੀ। ਸੱਤਿਆ ਦੇ ਭੋਲੇ ਦਿਲ 'ਤੇ ਇਸਦਾ ਇਹ ਅਸਰ ਪਿਆ, ਕਿ ਉਹਦੇ ਅੰਦਰ ਚੰਗੇ ਕੀਮਤੀ ਕੱਪੜੇ ਪਹਿਨਣ ਦੀ ਚਾਹ ਪੈਦਾ ਹੋ ਗਈ।

ਅੰਤ ਮਿਲਖੀ ਤੇ ਸੱਤਿਆ ਦਾ ਵਿਆਹ ਹੋ ਗਿਆ। ਰਾਧੀ ਨੇ ਸੱਤਿਆ ਦੇ ਬਹੁਤ ਚਾਂ-ਮਲ੍ਹਾਰ ਕੀਤੇ। ਪਰ ਸੱਤਿਆ ਨੂੰ ਮਨ-ਪਸੰਦ ਕੱਪੜੇ ਉਹ ਨਾ ਦੇ ਸੱਕੀ।

ਮਿਲਖੀ ਵੀ ਸੱਤਿਆ ਨੂੰ ਸੱਚੇ ਦਿਲੋਂ ਪਿਆਰ ਕਰਦਾ। ਪਰ ਗ਼ਰੀਬੀ ਦੇ ਕਾਰਨ ਉਹ ਸੱਤਿਆ ਨੂੰ ਓਹੋ ਜੇਹੀ ਇਕ ਵੀ ਸਾੜ੍ਹੀ ਨਾ ਦੇ ਸੱਕਿਆ, ਜੇਹੋ ਜਿਹੀਆਂ ਲੀਲ੍ਹਾ ਨਵੇਂ ਸੂਰਜ ਨਵੀਂ ਤੋਂ ਨਵੀਂ ਪਹਿਨਦੀ ਸੀ।

ਗ਼ਰੀਬੀ ਬਹੁਤ ਦੁਖਦਾਈ ਹੈ, ਜ਼ਿੰਦਗੀ ਦਾ ਨਰਕ। ਪਰ ਅਮੀਰ ਦਾ ਨੇੜ ਇਸਨੂੰ ਅਸਲੋਂ ਅਸਹਿ ਬਣਾਂ ਦੇਂਦਾ ਹੈ।

ਏਹਾ ਭੁੱਖ ਇਕ ਦਿਨ ਸੱਤਿਆ ਦੀ ਤਬਾਹੀ ਦਾ ਕਾਰਨ ਬਣੀ।

ਰਾਧੀ ਇਕ ਸਤੀ ਵਿਧਵਾ ਸੀ। ਅਣਪੁੱਜੀਆਂ ਰੀਝਾਂ ਦੀ ਅੱਗ ਉਹਨੂੰ ਅੰਦਰੇ ਅੰਦਰ ਖ਼ਤਮ ਕਰ ਗਈ। ਉਹ ਨੌਂਹ ਪੁੱਤ ਨੂੰ ਪਿਆਰ ਕਰਦਿਆਂ ਵੇਖਦੀ, ਤਾਂ ਉਹਨੂੰ ਆਪਣੇ ਦਿਨ ਯਾਦ ਆ ਜਾਂਦੇ। ਇਹ ਰੋਗ ਅੰਦਰੇ ਅੰਦਰ ਉਹਨੂੰ ਘੁਣ ਵਾਂਗ ਖਾ ਗਿਆ। ਉਹਨੂੰ ਫਿੱਟ ਪੈਣ ਲੱਗ ਪਏ। ਉਹ ਚੰਗੀ ਭਲੀ ਬੈਠੀ ਬੈਠੀ ਬੇਹੋਸ਼ ਹੋ ਕੇ ਡਿਗ ਪੈਂਦੀ। ਏਸੇ ਹਾਲਤ ਵਿਚ ਉਹ ਆਪਣੀ ਜੀਵਨ-ਯਾਤਰਾ ਸਮਾਪਤ ਕਰ ਗਈ।

ਸੱਤਿਆ ਕੋਲੋਂ ਇਕ ਚੰਗਾ ਹਮਦਰਦ ਤੁਰ ਗਿਆ। ਮਿਲਖੀ ਸਾਰਾ ਦਿਨ ਬਾਜ਼ਾਰ

ਵਿਚ ਰਿਹੜੀ 'ਤੇ ਗੁਜ਼ਾਰਦਾ ਤੇ ਸੱਤਿਆ ਸਾਰਾ ਦਿਨ ਘਰ ਇਕੱਲੀ ਪਾਟੇ ਲੀੜਿਆਂ ਦੇ ਲੰਗਾਰ ਭਰਦੀ ਰਹਿੰਦੀ।

ਜੱਗੀ ਇਕ ਜ਼ਿਦ ਪੈ ਗਿਆ ਸੀ, ਕਿ ਮਿਲਖੀ ਤੇ ਸੱਤਿਆ ਦੀ ਆਕੜ ਜ਼ਰੂਰ ਭੰਨਣੀ ਹੈ। ਇਕ ਵਿਚੋਲਣ ਰਾਹੀਂ ਖੜ-ਯੰਤਰ ਰਚ ਕੇ ਉਹ ਸੱਤਿਆ ਨੂੰ ਕਢ ਕੇ ਲੈ ਗਿਆ। ਪਿੱਛੋਂ ਮਿਲਖੀ ਉਸਦੇ ਵੈਰਾਗ ਵਿਚ ਪਾਗਲ ਹੋ ਗਿਆ। ਉਸਦੀ ਓਹਾ ਹਾਲਤ ਹੋ ਗਈ, ਜੋ ਅਸੀਂ ਪਿੱਛੇ 'ਮਜਨੂੰ' ਦੀ ਦੱਸ ਆਏ ਹਾਂ।

ਮਿਲਖੀ ਘਰੋਂ ਕਿਧਰੇ ਨਿਕਲ ਗਿਆ। ਕੁਛ ਸਮੇਂ ਵਿਚ ਜੱਗੀ ਦਾ ਨਸ਼ਾ ਵੀ ਉਤਰ ਗਿਆ, ਤਾਂ ਉਹ ਸੱਤਿਆ ਨੂੰ ਵਾਪਸ ਕਸੂਰ ਲੈ ਆਇਆ। ਏਥੇ ਸੱਤਿਆ ਜੱਗੀ ਦੀਆਂ ਪਹਿਲੀਆਂ ਦੋ ਪਤਨੀਆਂ ਵਾਂਗ ਮਹਿਲਾਂ ਦੀ ਕੈਦਣ ਸੀ।

ਕੁਛ ਸਮੇਂ ਪਿਛੋਂ ਮਿਲਖੀ ਵੀ ਵਾਪਸ ਕਸੂਰ ਆ ਗਿਆ ਤੇ ਅੰਤ......

(ਇਹ ਨਾਵਲ 'ਹਿੰਦ ਪਾਕਟ ਬੁਕਸ' ਦਿੱਲੀ ਨੇ ਪਾਕਟ ਰੂਪ ਵਿਚ ਹਿੰਦੀ ਵਿਚ ਵੀ ਛਾਪਿਆ ਸੀ।)

13. ਰੂਤਾਂ ਵਾਲਾ ਖੂਹ

ਸ. ਨਾਨਕ ਸਿੰਘ ਹੋਰਾਂ ਵਾਸਤੇ ਮੇਰੇ ਦਿਲ ਵਿਚ ਸੱਚੀ ਸ਼ਰਧਾ ਹੈ। ਉਮਰ ਵਿਚ ਉਹ ਮੇਰੇ ਨਾਲੋਂ ਪੰਦਰਾਂ ਸਾਲ ਵੱਡੇ ਸਨ। ਜਦ ਵੀ ਮੈਂ ਅੰਮ੍ਰਿਤਸਰ ਆਉਂਦਾ, ਉਹਨਾਂ ਨੂੰ ਮਿਲ ਕੇ ਜਾਂਦਾ। ਉਹ ਬਹੁਤ ਮਿਲਨਸਾਰ ਸਨ। ਮੈਂ ਉਹਨਾਂ ਦੇ ਸਾਰੇ ਨਾਵਲ ਪੜ੍ਹੇ ਹਨ। ਮੇਰੀ ਨਜ਼ਰ ਵਿਚ ਉਹ ਮੌਲਕ ਪੰਜਾਬੀ ਨਾਵਲ ਦੇ ਪਿਤਾਮਾ ਹਨ।

ਉਹਨਾਂ ਦਾ ਨਾਵਲ ਛਪਿਆ 'ਇਕ ਮਿਆਨ ਦੋ ਤਲਵਾਰਾਂ'। ਉਸ ਵਿਚ 'ਗ਼ਦਰ ਲਹਿਰ' ਦੀ ਕਹਾਣੀ ਹੈ। ਉਸ ਲਹਿਰ ਬਾਰੇ ਸ਼ਾਇਦ ਉਹ ਪਹਿਲਾ ਨਾਵਲ ਹੈ। ਉਹ ਮੈਂ ਬੜੇ ਧਿਆਨ ਨਾਲ ਪੜ੍ਹਿਆ। ਉਸ ਵਿਚ ਮੈਨੂੰ ਦੋ ਗੱਲਾਂ ਬੁਰੀ ਤਰ੍ਹਾਂ ਰੜਕੀਆਂ। ਮੈਂ ਉਹਨਾਂ ਨੂੰ ਮਿਲਣ ਗਿਆ। ਗੱਲਾਂ ਗੱਲਾਂ ਵਿਚ ਉਹਨਾਂ ਪੁਛਿਆ, ''ਸੁਣਾਉ ! ਨਵਾਂ ਨਾਵਲ ਤੁਹਾਨੂੰ ਕੇਹੋ ਜੇਹਾ ਲੱਗਾ।''

ਮੈਂ ਸ਼ਰਧਾ ਨਾਲ ਉਤਰ ਦਿੱਤਾ, ''ਭਲਾ ਤੁਹਾਡੀ ਕਿਹੜੀ ਰਚਨਾਂ ਮੈਨੂੰ ਚੰਗੀ ਨਹੀਂ ਲਗੇਗੀ। ਬੜਾ ਸ਼ਲਾਘਾਯੋਗ ਉੱਦਮ ਹੈ। ਪਰ ਮੈਂ ਲੁਕਾਉਂਦਾ ਨਹੀਂ। ਇਸ ਵਿਚ ਮੈਨੂੰ ਦੋ ਗੱਲਾਂ ਕੁਛ ਰੜਕੀਆਂ ਹਨ। ਆਪ ਨੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ, ਕਿ ਉਹਨਾਂ ਹਥਿਆਰਾਂ ਤੋਂ ਕੰਮ ਲੈਣ ਦਾ ਯਤਨ ਕੀਤਾ ਸੀ, ਇਸ ਵਾਸਤੇ ਗ਼ਦਰ ਲਹਿਰ ਫ਼ਿਹਲ ਹੋਈ। ਇਸ ਬਾਰੇ ਮੈਂ ਵਧੇਰੇ ਕੁਛ ਨਹੀਂ ਕਹਿੰਦਾ। ਆਪ 'ਗਾਂਧੀਵਾਦੀ' ਹੋ। ਪਰ ਮੈਂ ਇਤਿਹਾਸ ਦਾ ਵਿੱਦਿਆਰਥੀ ਹਾਂ। ਸੰਸਾਰ ਵਿਚ ਸਭ ਤੋਂ ਪਹਿਲਾਂ ਫ਼ਰਾਂਸ ਵਿਚ ਇਨਕਲਾਬ ਆਇਆ। ਓਥੇ ਸਭ ਕੁਛ ਹਥਿਆਰਾਂ ਨਾਲ ਹੀ ਹੋਇਆ। ਪਰ ਥੋੜੇ ਸਮੇਂ ਵਿਚ ਹੀ ਲੋਕਾਂ ਦੇ ਉਹ ਜਜ਼ਬਾਤ ਠੰਢੇ ਹੋ ਗਏ, ਤੇ ਨੈਪੋਲੀਅਨ ਨੇ ਫਿਰ ਆਪਣੀ ਬਾਦਸ਼ਾਹਤ ਕਾਇਮ ਕਰ ਲਈ। ਫਿਰ ਸਾਡੀ ਆਪਣੀ ਕਹਾਣੀ ਵੀ ਏਹਾ ਦਸਦੀ ਹੈ। ਸਾਡੇ ਬਜ਼ੁਰਗ ਮੁਗ਼ਲ ਹਕੂਮਤ ਦੇ ਖਿਲਾਫ਼ ਹਥਿਆਰਾਂ ਨਾਲ ਹੀ ਸਫਲ ਹੋਏ। ਅਜੇ ਕੱਲ੍ਹ ਦੀ ਗੱਲ ਹੈ, ਰੂਸ ਵਿਚ ਵੀ ਇਨਕਲਾਬ ਹਥਿਆਰਾਂ ਨਾਲ ਹੀ ਸਫਲ ਹੋਇਆ ਹੈ। ਗ਼ਦਰ ਲਹਿਰ ਦੇ ਸਫਲ ਨਾ ਹੋਣ ਦਾ ਕਾਰਨ ਅਸਲ ਇਹ ਸੀ, ਕਿ ਉਸ ਸਮੇਂ ਭਾਰਤੀ

ਅਜੇ ਜਾਗੇ ਨਹੀਂ ਸਨ। ਆਮ ਜਨਤਾ ਨੇ ਉਹਨਾਂ ਦਾ ਸਾਥ ਨਹੀਂ ਸੀ ਦਿਤਾ। ਪਰ ਇਸ ਨਾਲੋਂ ਵਧੇਰੇ ਰੜਕਣ ਵਾਲੀ ਗੱਲ ਹੈ ਕਰਤਾਰ ਸਿੰਘ ਤੇ ਸੋਢੀਆਂ ਦੀ ਕੁੜੀ ਦਾ ਪਿਆਰ (ਰੋਮਾਂਸ, ਇਸ਼ਕ) ਦਾ ਨਾਟਕ। ਛੋਟੀ ਉਮਰ ਤੋਂ ਹੀ ਕਰਤਾਰ ਸਿੰਘ ਅਮਰੀਕਾ ਰਹਿੰਦੇ ਸਮੇਂ ਗਦਰ ਲਹਿਰ ਵਿਚ ਸ਼ਾਮਲ ਹੋ ਜਾਂਦਾ ਹੈ। ਏਧਰ ਆਉਂਦਾ ਹੈ, ਤਾਂ ਰਾਤ ਦਿਨ ਸਿਰ ਧੜ ਦੀ ਲਾ ਕੇ ਅੰਗਰੇਜ਼ਾਂ ਵਿਰੁਧ ਗਦਰ ਕਰਾਉਣ ਦੇ ਕੰਮ ਵਿਚ ਜੁਟਿਆ ਰਹਿੰਦਾ ਹੈ। ਤੇ ਉੱਨੀ-ਵੀਹ ਸਾਲ ਦੀ ਉਮਰ ਵਿਚ ਉਹ ਸ਼ਹੀਦ ਹੋ ਜਾਂਦਾ ਹੈ। ਏਹੋ ਜੇਹੀ ਲਗਨ ਵਾਲੇ ਗੱਭਰੂ ਨੂੰ ਕਿਸੇ ਕੁੜੀ ਦਾ ਪਿਆਰ ਕਿਵੇਂ ਮੋਹ ਸਕਦਾ ਹੈ। ਇਹ ਗੱਲ ਕੁਛ ਜਚੀ ਨਹੀਂ।'

ਹੋਰ ਕੋਈ ਸੱਜਣ ਹੁੰਦਾ, ਤਾਂ ਸ਼ਾਇਦ ਏਸ ਟੀਕਾ-ਟਿਪਣੀ ਤੇ ਨਾਰਾਜ਼ ਹੋ ਜਾਂਦਾ। ਪਰ ਸ. ਨਾਨਕ ਸਿੰਘ ਨੇ ਅੱਗੋਂ ਹਸਦਿਆਂ ਹਸਦਿਆਂ ਉਤਰ ਦਿੱਤਾ, "ਭਾਪਾ ! ਮੈਂ ਨਾਵਲ ਵੇਚਣਾ ਵੀ ਹੈ, ਜਾਂ ਨਹੀਂ। ਕੋਈ ਪ੍ਰੇਮ ਪਿਆਰ ਦੀ ਗੱਲ ਨਹੀਂ ਕਰਾਂਗਾ, ਤਾਂ ਨਾਵਲ ਪੜ੍ਹੇਗਾ ਕੌਣ ?"

ਕਈ ਦਿਨ ਮੈਂ ਇਸ ਗੱਲ 'ਤੇ ਵਿਚਾਰ ਕਰਦਾ ਰਿਹਾ, "ਕੀ ਨਾਵਲ ਵਾਸਤੇ ਬੇਲੋੜਾ ਰੋਮਾਂਸ ਜ਼ਰੂਰੀ ਹੈ ? ਤਜਰਬਾ ਕਰਨਾ ਚਾਹੀਦਾ ਹੈ, ਕਿ ਪੱਛਮੀ ਢੰਗ ਦੇ ਰੋਮਾਂਸ ਤੋਂ ਬਿਨਾਂ ਵੀ ਨਾਵਲ ਸਫਲ ਹੋ ਸਕਦਾ ਹੈ, ਜਾਂ ਨਹੀਂ।" ਸੋ 'ਤੂਤਾਂ ਵਾਲਾ ਖੂਹ' ਮੇਰਾ ਇਕ ਤਜਰਬਾ ਹੈ। ਤੇ ਮੈਂ ਸਮਝਦਾ ਹਾਂ, ਇਸ ਪੱਖੋਂ ਇਹ ਇਕ ਸਫਲ ਨਾਵਲ ਹੈ। ਸੱਜਣ ਸਿੰਘ ਤੇ ਭਜਨ ਕੌਰ ਦੇ ਵਿਆਹਤਾ ਪਿਆਰ ਨੂੰ ਪੱਛਮੀ ਢੰਗ ਦਾ ਰੋਮਾਂਸ ਨਹੀਂ ਕਿਹਾ ਜਾ ਸਕਦਾ।

ਚੋਖਾ ਸਮਾਂ ਮੈਂ ਇਸ ਨਾਵਲ ਬਾਰੇ ਸੋਚਦਾ ਰਿਹਾ। ਜਦ ਮੇਰੇ ਦਿਮਾਗ਼ ਵਿਚ ਕਹਾਣੀ ਦੇ ਸਾਰੇ ਪਹਿਲੂ ਸਾਫ਼ ਹੋ ਗਏ, ਤਾਂ ਮੈਂ ਕੁਛ ਨੁਕਤੇ ਨਿਸਚਿਤ ਕਰ ਲਏ, ਜਿੰਨ੍ਹਾਂ ਦੀ ਵਿਆਖਿਆ ਮੈਂ ਕਰਨੀ ਸੀ। ਮਿਸਾਲ ਵਜੋਂ : ਇਕ ਵਿਆਜੜੀਆ ਸ਼ਾਹੂਕਾਰ ਗ਼ਰੀਬ ਕਿਸਾਨ ਜਾਂ ਛੋਟੇ ਜ਼ਿਮੀਦਾਰ ਨੂੰ ਕਿਵੇਂ ਤਬਾਹ ਕਰਦਾ ਹੈ। ਉਸ ਦਾ ਮਿੱਤਰ ਬਣ ਕੇ ਉਸ ਨੂੰ ਕਰਜ਼ੇ ਦੇ ਜਾਲ ਵਿਚ ਫਸਾਉਂਦਾ ਹੈ। ਫਿਰ ਸੂਦ ਦਰ ਸੂਦ ਲਾ ਕੇ ਰਕਮ ਵਧਾਉਂਦਾ ਹੈ। ਉਸਦਾ ਨਿਸ਼ਾਨਾ ਹੈ ਸਾਮੀ ਦੀ ਜਾਇਦਾਦ ਹੜਪਣਾ। ਲੋੜ ਪੈਣ 'ਤੇ ਉਹ ਮਜ਼੍ਹਬੀ ਫ਼ਸਾਦ ਵੀ ਕਰਾਉਂਦਾ ਹੈ, ਤਾਂ ਕਿ ਉਸ ਦੀਆਂ ਸਾਮੀਆਂ ਵਿਚ ਮੁਕੱਦਮੇ-ਬਾਜ਼ੀ ਹੋਵੇ ਤੇ ਉਹ ਉਸ ਤੋਂ ਸਖ਼ਤ ਸ਼ਰਤਾਂ ਉਤੇ ਕਰਜ਼ਾ ਲੈਣ ਵਾਸਤੇ ਮਜਬੂਰ ਹੋ ਜਾਣ। ਧੰਨੋ ਸ਼ਾਹ ਇਸ ਕਿਸਮ ਦਾ ਜਿਉਂਦਾ ਜਾਗਦਾ ਪਾਤਰ ਹੈ। ਕਹਾਣੀ ਦਾ ਧੁਰਾ ਵੀ ਓਹਾ ਹੈ।

1615 (ਗ਼ਦਰ ਲਹਿਰ) ਤੋਂ ਲੈ ਕੇ 1947 ਤਕ ਸਰਕਾਰ ਅੰਗਰੇਜ਼ੀ ਦੇ ਵਿਰੁੱਧ ਜਿੰਨੀਆਂ ਵੀ ਪੁਲੀਟੀਕਲ ਲਹਿਰਾਂ ਚੱਲੀਆਂ ਹਨ, ਉਹਨਾਂ ਦਾ ਇਤਿਹਾਸ ਤੇ ਫਿਰ ਆਮ ਜਨਤਾ ਉਤੇ ਉਹਨਾਂ ਦਾ ਕੀ ਅਸਰ ਪਿਆ।

ਮੇਰਾ ਨਿਸਚਾ ਹੈ, ਕਿ ਜਿਸਨੂੰ ਪੇਂਡੂ ਵਸੋਂ ਦੀ ਹਮਦਰਦੀ ਹਾਸਲ ਨਾ ਹੋਵੇ, ਉਹ ਲਹਿਰ ਕਦੇ ਸਫਲ ਨਹੀਂ ਹੁੰਦੀ।

ਹੋਰ ਕੁਛ ਛੋਟੇ ਛੋਟੇ ਨੁਕਤੇ ਹਨ :

ਇਕ ਪਤਨੀ ਤੇ ਛੋਟਾ ਪਰਵਾਰ ਸੁਖੀ ਜੀਵਨ ਵਾਸਤੇ ਜ਼ਰੂਰੀ ਹੈ।

ਇਕ ਤੋਂ ਵਧ ਪਤਨੀਆਂ ਤੇ ਬਹੁਤਾ ਪਰਵਾਰ ਜ਼ਿੰਦਗੀ ਦਾ ਨਰਕ ਹੈ।

ਥੋੜੀ ਆਮਦਨ ਵਾਲੇ ਵਾਸਤੇ ਕਰਜ਼ਾ ਇਕ ਜਿੱਲ੍ਹਣ ਹੈ, ਜਿਸ ਵਿਚ ਇਕ ਵਾਰ ਫਸਿਆ ਉਹ ਨਿਕਲ ਨਹੀਂ ਸਕਦਾ।

ਫ਼ਿਰਕੂ ਫ਼ਸਾਦ ਹੁੰਦੇ ਨਹੀਂ, ਚਲਾਕ ਤੇ ਖ਼ੁਦਗਰਜ਼ ਲੋਕਾਂ ਵੱਲੋਂ ਗਿਣ ਮਿਥ ਕੇ ਕਰਾਏ ਜਾਂਦੇ ਹਨ।

ਗ਼ਦਰ ਲਹਿਰ ਤੇ ਅਕਾਲੀ ਲਹਿਰ ਨੇ ਪਿੱਛੇ ਕੁਛ ਪ੍ਰਸਿੱਧ ਧਾਰਮਿਕ ਸ਼ਖ਼ਸੀਅਤਾਂ ਛੱਡੀਆਂ ਹਨ। ਬਾਕੀ ਲਹਿਰਾਂ ਨੇ ਪੁਲੀਟੀਕਲ ਸ਼ਖ਼ਸੀਅਤਾਂ ਸਥਾਪਤ ਕੀਤੀਆਂ ਹਨ, ਪਰ ਬੇਗਰਜ਼ ਧਾਰਮਿਕ ਸ਼ਖ਼ਸੀਅਤਾਂ ਨਹੀਂ।"

ਪੁਲੀਟੀਕਲ ਲਹਿਰਾਂ ਦੇ ਹਾਲਾਤ ਲਿਖਣ ਲਗਿਆਂ ਮੈਂ ਪਹਿਲਾਂ ਉਹਨਾਂ ਦੇ ਇਤਿਹਾਸ ਦਾ ਪੂਰੀ ਤਰ੍ਹਾਂ ਅਧਿਐਨ ਕੀਤਾ ਹੈ।

ਸਰਕਾਰ ਅੰਗਰੇਜ਼ੀ ਦੇ ਖ਼ਿਲਾਫ਼ ਜਿੰਨੇ ਵੀ ਸ਼ਾਂਤਮਈ ਮੋਰਚੇ ਲੱਗੇ ਹਨ, ਉਹਨਾਂ ਵਿਚੋਂ ਸਿਰਫ਼ 'ਅਕਾਲੀ ਮੋਰਚਾ' ਸਫਲ ਹੋਇਆ ਹੈ।

ਪਾਤਰਾਂ ਬਾਰੇ : ਢਾਡੀ ਹੋਣ ਦੇ ਨਾਤੇ, ਮੇਰਾ ਏਨੇ ਲੋਕਾਂ ਨਾਲ ਵਾਹ ਪਿਆ ਹੈ, ਕਿ ਮੈਨੂੰ ਮਨ-ਚਾਹਿਆ ਪਾਤਰ ਘੜਨ ਦੀ ਲੋੜ ਨਹੀਂ ਪੈਂਦੀ। ਕਿਸੇ ਵੇਖੇ ਡਿੱਠੇ ਪਾਤਰ ਦਾ ਨਾਮ ਬਦਲ ਕੇ, ਮੈਂ ਉਸ ਤੋਂ ਕੰਮ ਲੈ ਲੈਂਦਾ ਹਾਂ। ਉਸਦਾ ਸੁਭਾਉ ਚਿਤਰਣ ਵਿਚ ਮੈਨੂੰ ਕੋਈ ਔਕੜ ਪੇਸ਼ ਨਹੀਂ ਆਉਂਦੀ।

ਸੱਜਣ ਸਿੰਘ, ਦੀਪਾ, ਚੰਦਾ ਸਿੰਘ, ਇਲਮਦੀਨ, ਗਹਿਣਾ ਲੁਹਾਰ, ਤੁਹਾਨੂੰ ਅੱਜ ਵੀ ਪਿੰਡਾਂ ਵਿਚ ਮਿਲ ਜਾਣਗੇ। ਭਜਨ ਕੌਰ, ਜੈਨਾ, ਫ਼ਤਹਿ ਬੀਬੀ ਵੀ ਕੋਈ ਅਨੋਖੇ ਪਾਤਰ ਨਹੀਂ। ਮਜ਼੍ਹਬ ਦੇ ਨਾਮ ਉਤੇ ਭੜਕਾਉਣ ਵਾਲੇ ਅੱਜ ਵੀ ਮੌਜੂਦ ਹਨ। ਸਭ ਤੋਂ ਅਨੋਖਾ ਪਾਤਰ ਹੈ 'ਬਾਬਾ ਅਕਾਲੀ'। ਛੂਹ-ਮੰਤਰ ਦੀ ਡਾਲੀ ਨਾਲ ਏਹੋ ਜੇਹੇ ਪਾਤਰ ਨਹੀਂ ਘੜੇ ਜਾ ਸਕਦੇ। ਕਹਾਣੀ ਦੀ ਬਣਤਰ ਵਾਸਤੇ ਇਕ ਅਜੇਹੇ ਪਾਤਰ ਦੀ ਲੋੜ ਸੀ, ਜੋ ਦੋ ਸੱਖਣੇ ਹੱਥ ਖੜੇ ਕਰੇ, ਤਾਂ ਹਜ਼ਾਰਾਂ ਬਰਛੇ, ਭਾਲੇ, ਤੇ ਤਲਵਾਰਾਂ ਉਸਦੇ ਸਾਮ੍ਹਣੇ ਝੁਕ ਜਾਣ। ਇਕ ਦੂਜੇ ਦੇ ਲਹੂ ਵਿਚ ਹੋਲੀ ਖੇਡਣ ਵਾਲੇ ਮਜ਼੍ਹਬੀ ਜਨੂੰਨੀ, ਉਹਦੀ ਝਿੜਕ ਸੁਣ ਕੇ ਸਿਰ ਝੁਕਾ ਕੇ ਆਪੋ ਆਪਣੇ ਰਾਹ ਪੈ ਜਾਣ। ਇਸ ਲਈ ਇਸ ਪਾਤਰ ਦੀ ਉਸਾਰੀ ਪੱਕੀਆਂ ਨੀਹਾਂ 'ਤੇ ਕਰਨੀ ਪਈ ਹੈ। ਤਾਂ ਕਿ ਇਹ ਬਨਾਉਟੀ ਨਾ ਜਾਪੇ।

ਕਈ ਸੱਜਣ ਸਵਾਲ ਕਰਦੇ ਹਨ, 'ਕੀ ਬਾਬਾ ਅਕਾਲੀ ਵੀ ਜਿਉਂਦਾ ਜਾਗਦਾ ਪਾਤਰ ਹੈ ? ਤੇ ਤੂੰ ਉਹ ਵੇਖਿਆ ਹੈ ?' ਮੇਰਾ ਜਵਾਬ ਹੈ। 'ਹਾਂ' ਪਰ ਇਹ ਕਈ ਪਾਤਰਾਂ ਦਾ ਸੁਮੇਲ (ਮਿਸ਼ਰਣ) ਹੈ। ਉਹਨਾਂ ਵਿਚੋਂ ਇਕ ਦਾ ਜ਼ਿਕਰ ਕਰਦਾ ਹਾਂ।

ਕਸੂਰ ਵਿਚ ਬਾਬਾ ਸੰਤ ਸਿੰਘ ਜੀ ਇਕ ਗੁਰਮੁਖ ਸਿੱਖ ਸਨ। ਗੁਰਦੁਆਰੇ ਵਿਚ ਗੁਰਬਾਣੀ ਦਾ ਪਰਚਾਰ ਕਰਨਾ ਉਹਨਾਂ ਦੀ ਲਗਨ ਸੀ। ਸੰਗਤਾਂ ਉਤੇ ਉਹਨਾਂ ਦੇ ਸ਼ਬਦਾਂ ਦਾ ਬੜਾ ਪ੍ਰਭਾਵ ਪੈਂਦਾ ਸੀ। ਉਹ ਸੱਚੇ ਸੁਚੇ ਕਿਰਤੀ ਸਿੱਖ ਸਨ। ਛੋਟੀ ਜੇਹੀ ਦੁਕਾਨ ਸੀ ਕਾਪੀਆਂ ਕਿਤਾਬਾਂ ਦੀ। ਮੈਂ ਕਈ ਵਾਰ ਦੁਕਾਨ 'ਤੇ ਬੈਠਿਆਂ ਉਹਨਾਂ ਨੂੰ ਆਪ ਕਿਤਾਬਾਂ ਦੀਆਂ ਜਿਲਦਾਂ ਬੰਨ੍ਹਦਿਆਂ ਵੇਖਿਆ ਸੀ। ਬੜਾ ਸਾਧਾਰਨ ਗੁਜ਼ਾਰਾ ਸੀ। ਅਕਾਲੀ ਲਹਿਰ

ਸਮੇਂ ਲੈਕਚਰ ਦੇਣ ਦੇ 'ਦੋਸ਼' ਵਿਚ ਉਹਨਾਂ ਤਿੰਨ ਵਾਰ ਕੈਦ ਕੱਟੀ ਸੀ।

ਦੇਸ਼ ਦੀ ਵੰਡ ਪਿੱਛੋਂ ਉਹ ਦਿੱਲੀ ਚਲੇ ਗਏ। ਉਹਨਾਂ ਦਾ ਇਕੋ ਪੁੱਤਰ ਮੇਰਾ ਹਾਣੀ ਹੈ। ਇਸ ਦੇਸ ਵਿਚ ਬੇਈਮਾਨੀ ਤੋਂ ਬਿਨਾਂ ਸਫਲਤਾ ਕਿਸੇ ਭਾਗਾਂ ਵਾਲੇ ਨੂੰ ਹੀ ਮਿਲਦੀ ਹੈ। ਉਹ ਵੀ ਸਫਲ ਨਾ ਹੋਏ। ਛੋਟੇ ਜੇਹੇ ਸਿੱਦਕੀ ਪਰਵਾਰ ਵਾਸਤੇ ਰੋਟੀ ਕਪੜੇ ਦੀ ਵੀ ਚਿੰਤਾ ਪੈਦਾ ਹੋ ਗਈ। ਗਰੀਬੀ ਤੋਂ ਤੰਗ ਆ ਕੇ ਇਕ ਦਿਨ ਉਹਨਾਂ ਦੇ ਪੁੱਤਰ ਨੇ ਬੇਨਤੀ ਕੀਤੀ, "ਪਿਤਾ ਜੀ। ਅਕਾਲੀ ਲਹਿਰ ਵਿਚ ਕੈਦ ਕੱਟਣ ਵਾਲਿਆਂ ਨੂੰ ਸਰਕਾਰ ਪੈਨਸ਼ਨ ਦੇਂਦੀ ਹੈ। ਆਪ ਵੀ ਦਰਖਾਸਤ ਕਰ ਦਿਹੋ, ਤਾਂ ਪਰਵਾਰ ਦੀ ਹਾਲਤ ਕੁਛ ਸੁਧਰ ਜਾਏਗੀ।"

ਦੋ-ਚਾਰ ਮਿੰਟ ਸੋਚਣ ਪਿੱਛੋਂ ਬਾਬਾ ਸੰਤ ਸਿੰਘ ਜੀ ਨੇ ਉੱਤਰ ਦਿੱਤਾ, "ਪੁੱਤਰ। ਇਸ ਵੇਲੇ ਮੈਂ ਅੱਠੀਂ ਪੈਹਰੀਂ ਦੋ ਫੁਲਕੇ ਛਕਦਾ ਹਾਂ। ਹੁਣ ਮੈਂ ਇਕ ਫੁਲਕੇ ਨਾਲ ਗੁਜ਼ਾਰਾ ਕਰ ਲਿਆ ਕਰਾਂਗਾ। ਪਰ ਮੈਂ ਆਪਣੀ ਕੁਰਬਾਨੀ ਨਹੀਂ ਵੇਚ ਸਕਦਾ। ਮੈਂ ਜੋ ਕੁਛ ਵੀ ਕੀਤਾ ਸੀ, ਧਰਮ ਹਿਤ ਕੀਤਾ ਸੀ। ਕੁਰਬਾਨੀ ਵੇਚਣੀ ਧਰਮ ਵੇਚਣ ਦੇ ਬਰਾਬਰ ਹੈ। ਮੈਂ ਐਸਾ ਨਹੀਂ ਕਰ ਸਕਦਾ।"

ਪਰ ਹੁਣ ਤਾਂ ਕੁਰਬਾਨੀ ਇਕ ਸੌਦਾਬਾਜ਼ੀ ਬਣ ਗਈ ਹੈ। ਫਿਰ ਵੀ ਕਿਸੇ ਗੁਣ ਦਾ ਬੀਜ-ਨਾਸ ਨਹੀਂ। ਗੁਰੂ ਮਹਾਰਾਜ ਫੁਰਮਾਉਂਦੇ ਹਨ :

"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ,
ਕੋਈ ਹਰਿਆ ਬੂਟੁ ਰਹਿਓ ਰੀ।"

(ਆਸਾ, ਮ. ੫., ਪੰਨਾ 384)

(ਜੰਗਲ ਦੀ ਅੱਗ ਨੇ ਬਹੁਤ ਸਾਰੇ ਤ੍ਰਿਣ ਸਾੜ ਦਿੱਤੇ ਹਨ। ਫਿਰ ਵੀ ਕੋਈ ਹਰਿਆ ਬੂਟਾ ਬਚ ਹੀ ਗਿਆ ਹੈ।)

ਜਦੋਂ ਮੈਂ 'ਬਾਬਾ ਅਕਾਲੀ' ਦਾ ਪਾਤਰ ਚਿੱਤਰ ਰਿਹਾ ਸਾਂ, ਬਾਬਾ ਸੰਤ ਸਿੰਘ ਮੇਰੀਆਂ ਅੱਖਾਂ ਸਾਮ੍ਹਣੇ ਹੁੰਦੇ ਸਨ। ਤੇ ਉਹਨਾਂ ਦੇ ਪਿੱਛੇ ਕਈ ਸੰਤ ਸਿੰਘ ਖਲੇ ਨਜ਼ਰ ਆਉਂਦੇ ਸਨ। ਉਹ ਸਾਰੇ ਸੰਤ ਸਿੰਘ ਅਕਾਲੀ ਲਹਿਰ ਦੇ ਨਾਲ ਹੀ ਲੋਪ ਹੋ ਗਏ।

ਬਾਬਾ ਅਕਾਲੀ ਨੂੰ ਚਿਤਰਨ ਲੱਗਿਆਂ ਇਕ ਹੋਰ ਵੀ ਮਿਹਨਤ ਕਰਨੀ ਪਈ। ਉਹ ਸੀ ਉਸਦੀ 'ਬੋਲੀ' ਬਾਰੇ। ਸਕੂਲ ਵਿਚ ਉਹ ਸੱਤ-ਅੱਠ ਜਮਾਤਾਂ ਹੀ ਪੜ੍ਹਿਆ ਸੀ। ਕਈ ਸ਼ਬਦਾਂ ਦਾ ਉਹ ਸ਼ੁੱਧ ਉਚਾਰਣ ਕਰਦਾ ਹੈ, ਤੇ ਕਈਆਂ ਦਾ ਅਨਪੜ੍ਹਾਂ ਵਾਂਗ। ਜੇਲ੍ਹ ਵਿਚ ਜੋ ਕੁਛ ਉਸਨੇ ਸਿਖਿਆ ਹੈ, ਉਸਦਾ ਉਸਨੂੰ ਗਿਆਨ ਤਾਂ ਹੈ, ਪਰ ਪਰਗਟ ਕਰਨ ਵਾਸਤੇ ਵਿੱਦਵਾਨਾਂ ਵਾਲੀ ਸ਼ਬਦਾਵਲੀ ਨਹੀਂ।

ਇਕ ਵਾਰ ਮੇਰੇ ਇਕ ਮਿੱਤਰ ਪ੍ਰੋਫੈਸਰ ਨੇ ਇਸ ਨਾਵਲ ਦੀ ਤਾਰੀਫ਼ ਕਰਦਿਆਂ ਕਿਹਾ, "ਇਸ ਨਾਵਲ ਵਿਚ ਇਕ ਗੱਲ ਬੜੀ ਵਧੀਆ ਹੋ ਗਈ ਹੈ, ਭਾਵੇਂ ਉਹ ਤੁਹਾਥੋਂ ਸੁਤੇ-ਸਿੱਧ ਹੀ ਹੋਈ ਹੈ। ਉਹ ਇਹ, ਕਿ ਧੰਨੇ ਸ਼ਾਹ ਹਿੰਦੂ ਨੂੰ ਇਕ ਪਾਸੇ ਖਲਾ ਕਰ ਦਿੱਤਾ ਹੈ, ਤੇ ਸਿੱਖ ਤੇ ਮੁਸਲਮਾਨ ਨੂੰ ਇਕ ਪਾਸੇ।"

ਮੈਂ ਹੱਸ ਕੇ ਕਿਹਾ, "ਪ੍ਰੋਫੈਸਰ ਸਾਹਿਬ ! ਲੇਖਕ ਕੋਲੋਂ ਕੋਈ ਗੱਲ ਵੀ ਸੁਤੇ-ਸਿੱਧ, ਜਾਂ ਅਵੇਸਲੇ ਨਹੀਂ ਹੁੰਦੀ। ਸਭ ਕੁਛ ਮਿਥੀ ਹੋਈ ਵਿਉਂਤ ਅਨੁਸਾਰ ਹੁੰਦਾ ਹੈ। ਧੰਨੇ

ਸ਼ਾਹ ਵਿਆਜੜੀਆ ਹੈ। ਉਸਦਾ ਕੋਈ ਧਰਮ ਨਹੀਂ, ਸਿਰਫ਼ ਪੈਸਾ ਧਰਮ ਹੈ। ਤੂਤਾਂ ਵਾਲੇ ਖੂਹ ਦਾ ਕੋਈ ਹਿੰਦੂ ਵੀ ਹਿੱਸੇਦਾਰ ਹੁੰਦਾ, ਤਾਂ ਉਸ ਨਾਲ ਵੀ ਧੰਨੇ ਸ਼ਾਹ ਦਾ ਓਹਾ ਵਰਤਾਉ ਹੁੰਦਾ, ਜੋ ਸੱਜਣ ਸਿੰਘ ਤੇ ਇਲਮਦੀਨ ਨਾਲ ਸੀ।

ਨਾਵਲ ਦੀ ਕਹਾਣੀ ਬਹੁਤੀ ਗੁੰਝਲਦਾਰ ਨਹੀਂ। ਬਾਬਾ ਅਕਾਲੀ ਇਕ ਖ਼ਾਸ ਪਾਤਰ ਹੈ। ਉਹ ਬਹੁਤ ਸਾਰੀਆਂ ਪੁਲੀਟੀਕਲ ਲਹਿਰਾਂ ਵਿਚ ਹਿੱਸਾ ਲੈਂਦਾ ਹੈ, ਤੇ ਨਾਲੇ ਲਹਿਰਾਂ ਦਾ ਇਤਿਹਾਸ ਸੁਣਾਉਂਦਾ ਹੈ। *

ਦੂਸਰਾ ਖ਼ਾਸ ਪਾਤਰ ਹੈ ਧੰਨੇ ਸ਼ਾਹ। ਉਹ ਵਿਆਜੜੀਆ ਸ਼ਾਹੂਕਾਰ ਖੱਤਰੀ ਹੈ। ਉਸ ਦੀਆਂ ਸਾਮੀਆਂ ਹਨ ਉਦਾਲੇ ਦੇ ਪਿੰਡਾਂ ਦੇ ਛੋਟੇ ਛੋਟੇ ਜ਼ਿਮੀਦਾਰ। ਉਸ ਸਮੇਂ ਦੇ ਕਾਨੂੰਨ ਅਨੁਸਾਰ ਗੈਰ-ਜ਼ਰਾਇਤ ਪੇਸ਼ਾ, ਜ਼ਰਾਇਤ ਪੇਸ਼ਾ ਦੀ ਜ਼ਮੀਨ ਨਹੀਂ ਸੀ ਖ਼ਰੀਦ ਸਕਦਾ। ਇਸ ਮੁਸ਼ਕਲ ਨੂੰ ਹੱਲ ਕਰਨ ਵਾਸਤੇ ਧੰਨੇ ਸ਼ਾਹ ਨੇ ਪਿੰਡ 'ਵਰਨ' ਦੇ ਲੱਖਾ ਸਿੰਘ ਨੂੰ ਭਾਈਵਾਲ ਬਣਾਇਆ ਹੋਇਆ ਸੀ।

ਇਕ ਦਿਨ ਲੱਖਾ ਸਿੰਘ ਦੇ ਘਰੋਂ ਖਾਣਾ ਖਾ ਕੇ ਧੰਨੇ ਸ਼ਾਹ ਦੁਪਹਿਰੇ ਹੀ ਕਸੂਰ ਨੂੰ ਤੁਰ ਪੈਂਦਾ ਹੈ। ਵਰਨਾ ਤੋਂ ਪੀਰੂਵਾਲੇ ਤਕ ਰਸਤੇ ਵਿਚ ਨਾ ਕਿਤੇ ਛਾਂ ਹੈ, ਨਾ ਪਾਣੀ। ਤ੍ਰੇਹ ਨਾਲ ਬਕਲਿਆ ਹੋਇਆ ਧੰਨੇ ਸ਼ਾਹ ਪੀਰੂਵਾਲੇ 'ਤੂਤਾਂ ਵਾਲੇ ਖੂਹ' ਤੇ ਆ ਡਿਗਦਾ ਹੈ। ਓਥੇ ਪਾਣੀ ਪੀ ਕੇ ਤੇ ਦੋ ਘੜੀਆਂ ਆਰਾਮ ਕਰਕੇ ਉਸਦੀ ਜਾਨ ਵਿਚ ਜਾਨ ਆਉਂਦੀ ਹੈ। ਉਸਦੇ ਮਨ ਵਿਚ ਤੂਤਾਂ ਵਾਲਾ ਖੂਹ ਪ੍ਰਾਪਤ ਕਰਨ ਦਾ ਲਾਲਚ ਪੈਦਾ ਹੋ ਜਾਂਦਾ ਹੈ।

ਤੂਤਾਂ ਵਾਲੇ ਖੂਹ ਦੇ ਮਾਲਕ ਹਨ ਸੱਜਣ ਸਿੰਘ ਤੇ ਇਲਮਦੀਨ। ਦੋਹਾਂ ਨਾਲ ਦੋਸਤੀ ਗੰਢ ਕੇ ਧੰਨੇਸ਼ਾਹ ਦੋਹਾਂ ਨੂੰ ਕਰਜ਼ਾ ਦੇਣਾ ਸ਼ੁਰੂ ਕਰਦਾ ਹੈ। ਤੰਦੂਏ ਵਾਂਗ ਉਹ ਦਿਨੋਂ ਦਿਨ ਦੋਹਾਂ ਉਦਾਲੇ ਆਪਣੀਆਂ ਤਾਰਾਂ ਦਾ ਜਾਲ ਕੱਸੀ ਜਾਂਦਾ ਹੈ।

ਪੰਜਾਬੀ ਦਾ ਅਖਾਣ ਹੈ, 'ਛਿੱਕਾ ਟੁੱਟਾ ਬਿੱਲੀ ਦੇ ਭਾਗੀਂ।' ਧੰਨੇਸ਼ਾਹ ਦੇ ਭਾਗਾਂ ਨੂੰ ਪੀਰੂਵਾਲੇ ਦਾ ਨੰਬਰਦਾਰ ਬੇ-ਔਲਾਦ ਮਰ ਜਾਂਦਾ ਹੈ। ਉਸਦਾ ਹੱਕ ਸੱਜਣ ਸਿੰਘ ਨੂੰ ਪਹੁੰਚਦਾ ਹੈ। ਸੋ ਉਹ ਨੰਬਰਦਾਰੀ ਵਾਸਤੇ ਦਰਖ਼ਾਸਤ ਕਰਦਾ ਹੈ। ਉਸਦੇ ਮੁਕਾਬਲੇ 'ਤੇ ਧੰਨੇਸ਼ਾਹ ਇਲਮਦੀਨ ਤੋਂ ਦਰਖ਼ਾਸਤ ਕਰਾ ਦੇਂਦਾ ਹੈ। ਉਹ ਇਹ ਦਲੀਲ ਦੇਂਦਾ ਹੈ, ਕਿ ਪਿੰਡ ਦੀਆਂ ਮਾਲਕ ਦੋ ਕੌਮਾਂ ਹਨ : ਸਿੱਖ ਤੇ ਮੁਸਲਮਾਨ। ਦੋਹਾਂ ਨੂੰ ਇਕ ਦੂਸਰੇ ਉਤੇ ਭਰੋਸਾ ਨਹੀਂ। ਇਸ ਲਈ ਪਿੰਡ ਦੇ ਦੋ ਨੰਬਰਦਾਰ ਬਣਨੇ ਚਾਹੀਦੇ ਹਨ।

ਸੱਜਣ ਸਿੰਘ ਤੇ ਇਲਮਦੀਨ ਲੰਗੋਟੀਏ ਯਾਰ ਹਨ। ਇਸ ਮੁਕੱਦਮੇ ਰਾਹੀਂ ਧੰਨੇਸ਼ਾਹ ਉਹਨਾਂ ਨੂੰ ਜਾਨੀ-ਦੁਸ਼ਮਣ ਬਣਾ ਦੇਂਦਾ ਹੈ।

ਈਦ ਦੇ ਦਿਹਾੜੇ ਮੁਸਲਮਾਨ ਉਸ ਖੂਹ ਉਤੇ ਨਮਾਜ਼ ਪੜ੍ਹਿਆ ਕਰਦੇ ਸਨ। ਉਸ ਦਿਨ ਖੂਹ ਜੋਇਆ ਕਰਦਾ ਸੀ ਪਹਿਲਾਂ ਸੱਜਣ ਸਿੰਘ ਦਾ ਬਾਪ ਤੇ ਫਿਰ ਸੱਜਣ ਸਿੰਘ। ਇਹ ਸਿੱਖਾਂ ਤੇ ਮੁਸਲਮਾਨਾਂ ਦੇ ਭਾਈਚਾਰੇ ਦਾ ਸਬੂਤ ਸੀ।

ਦੋਹਾਂ ਮਿੱਤਰਾਂ ਵਿਚ ਵਿਗਾੜ ਪੈਣ ਪਿੱਛੋਂ ਈਦ ਤੋਂ ਪਹਿਲੀ ਰਾਤ ਧੰਨੇ ਸ਼ਾਹ ਉਸ ਖੂਹ ਦੇ ਔਲੂ ਵਿਚ ਕਿਸੇ ਪਾਸੋਂ ਸੂਰ ਦਾ ਬੱਚਾ ਮਰਵਾ ਕੇ ਸੁਟਵਾ ਦੇਂਦਾ ਹੈ। ਏਸ ਗੱਲ ਤੋਂ ਵਿਰੋਧ ਏਥੋਂ ਤਕ ਵਧ ਜਾਂਦਾ ਹੈ, ਕਿ ਅਗਲੀ ਈਦ ਉਤੇ ਮੁਸਲਮਾਨ ਓਸੇ ਖੂਹ ਉਤੇ

ਗਊ ਹਲਾਲ ਕਰਨ ਦਾ ਮਨਸੂਬਾ ਬਣਾ ਲੈਂਦੇ ਹਨ । ਤੇ ਇਹ ਕੁਛ ਕਰਾਉਂਦਾ ਹੈ ਧੰਨੇਸ਼ਾਹ, ਇਕ ਮਜ਼ਹਬੀ ਜਨੂੰਨੀ ਫ਼ਜਲਹੱਕ ਰਾਹੀਂ ।

ਇਕ ਪਾਸੇ ਫ਼ਜ਼ਲਹੱਕ ਤੇ ਇਕ ਪਾਸੇ ਸੁੰਦਰ ਸਿੰਘ, ਧੰਨੇ ਸ਼ਾਹ ਨੇ ਦੋ ਖਿਡਾਰੀ ਖ਼ਰੀਦ ਲਏ ।

ਈਦ ਦਾ ਦਿਨ ਆ ਗਿਆ । ਇਕ ਪਾਸੇ ਸਿੱਖ ਤੇ ਇਕ ਪਾਸੇ ਮੁਸਲਮਾਨ, ਹਜ਼ਾਰਾਂ ਦੀ ਗਿਣਤੀ ਵਿਚ ਧਰਮੀ ਤੇ ਗ਼ਾਜ਼ੀ ਮਰਨ ਮਾਰਨ ਵਾਸਤੇ ਤਿਆਰ ਹੋ ਖਲੋ । ਅਮਨ ਦੀ ਠੇਕੇਦਾਰ ਪੁਲੀਸ ਤਮਾਸ਼ਾ ਵੇਖਣ ਵਾਸਤੇ ਵਿਚ ਆਰਾਮ ਨਾਲ ਬੈਠੀ ਹੋਈ ਸੀ । ਐਨ ਉਸ ਵੇਲੇ ਬਾਬਾ ਅਕਾਲੀ ਦੋਹਾਂ ਧਿਰਾਂ ਦੇ ਵਿਚਕਾਰ ਆ ਖਲਾ ।

ਇਹ ਸੀ ਬਾਬੇ ਅਕਾਲੀ ਦੀ ਸ਼ਖ਼ਸੀਅਤ ਦਾ ਪ੍ਰਭਾਵ । ਸਿੱਖ ਮੁਸਲਮ ਫ਼ਸਾਦ ਹੁੰਦਾ ਹੁੰਦਾ ਟਲ ਗਿਆ ।

ਅੰਤ ਪਾਕਿਸਤਾਨ ਬਣ ਗਿਆ । ਪੀਰੂਵਾਲਾ ਪਾਕਿਸਤਾਨ ਵਿਚ ਆ ਗਿਆ । ਓਥੋਂ ਹਿੰਦੂਆਂ ਸਿੱਖਾਂ ਨੂੰ ਉਜੜਨਾ ਪੈ ਗਿਆ । ਮੁਹੱਬਤ ਮਰੀ ਨਹੀਂ ਸੀ, ਫ਼ਰੇਬੀ ਧੰਨੇ ਸ਼ਾਹ ਦੇ ਜਾਦੂ ਥੱਲੇ ਦੱਬੀ ਹੋਈ ਸੀ । ਇਲਮਦੀਨ ਆਪ ਸੱਜਣ ਸਿੰਘ ਨੂੰ ਹੱਦੋਂ ਪਾਰ ਛੱਡਣ ਜਾਂਦਾ ਹੈ । ਵਿਛੜਨ ਲੱਗੇ ਦੋਵੇਂ ਮਿੱਤਰ ਜੱਫੀ ਪਾ ਕੇ ਧਾਹੀਂ ਮਾਰ ਮਾਰ ਰੋਂਦੇ ਹਨ । ਲਾਗਿਓਂ ਬਾਬਾ ਅਕਾਲੀ ਜੋ ਕੁਛ ਕਹਿੰਦਾ ਹੈ, (ਨਾਵਲ ਦਾ ਆਖ਼ਰੀ ਪੈਰਾ) ਉਹ ਲੇਖਕ ਵੱਲੋਂ ਭਵਿੱਖ ਬਾਣੀ ਸਮਝ ਲੈਣੀ ਚਾਹੀਦੀ ਹੈ ।

14. ਈਚੋਗਿੱਲ ਨਹਿਰ ਤਕ :

ਇਹ ਨਾਵਲ 1965 ਵਿਚ ਪਾਕਿਸਤਾਨ ਨਾਲ ਹੋਈ ਲੜਾਈ ਬਾਰੇ ਹੈ । ਇਸ ਲੜਾਈ ਨੇ ਜਜ਼ਬਾਤੀ ਬੰਦਿਆਂ ਉਤੇ ਬੁਰਾ ਅਸਰ ਕੀਤਾ । ਕਦੇ ਹਿੰਦੂ-ਸਿੱਖ-ਮੁਸਲਮਾਨ ਸਕੇ ਭਰਾਵਾਂ ਵਾਂਗ ਵਸਦੇ ਸਨ । ਇਕ ਗੱਦੀ ਦੀ ਥਾਂ ਦੋ ਗੱਦੀਆਂ ਦੇ ਚਾਹਵਾਨਾਂ ਨੇ ਭਰਾਵਾਂ ਨੂੰ ਦੁਸ਼ਮਣ ਬਣਾ ਦਿੱਤਾ । ਦੇਸ਼ ਦੀ ਵੰਡ ਵੇਲੇ ਦੋਹਾਂ ਧਿਰਾਂ ਨੇ ਧਰਮ ਦੇ ਨਾਮ ਉਤੇ ਇਕ ਦੂਸਰੇ ਦੇ ਲਹੂ ਦੀ ਹੋਲੀ ਖ਼ੂਬ ਖੇਡੀ । ਲੀਡਰਾਂ ਨੇ ਕਿਹਾ, ਵੰਡ ਵੰਡਾਈ ਨਾਲ ਇਹ ਲੜਾਈ ਸਦਾ ਵਾਸਤੇ ਮੁੱਕ ਜਾਇਗੀ,ਨਾਵਲ ਦਾ ਇਕ ਪਾਤਰ ਪੇਸ਼ੀਨਗੋਈ ਕਰਦਾ ਹੈ, 'ਹੁਣ ਇਹ ਛੁਰਿਆਂ ਤਲਵਾਰਾਂ ਨਾਲ ਲੜੇ ਹਨ : ਭਲਕੇ ਟੈਂਕਾਂ ਤੇ ਹਵਾਈ ਜਹਾਜ਼ਾਂ ਨਾਲ ਲੜਨਗੇ' । ਪੈਂਹਠ ਵਿਚ ਉਹ ਸਭ ਸੱਚ ਹੋ ਨਿਬੜਿਆ ।

ਇਸ ਲੜਾਈ ਬਾਰੇ ਸ. ਨਾਨਕ ਸਿੰਘ ਨੇ 'ਗਗਨ ਦਮਾਮਾ ਬਾਜਿਆ' ਸ. ਖ਼ੁਸ਼ਵੰਤ ਸਿੰਘ ਨੇ 'ਪਾਕਿਸਤਾਨ ਮੇਲ' ਤੇ ਮੈਂ 'ਈਚੋਗਿੱਲ ਨਹਿਰ ਤਕ' ਲਿਖਿਆ । ਮੈਂ ਇਕ ਹਿੰਦੀ ਦਾ ਨਾਵਲ 'ਸੀਮਾਏਂ' ਵੀ ਪੜ੍ਹਿਆ । ਆਖ਼ਰੀ ਨਾਵਲ ਬਾਰੇ ਮੈਂ ਏਨਾ ਹੀ ਕਹਿਣਾ ਚਾਹੁੰਦਾ ਹਾਂ, ਕਿ ਜਿਸ ਇਲਾਕੇ ਬਾਰੇ ਲੇਖਕ ਨਹੀਂ ਜਾਣਦਾ, ਉਸ ਬਾਰੇ ਸਿਰਫ਼ ਕਲਪਨਾ ਦੇ ਘੋੜੇ ਹੀ ਦੁੜਾਇਗਾ, ਯਥਾਰਥ ਤਕ ਨਹੀਂ ਪਹੁੰਚ ਸਕਦਾ ।

ਜਿਨ੍ਹਾਂ ਇਲਾਕਿਆਂ ਵਿਚ ਲੜਾਈ ਹੋਈ ਹੈ, ਮੈਂ ਉਹਨਾਂ ਤੋਂ ਭਲੀ ਭਾਂਤ ਜਾਣੂ ਹਾਂ । ਅੰਗਰੇਜ਼ੀ ਅਖ਼ਬਾਰਾਂ ਵਿਚ ਤਾਂ ਪਿੰਡਾਂ ਦੇ ਨਾਂਵਾਂ ਤਕ ਵੀ ਭੁਲੇਖਾ ਪਾਇਆ ਜਾਂਦਾ ਰਿਹਾ । 'ਈਚੋਗਿਲ' ਨੂੰ ਉਹ ਇੱਛੋਗਿੱਲ' ਲਿਖਦੇ ਰਹੇ । ਪਰ ਮੈਂ ਤਾਂ ਉਹ ਪਿੰਡ ਵੇਖਿਆ ਹੋਇਆ ਸੀ । ਕਦੇ ਉਹ ਨੱਗਰ 'ਈਚੋਂ' ਨਾਮ ਦੇ 'ਗਿੱਲ' ਗੋਤ ਦੇ ਜੱਟ ਨੇ ਵਸਾਇਆ ਸੀ ।

ਏਥੋਂ ਉਸ ਪਿੰਡ ਦਾ ਨਾਮ 'ਢੀਰੋਗਿੱਲ' ਪੈ ਗਿਆ। ਪਾਕਿਸਤਾਨ ਨੇ ਜੋ ਨਹਿਰ ਕੱਢੀ ਰਾਵੀ ਵਿਚੋਂ, ਉਹ ਉਸ ਪਿੰਡ ਦੀ ਜੂਹ ਵਿਚਦੀ ਲੰਘਦੀ ਹੈ। ਏਥੋਂ ਉਸਦਾ ਨਾਮ 'ਢੀਰੋਗਿੱਲ ਨਹਿਰ' ਰੱਖਿਆ ਗਿਆ।

ਖੇਮਕਰਨ ਦੇ ਨੇੜੇ ਇਕ ਪਿੰਡ ਹੈ 'ਆਸਲ ਉਤਾੜ', ਜਿੱਥੇ ਪਾਕਸਤਾਨ ਦੇ ਟੈਂਕਾਂ ਦੀ ਬੁਰੀ ਤਬਾਹੀ ਹੋਈ ਸੀ। ਇਕ ਅੰਗਰੇਜ਼ੀ ਅਖ਼ਬਾਰ ਨੇ ਲਿਖਿਆ **Asal Uttar.** ਫਿਰ ਉਸਦੇ ਅਰਥ ਕਰਦਾ ਹੈ 'ਅਸਲ ਉੱਤਰ' ਭਾਵ ਸਹੀ ਜਵਾਬ, ਜਾਂ ਠੀਕ ਉੱਤਰ ਵੱਲ। ਪਰ ਪਿੰਡ ਦਾ ਨਾਂ ਤਾਂ 'ਆਸਲ ਉਤਾੜ' ਹੈ।'ਆਸਲ' ਓਥੋਂ ਦੇ ਵਸਨੀਕਾਂ ਦੀ ਗੋਤ ਹੈ, ਤੇ ਦਰਿਆ ਦੇ ਢਾਹੇ ਦੇ ਉਪਰਲੇ ਪਾਸੇ ਹੋਣ ਕਰਕੇ 'ਉਤਾੜ'। ਅਸਲ ਵਿਚ ਹਰ ਬੋਲੀ ਆਪਣੀ ਲਿੱਪੀ ਵਿਚ ਹੀ ਠੀਕ ਲਿਖੀ ਜਾ ਸਕਦੀ ਹੈ।

ਨਾਵਲ ਲਿਖਣ ਦੇ ਇਰਾਦੇ ਨਾਲ ਮੈਂ ਅਖ਼ਬਾਰਾਂ ਦੀਆਂ ਖ਼ਬਰਾਂ ਰੋਜ਼ ਨੋਟ ਕਰਦਾ ਸਾਂ। ਵਧੇਰੇ ਤਸਦੀਕ ਬਦਲੇ ਮੈਂ ਡੀਫੈਂਸ ਮਨਿਸਟਰੀ ਨੂੰ ਲਿਖਿਆ, ''ਮੈਂ ਇਸ ਲੜਾਈ ਬਾਰੇ ਨਾਵਲ ਲਿਖ ਰਿਹਾ ਹਾਂ। ਕਿਰਪਾ ਕਰਕੇ ਮੈਨੂੰ ਲੋੜੀਂਦੀ ਜਾਣਕਾਰੀ ਭੇਜੀ ਜਾਵੇ, ਕਿ ਕਿਸ ਇਲਾਕੇ ਵਿਚ ਸਾਡੇ ਕਿਸ ਕਿਸ ਯੋਧੇ ਨੇ ਬੀਰਤਾ ਦੇ ਕਾਰਨਾਮੇ ਵਿਖਾਏ ਹਨ, ਤੇ ਕਿਸ ਕਿਸ ਯੋਧੇ ਨੂੰ ਕਿਸ ਬਹਾਦਰੀ ਬਦਲੇ ਸਰਕਾਰ ਵੱਲੋਂ ਸਨਮਾਨ ਮਿਲਿਆ ਹੈ।''

ਦਸ-ਕੁ ਦਿਨ ਪਿਛੋਂ ਮੈਨੂੰ ਸੌ-ਕੁ ਸਫ਼ਾ ਅੰਗਰੇਜ਼ੀ ਵਿਚ ਟਾਈਪ ਹੋਇਆ ਆ ਗਿਆ। ਜਿਸ ਵਿਚ ਮੇਰੇ ਸਵਾਲਾਂ ਦਾ ਜਵਾਬ ਸੀ। ਉਸ ਨਾਲ ਮੇਰੀ ਜਾਣਕਾਰੀ ਵਧੇਰੇ ਠੋਸ ਹੋ ਗਈ।

ਕੁਛ ਘਟਨਾਵਾਂ ਬਾਰੇ : ਭਿੱਖੀ ਵਿੰਡ ਵਿਚ ਪਿਆਰਾ ਸਿੰਘ ਤੇ ਜਸਬੀਰ ਦਾ ਵਿਆਹ ਪੂਰਬੀ ਪੰਜਾਬ ਦੇ ਵਸਨੀਕਾਂ ਨੂੰ ਸ਼ਾਇਦ ਓਪਰਾ ਜਾਪੇ, ਪਰ ਉਹਨਾਂ ਦਿਨਾਂ ਵਿਚ ਅਜੇਹੀਆਂ ਘਟਨਾਵਾਂ ਆਮ ਹੋਈਆਂ ਸਨ।

ਧਰਮ ਸਿੰਘ ਦੇ ਪਰਵਾਰ ਦਾ ਸ਼ਹਾਬਪੁਰੇ ਤੇ ਜ਼ੀਰੇ ਜ਼ਮੀਨ ਅਲਾਟ ਕਰਾਉਣਾ, ਮੇਰਾ ਨਿੱਜੀ ਤਜਰਬਾ ਹੈ।

ਚੀਨ ਨੇ ਭਾਰਤ ਉਤੇ ਓਸ ਸਮੇਂ ਹੀ ਕਿਉਂ ਹਮਲਾ ਕੀਤਾ, ਤੇ ਫਿਰ ਆਪ ਹੀ ਕਿਉਂ ਜੰਗ ਬੰਦ ਕਰ ਦਿੱਤੀ। ਇਸ ਬਾਰੇ ਮੈਂ ਆਪਣੇ ਵਿਚਾਰ ਠੋਸ ਦਲੀਲਾਂ ਦੇ ਆਧਾਰ 'ਤੇ ਦਿੱਤੇ ਹਨ।

ਤੇ ਅੰਤ, ਸਿੱਧਾਂਤ ਵਜੋਂ ਮੇਰੇ ਵਿਚਾਰ ਹਨ, ''ਵਰਤਮਾਨ ਯੁੱਗ ਵਿਚ ਕਿਸੇ ਮੁਲਕ ਨੂੰ ਵੀ ਲੜਾਈ ਤੋਂ ਫ਼ਾਇਦਾ ਨਹੀਂ ਪਹੁੰਚ ਸਕਦਾ।''

ਹੁਣ ਕਹਾਣੀ ਦਾ ਸਾਰ-ਅੰਸ਼ ਸੁਣੋ। ਪਿੰਡ 'ਬਰਕੀ' ਦੇ ਰਹਿਣ ਵਾਲਾ ਧਰਮ ਸਿੰਘ ਇਕ ਛੋਟਾ ਜ਼ਿਮੀਦਾਰ ਹੈ। ਉਸਦੇ ਅੱਗੇ ਦੋ ਪੁੱਤਰ ਹਨ : ਪਿਆਰਾ ਸਿੰਘ ਤੇ ਪ੍ਰੀਤੂ (ਪ੍ਰੀਤਮ ਸਿੰਘ।) ਪ੍ਰੀਤੂ ਪਿਆਰੇ ਨਾਲੋਂ ਨੌਂ ਸਾਲ ਛੋਟਾ ਹੈ।

ਪਾਕਿਸਤਾਨ ਬਣਨ ਸਮੇਂ ਘਰੋਂ ਉਜੜਨ ਲਗਿਆਂ ਉਹ ਦੋਵੇਂ ਵਿਛੜ ਜਾਂਦੇ ਹਨ। ਪਿਆਰਾ, ਉਸਦੇ ਮਾਤਾ ਪਿਤਾ ਧਰਮ ਸਿੰਘ ਤੇ ਦਲੀਪ ਕੌਰ ਏਧਰ ਆ ਜਾਂਦੇ ਹਨ, ਪਰ ਉਸ ਹਫੜਾ ਦਫੜੀ ਵਿਚ ਪ੍ਰੀਤੂ ਇਕ ਫ਼ਕੀਰ ਦੇ ਕਾਬੂ ਆ ਜਾਂਦਾ ਹੈ। ਉਹ ਪ੍ਰੀਤੂ ਨੂੰ

ਮੌਤ ਦੇ ਭੈ ਥੱਲੇ ਲਾਹੌਰ ਲੈ ਜਾਂਦਾ ਹੈ। ਤੇ ਉਸਦੀ ਸੁੰਨਤ ਕਰਕੇ ਉਸ ਨੂੰ ਮੁਸਲਮਾਨ ਬਣਾ ਲੈਂਦਾ ਹੈ। ਪ੍ਰੀਤੂ ਨੂੰ ਦੱਸਿਆ ਜਾਂਦਾ ਹੈ, ਕਿ ਉਸਦੇ ਮਾਂ ਪਿਉ ਤੇ ਭਰਾ ਬਰਕੀ ਵਿਚ ਹੀ ਮਾਰੇ ਜਾਂਦੇ ਹਨ। ਪ੍ਰੀਤੂ ਵੱਡਾ ਹੋ ਕੇ ਪਾਕਿਸਤਾਨ ਦੀ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ।

ਧਰਮ ਸਿੰਘ ਦਾ ਪਰਵਾਰ ਪਹਿਲਾਂ ਤਸੀਲ ਤਰਨ ਤਾਰਨ ਵਿਚ ਸ਼ਹਾਬਪੁਰੇ ਜ਼ਮੀਨ ਅਲਾਟ ਕਰਾਉਂਦਾ ਹੈ। ਸਰਕਾਰ ਦੀ ਪਾਲਿਸੀ ਅਧੀਨ ਉਹਨੂੰ ਓਥੋਂ ਉਠਣਾ ਪੈਂਦਾ ਹੈ। ਫਿਰ ਉਹ ਜ਼ੀਰੇ ਆ ਕੇ ਜ਼ਮੀਨ ਅਲਾਟ ਕਰਾਉਂਦਾ ਹੈ। ਪੱਕੀ ਅਲਾਟਮੈਂਟ ਵਿਚ ਉਹਨੂੰ ਓਥੇ ਜ਼ਮੀਨ ਨਹੀਂ ਮਿਲਦੀ। ਤੰਗ ਆ ਕੇ ਪਿਆਰਾ ਸਿੰਘ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ......ਅੰਤ ਡੁਗਰਾਈ ਦੀ ਲੜਾਈ ਵਿਚ ਪਿਆਰਾ ਸਿੰਘ ਹੱਥੋਂ ਪ੍ਰੀਤੂ ਮਾਰਿਆ ਜਾਂਦਾ ਹੈ। ਭੇਤ ਖੁਲ੍ਹਦਾ ਹੈ, ਤਾਂ ਮਰ ਰਹੇ ਪ੍ਰੀਤੂ ਨੂੰ ਪਿਆਰਾ ਸਿੰਘ ਗੋਦ ਵਿਚ ਲੈ ਲੈਂਦਾ ਹੈ।

ਅੰਤ ਸਮੇਂ ਪ੍ਰੀਤੂ ਕਹਿੰਦਾ ਹੈ, "ਉਹਨੂੰ (ਪਿਆਰੇ ਨੂੰ) ਆਖੀਂ, ਪ੍ਰੀਤੂ ਮਰ ਗਿਆ ਹੈ। ਹੁਣ ਉਹਨੂੰ ਯਾਦ ਕਰਨਾ ਛੱਡ ਦੇਵੇ।"

"ਪ੍ਰੀਤੂ ! ਮੈਂ ਤੇਰਾ ਪਿਆਰਾ ਹਾਂ, ਤੇਰਾ ਕਾਤਲ !" ਪਿਆਰਾ ਕਹਿੰਦਾ ਹੈ।

"ਇਹ ਵੀ ਆਖ ਦੇਵੀਂ ਸੁ, ਕਿ ਪ੍ਰੀਤੂ ਬੇਗੁਨਾਹ ਮਾਰਿਆ ਗਿਆ ਹੈ।"

"ਪ੍ਰੀਤ ! ਗੁਨਾਹ ਮੇਰਾ ਏ। ਮੈਂ ਹੀ ਤੈਨੂੰ ਮਾਰਨ ਵਾਲਾ ਹਾਂ।"

"ਸਰਦਾਰਾ ! ਗੁਨਾਹ ਤੇਰਾ ਕੋਈ ਨਹੀਂ। ਮਰਨ...ਵਾਲਾ ਵੀ...ਤੇ ਮਾਰਨ ਵਾਲਾ ਵੀ...ਦੋਵੇਂ ਬੇਗੁਨਾਹ ਨੇ। ਗੁਨਾਹਗਾਰ ਨੇ...।"

ਏਥੇ ਨਾਵਲ ਦਾ ਅੰਤ ਹੈ।

15. **ਜੁੱਗ ਬਦਲ ਗਿਆ** :

ਭਾਰਤ ਸਰਕਾਰ ਦੀ ਸਥਾਪਤ 'ਸਾਹਿਤ ਅਕਾਡਮੀ' ਦਾ ਸਨਮਾਨ ਮਿਲਨ ਦੀ ਮੈਨੂੰ ਕਦੇ ਵੀ ਆਸ ਨਹੀਂ ਸੀ। ਕਾਰਨ ? ਜਿਨ੍ਹਾਂ ਲੋਕਾਂ ਨੇ ਪਰਖ ਕਰਨੀ ਹੁੰਦੀ ਹੈ, ਉਹਨਾਂ ਨਾਲ ਮੇਰਾ ਕੋਈ ਵਾਹ ਨਹੀਂ ਸੀ। 'ਨੇੜ' ਤਾਂ ਕਿਧਰੇ ਰਿਹਾ, ਜਾਣ-ਪਛਾਣ ਵੀ ਨਹੀਂ ਸੀ। ਆਲੋਚਨਾ ਦੇ ਖੇਤਰ ਵਿਚ ਵੀ ਮੇਰੀਆਂ ਲਿਖਤਾਂ ਬਾਰੇ ਕੋਈ ਚਰਚਾ ਨਹੀਂ ਸੀ। ਜਾਣੂ ਦੁਨੀਆਂ ਮੈਨੂੰ 'ਢਾਡੀ' ਵਜੋਂ ਹੀ ਜਾਣਦੀ ਸੀ।

ਇਕ ਵਾਰ ਮੈਨੂੰ ਇਕ ਮਿੱਤਰ ਨੇ ਸਲਾਹ ਦਿੱਤੀ, "ਢਾਡੀ ਪੁਣਾ ਛੱਡ ਦੇਹ, ਤੇ ਬੁੱਧੀ ਜੀਵੀ ਲੋਕਾਂ ਨਾਲ ਨੇੜ ਪੈਦਾ ਕਰ। ਦੋ-ਤਿੰਨ ਸਾਲ ਅੰਦਰ ਤੈਨੂੰ 'ਸਾਹਿਤ ਅਕਾਡਮੀ' ਦਾ ਸਨਮਾਨ ਮਿਲ ਜਾਇਗਾ।"

ਮੇਰੇ ਮੂੰਹੋਂ ਸੁਤੇ ਹੀ ਨਿਕਲ ਗਿਆ, "ਗੋਰਕੀ ਨੂੰ ਕਿਹੜਾ ਨੋਬਲ ਪ੍ਰਾਈਜ਼ ਮਿਲਿਆ ਸੀ। ਤਾਂ ਕੀ ਉਸਦੀ ਮਾਨਤਾ ਘਟ ਗਈ ਹੈ ?"

ਉਸ ਸੱਜਣ ਨੇ ਹੱਸ ਕੇ ਕਿਹਾ, "ਤਾਂ ਤੇਰੀ ਇੱਛਿਆ ਨੋਬਲ ਪ੍ਰਾਈਜ਼ ਲੈਣ ਦੀ ਹੈ।"

ਮੈਂ ਉਤਰ ਦਿੱਤਾ, "ਨਾ ਇੱਛਿਆ ਦਾ ਕੋਈ ਅਰਥ ਹੈ, ਤੇ ਨਾ ਕਿਸੇ ਸਨਮਾਨ ਦਾ। ਹਾਂ, ਵਾਹਿਗੁਰੂ 'ਗੁਣ' ਜ਼ਰੂਰ ਬਖ਼ਸ਼ੇ।"

ਅੱਜ ਵੀ ਮੇਰਾ ਨਿਸਚਾ ਹੈ, ਕਿ 'ਸਨਮਾਨ' ਤੇ 'ਮਾਣਪੱਤਰ' ਲੋਕਾਂ ਨੂੰ ਭੁੱਲ ਜਾਂਦੇ

ਹਨ, ਪਰ ਕੀਤਾ ਹੋਇਆ 'ਕੰਮ' ਯਾਦ ਰਹਿੰਦਾ ਹੈ। ਉਸਨੂੰ ਬਹੁਤਾ ਚਿਰ ਅੱਖਾਂ ਤੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਗੁਰੂ ਦੀ ਕਿਰਪਾ, ਇਸ ਨਾਵਲ 'ਜੁੱਗ ਬਦਲ ਗਿਆ' ਨੂੰ 1974 ਵਿਚ 'ਸਾਹਿਤ ਅਕਾਡਮੀ' ਦਾ 'ਸਨਮਾਨ' ਮਿਲ ਗਿਆ। ਮੈਂ ਉਸ ਦਿਨ ਇੰਦੌਰ ਸਾਂ। ਅਗਲੇ ਦਿਨ ਇਕ ਵਜੇ ਦੇ ਕਰੀਬ ਮੈਂ ਘਰ ਪੁੱਜਾ, ਤਾਂ ਮੇਰੇ ਵੱਡੇ ਪੋਤਰੇ ਚਰਨਜੀਤ ਸਿੰਘ ਨੇ ਦੱਸਿਆ, "ਪਿਤਾ ਜੀ! ਆਪਣੇ ਨਾਵਲ 'ਜੁੱਗ ਬਦਲ ਗਿਆ' ਨੂੰ 'ਸਾਹਿਤ ਅਕਾਡਮੀ' ਦਾ ਪੁਰਸਕਾਰ ਮਿਲ ਗਿਆ ਹੈ।

ਮੈਂ ਕੁਛ ਹੈਰਾਨ ਹੋ ਕੇ ਪੁਛਿਆ, "ਤੈਨੂੰ ਕਿਸ ਦੱਸਿਆ ਹੈ?"

"ਰਾਤੀਂ ਵੀ ਰੇਡੀਓ 'ਤੇ ਆਇਆ ਸੀ, ਤੇ ਅੱਜ ਸਵੇਰੇ ਵੀ।" ਚਰਨਜੀਤ ਦਾ ਉੱਤਰ ਸੀ।

ਮੈਂ ਨਿਰੰਕਾਰ ਦੇ ਧੰਨਵਾਦ ਵਜੋਂ ਸਿਰ ਝੁਕਾ ਕੇ ਕਿਹਾ," ਬੇਟਾ! ਇਹ ਮੇਰੀ ਕਰਾਮਾਤ ਨਹੀਂ, ਸਗੋਂ ਉਸਦੀ ਬਖ਼ਸ਼ਸ਼ ਹੈ।

"ਦਾਤੀ ਸਾਹਿਬ ਸੰਦੀਆ, ਕਿਆ, ਚਲੈ ਤਿਸ ਨਾਲਿ।
ਇਕਿ ਜਾਗੰਦੇ ਨਾ ਲਹਨਿ, ਇਕਨਾ ਸੁਤਿਆ ਦੇਇ ਉਠਾਲਿ।"

ਜਿਨ੍ਹਾਂ ਲੋਕਾਂ ਦੀ ਇਹ ਧਾਰਨਾ ਸੀ, ਕਿ ਹੋਰ ਸਭ ਕੁਛ ਹੋ ਸਕਦਾ ਹੈ, ਪਰ ਇਕ 'ਢਾਡੀ' ਨਾਵਲਕਾਰ ਨਹੀਂ ਹੋ ਸਕਦਾ, ਉਹਨਾਂ ਨੂੰ ਬਹੁਤ ਹੈਰਾਨੀ ਹੋਈ। ਕਈਆਂ ਦੇ 'ਅਹੰਮ' 'ਤੇ ਚੋਟ ਵੀ ਲੱਗੀ।

ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਇੱਕ ਵਾਰ ਦੱਸਿਆ। (ਉਹ ਉਸ ਸਮੇਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਦਾ ਇਤਿਹਾਸ ਲਿਖ ਰਹੇ ਸਨ।) ਨਾਵਲ ਦੇ ਪਰਸੰਗ ਵਿਚ ਉਹਨਾਂ ਨੇ ਮੇਰੇ ਬਾਰੇ ਵੀ ਕੁਛ ਸਫ਼ੇ ਲਿਖੇ। ਸੋਧਿਕ ਸਾਹਿਬ ਨੇ ਵੇਖ ਕੇ ਪੁਛਿਆ, "ਕਸੇਲ ਸਾਹਿਬ! ਯਹਿ ਵਹੀ ਸੋਹਣ ਸਿੰਘ ਸੀਤਲ ਤੋ ਨਹੀਂ, ਜੋ ਢਾਡੀ ਹੈ?"

"ਹਾਂ।" ਵਿਚ ਉਤਰ ਮਿਲਦੇ ਸਾਰ ਉਹਨਾ ਸਾਰੇ ਸਫ਼ਿਆਂ ਉਤੇ ਕਾਟਾ ਫੇਰ ਦਿੱਤਾ।

ਕਸੇਲ ਜੀ ਦੇ ਪੁਛਣ 'ਤੇ 'ਸੋਧਕ ਸਾਹਿਬ' ਨੇ ਉਤਰ ਦਿੱਤਾ, "ਭਈ, ਮੈਂ ਉਸੇ ਜਾਨਤਾ ਹੂੰ! ਵੁਹ ਢਾਡੀ ਤੋਂ ਅੱਛਾ ਹੈ, ਪਰ ਹੈ ਤੋਂ ਏਕ ਢਾਡੀ ਹੀ। ਵੁਹ ਨਾਵਲ ਕਿਆ ਲਿਖਤਾ ਹੋਗਾ।'

(ਗਾਲਿਬ ਦੇ ਕਥਨ ਵਾਂਗ:

ਸ਼ਾਇਰ ਤੋਂ ਵੁਹ ਅੱਛਾ ਹੈ' ਪਰ ਬਦਨਾਮ ਬਹੁਤ ਹੈ")

ਕਸੇਲ ਸਾਹਿਬ ਨੇ ਫਿਰ ਸਵਾਲ ਕੀਤਾ, "ਤੁਸਾਂ ਉਸਦਾ ਕੋਈ ਨਾਵਲ ਪੜ੍ਹਿਆ ਹੈ?"

ਉਤਰ ਮਿਲਿਆ, "ਪੜ੍ਹਾ ਤੋਂ ਨਹੀਂ, ਪਰ ਮੈਂ ਵੈਸੇ ਹੀ ਜਾਨਤਾ ਹੂੰ। ਢਾਡੀ ਕਿਆ, ਔਰ ਨਾਵਲ ਕਿਆ!"

ਸੋ, ਜਿਹੜੇ ਲੋਕ ਪੜ੍ਹੇ ਤੋਂ ਬਿਨਾਂ 'ਵੈਸੇ ਹੀ ਜਾਨਣ' ਵਾਲੇ ਸਨ, ਉਹਨਾਂ ਦਾ ਹੈਰਾਨ

ਹੋਣਾ ਸੁਭਾਵਕ ਸੀ।

(ਮੈਂ ਉਸ ਸੰਪਦਕ ਸਾਹਿਬ ਦਾ ਨਾਮ ਨਹੀਂ ਦੇਣਾ ਚਾਹੁੰਦਾ। ਜੋ ਆਪ ਆਪਣਾ ਨਾਮ ਲੁਕਾਉਣਾ ਚਾਹੇ, ਉਸਨੂੰ ਕਾਹਨੂੰ ਨਸ਼ਰ ਕਰਨਾ ਹੈ। ਉਹਨਾਂ ਦੀ ਨਸ਼ਾਨੀ ਇਹ ਹੈ, ਕਿ ਉਹ ਪੰਜਾਬੀ ਹੁੰਦੇ ਹੋਏ ਵੀ, ਆਪਣੇ ਰੌਂ ਵਿਚ ਆਏ ਉਰਦੂ ਬੋਲਦੇ ਹਨ।)

ਇਸ ਨਾਵਲ ਬਾਰੇ ਮੈਂ ਇਤਨਾ ਹੀ ਲਿਖਣਾ ਚਾਹੁੰਦਾ ਹਾਂ, ਕਿ ਇਹ 'ਤੂਤਾਂ ਵਾਲਾ ਖੂਹ' ਦਾ (ਤਸਵੀਰ ਦਾ) ਦੂਸਰਾ ਪਾਸਾ ਹੈ। ਛੋਟੇ ਜ਼ਿਮੀਦਾਰ ਵਾਸਤੇ ਜਿੰਨ੍ਹਾਂ ਸ਼ਹਿਰੀ ਸਾਹੂਕਾਰ ਖਤਰਨਾਕ ਹੈ, ਵੱਡਾ ਜ਼ਿਮੀਦਾਰ ਵੀ ਓਨਾ ਹੀ, ਸਗੋਂ ਉਸ ਨਾਲੋਂ ਵੀ ਕੁਛ ਵੱਧ ਹੈ। ਜਿਵੇਂ ਧੰਨੇ ਸ਼ਾਹ 'ਤੂਤਾਂ ਵਾਲੇ ਖ਼ੂਹ' ਨੂੰ ਹੜਪਣਾ ਚਾਹੁੰਦਾ ਹੈ, ਲੱਖਾ ਸਿੰਘ ਓਸੇ ਤਰ੍ਹਾਂ ਗਵਾਂਢੀ ਨੱਥਾ ਸਿੰਘ ਨੂੰ ਖਾ ਜਾਣਾ ਚਾਹੁੰਦਾ ਹੈ।

ਇਸ ਨਾਵਲ ਦਾ ਮਨੋਰਥ ਇਹ ਹੈ, ਕਿ ਵੱਡੇ ਜ਼ਿਮੀਦਾਰ ਦਾ ਆਪਣੇ ਗਵਾਂਢੀ ਛੋਟੇ ਤੇ ਮਾੜੇ ਭਰਾਂ ਨਾਲ, ਆਪਣੇ ਮੁਜ਼ਾਰਿਆਂ ਨਾਲ, ਆਪਣੇ ਸੀਰੀਆਂ ਨਾਲ (ਤੇ ਅੰਤ ਆਪਣੇ ਵਫ਼ਾਦਾਰ ਪਰਵਾਰ ਨਾਲ ਵੀ) ਕੇਹੋ ਜੇਹਾ ਵਰਤਾਉ ਹੁੰਦਾ ਹੈ।

ਇਸਦੀ ਕਹਾਣੀ ਬਾਰੇ ਕੁਛ ਨਹੀਂ ਕਹਿਣਾ ਚਾਹੁੰਦਾ। ਪਰ ਕੁਛ ਪਾਤਰਾਂ ਬਾਰੇ ਥੋੜਾ ਥੋੜਾ ਵੇਰਵਾ ਦੇਣਾ ਜ਼ਰੂਰੀ ਹੈ।

ਉਸ ਦੇ ਦੋ ਪਾਤਰਾਂ ਦੀ ਵਧੇਰੇ ਚਰਚਾ ਹੈ। ਦੋਵੇਂ ਮੇਰੇ ਵੇਖੇ ਡਿੱਠੇ ਹਨ। ਇਕ ਹੈ 'ਡੁੱਡਾ' ਤੇ ਇਕ ਬਸੰਤ ਕੋਰ। ਡੁੱਡਾ ਦੋ ਪਾਤਰਾਂ ਦਾ ਮਿਸ਼ਰਣ ਹੈ। ਇਕ ਸੀ ਕੰਮਿਹਾਰਾਂ ਦਾ ਅਵਾਰਾ ਲੜਕਾ, ਤੇ ਇਕ ਪੈਰਾਂ ਤੋਂ ਡੁੱਡਾ ਆਦਿ ਧਰਮੀ। ਮੈਂ ਦੋਹਾਂ ਨੂੰ ਮਿਲਾ ਕੇ ਇਕ ਬਣਾ ਲਿਆ ਹੈ। ਮੇਰੀ ਨਜ਼ਰ ਵਿਚ ਉਹ ਇਕ ਸਫਲ ਪਾਤਰ ਹੈ। ਮੈਂ ਦੱਸਣਾ ਇਹ ਚਾਹਿਆ ਹੈ, ਕਿ ਰੋਟੀ ਦੀ ਬੇਫ਼ਿਕਰੀ ਇਕ 'ਭੁੱਖੜ' ਤੇ 'ਨਿਕੰਮੇ' ਮਨੁੱਖ ਨੂੰ ਕਿੰਨਾ ਵਫ਼ਾਦਾਰ 'ਕਾਮਾ' ਬਣਾ ਦੇਂਦੀ ਹੈ। ਸਾਡੀ ਸਭ ਤੋਂ ਵੱਡੀ ਚਿੰਤਾ ਇਹ ਹੈ, ਕਿ ਸਾਨੂੰ 'ਕਲ੍ਹ' ਦਾ ਭਰੋਸਾ ਨਹੀਂ।

ਤੇ ਬਸੰਤ ਕੋਰ? ਚੌੜੇ ਬਜ਼ਾਰ ਵਿਚ ਇਕ ਦਿਨ ਇਕ ਮੇਰਾ ਮਿੱਤਰ ਮਿਲ ਪਿਆ। 'ਸੱਤਿ ਸ੍ਰੀ ਅਕਾਲ' ਕਹਿ ਕੇ ਉਹਨੇ ਕਿੰਨਾ ਚਿਰ ਮੇਰਾ ਹੱਥ ਆਪਣੇ ਹੱਥਾਂ ਵਿਚ ਘੁੱਟ ਛਡਿਆ। ਅੰਤ ਮੈਂ ਹਾਸੇ ਵਾਲੀ ਸੁਰ ਵਿਚ ਪੁਛਿਆ, "ਹੁਣ ਅਗ੍ਹਾਂ ਕੁਛ ਫ਼ੁਰਮਾਓ ਵੀ।"

ਉਹਨੇ ਮੇਰੇ ਕੰਨ ਕੋਲ ਮੂੰਹ ਕਰਕੇ ਕਿਹਾ, "ਮੈਂ ਆਪਣੀ ਘਰ ਦੀ ਨਾਂ ਬਸੰਤ ਕੋਰ ਰੱਖ ਦਿੱਤਾ ਏ।",

ਮੈਂ ਹੱਸ ਕੇ ਕਿਹਾ, "ਪਰ ਤੂੰ ਲੱਖਾ ਸਿੰਘ ਨ ਬਣ ਜਾਈਂ।"

ਉਹਨੇ ਅੱਗੋਂ ਬੜੀ ਦ੍ਰਿੜ੍ਹਤਾ ਨਾਲ ਕਿਹਾ, "ਨਹੀਂ। ਮੈਂ ਲੱਖਾ ਸਿੰਘ ਨਹੀਂ ਬਣਾਂਗਾ। ਮੈਂ ਬਸੰਤ ਕੋਰ ਵਰਗਾ ਹੀ ਵਫ਼ਾਦਾਰ ਰਹਾਂਗਾ। ਵਾਹ, ਕਮਾਲ ਏ।"

ਹੁਣ ਸਵਾਲ ਹੈ, ਕਿ ਮੈਂ ਬਸੰਤ ਕੋਰ ਵੀ ਵੇਖੀ ਹੈ? ਹਾਂ ਵੇਖੀ ਹੈ। (ਪਰ ਉਸਦਾ ਅਸਲੀ ਨਾਮ ਤੇ ਅਸਥਾਨ ਦੱਸਣਾ ਵਾਜਬ ਨਹੀਂ।) ਇਕ ਵਾਰ ਅਸੀਂ ਸਾਰਾ ਜਥਾ ਦੁਪਹਿਰ ਦਾ ਪ੍ਰਸਾਦ ਛਕਣ ਗਏ। ਉਸ ਬੀਬੀ ਦੀ ਉਮਰ ਪੰਜਤਾਲੀ-ਪੰਜਾਹ ਸਾਲ ਦੇ ਬਰਾਬਰ ਸੀ। ਬੜੀ ਰੁਹਬ ਵਾਲੀ ਸਾਊ ਸ਼ਖ਼ਸੀਅਤ। ਪ੍ਰਸਾਦ ਛਕਣ ਪਿਛੋਂ ਉਹਨੇ ਆਪਣੇ ਪੁੱਤਰ ਨੂੰ ਕਿਹਾ, "ਕਾਕਾ! ਮੈਂ ਗਿਆਨੀ ਹੋਰਾਂ ਨਾਲ ਕੁਛ ਗੱਲਾਂ ਕਰਨੀਆਂ

ਚਾਹੁੰਦੀ ਹਾਂ। ਤੂੰ ਇਹਨਾਂ ਦੇ ਸਾਥੀਆਂ ਨੂੰ ਸ਼ਹਿਰ ਦੀ ਸੈਰ ਕਰਾ ਲਿਆ।"

ਮੇਰੇ ਸਾਥੀ ਉਸ ਗਭਰੂ ਨਾਲ ਚਲੇ ਗਏ। ਅਸੀਂ ਬੈਠਕ ਵਿਚ ਬੈਠੇ ਘੰਟਾ-ਡੇਢ ਘੰਟਾ ਗੱਲਾਂ ਬਾਤਾਂ ਕਰਦੇ ਰਹੇ। ਅਸੀਂ ਦੋਵੇਂ ਢਲੀ ਉਮਰ ਸਾਂ। ਨਾ ਸਾਡੇ ਦਿਲਾਂ ਵਿਚ ਕੋਈ ਸ਼ੰਕਾ ਸੀ, ਨਾ ਭੈ। ਉਸ ਬੀਬੀ ਦੀਆਂ ਗੱਲਾਂ ਦਾ ਸਾਰ-ਅੰਸ਼ ਇਹ ਸੀ। "ਗਿਆਨੀ ਜੀ ! ਦਿਲ ਭਰਿਆ ਪਿਆ ਏ। ਤੁਹਾਡੇ ਅੱਗੇ ਫੋਲਣਾ ਚਾਹੁੰਦੀ ਹਾਂ। ਸਰਦਾਰ ਹੋਰਾਂ ਨੂੰ ਤੁਸੀਂ ਜਾਣਦੇ ਹੀ ਹੋ। ਕਦੇ ਸਾਡਾ ਆਪਸ ਵਿਚ ਬੜਾ ਪਿਆਰ ਸੀ। ਇਹ ਸਾਡਾ ਵੱਡਾ ਪੁੱਤਰ ਹੈ। ਹੁਣ ਮੈਂ ਏਸੇ ਕੋਲ ਰਹਿੰਦੀ ਹਾਂ। ਦੋ ਇਸ ਤੋਂ ਛੋਟੇ ਨੇ। ਕਹਿ ਨਹੀਂ ਸਕਦੀ, ਕਿਉਂ ? ਪਰ ਉਹ ਮੈਥੋਂ ਦੂਰ ਹੋਣ ਲੱਗ ਪਏ। ਅੰਤ ਉਹਨਾ ਇਕ ਹੋਰ ਮੁਟਿਆਰ ਨਾਲ ਵਿਆਹ ਕਰ ਲਿਆ। ਉਸ ਦਿਨ ਤੋਂ ਸਾਡਾ ਪਤੀ-ਪਤਨੀ ਦਾ ਰਿਸ਼ਤਾ ਖ਼ਤਮ ਹੋ ਗਿਆ। ਮੈਂ ਨਵੀਂ ਆਈ ਨੂੰ ਚੰਗੀ ਮਾੜੀ ਨਹੀਂ ਕਹੀ। ਅੱਜ ਵੀ ਉਸਦਾ ਕੋਈ ਕਸੂਰ ਨਹੀਂ ਸਮਝਦੀ। ਮੈਂ ਆਪਣੇ ਕੱਪੜੇ ਲੈ ਕੇ ਪੁੱਤਰ ਦੇ ਘਰ ਆ ਗਈ। ਉਸ ਸਮੇਂ ਇਹ ਪਿਤਾ ਨਾਲੋਂ ਵੱਖਰਾ, ਨੌਕਰੀ ਕਰ ਰਿਹਾ ਸੀ।...... .. ਦੋ ਸਾਲ ਪਿੱਛੋਂ ਦੂਸਰੀ ਦੇ ਘਰ ਲੜਕਾ ਹੋਇਆ। ਮੈਨੂੰ ਪਤਾ ਲੱਗਾ, ਕਿ ਉਹ ਸਖ਼ਤ ਬੀਮਾਰ ਹੈ। ਮੈਂ ਬਿਨਾਂ ਬੁਲਾਈ ਚਲੀ ਗਈ। ਦੋ ਮਹੀਨੇ ਮੈਂ ਛੋਟੀਆਂ ਭੈਣਾਂ ਵਾਂਗ ਉਸਦੀ ਸੇਵਾ ਕੀਤੀ। ਗਿਆਨੀ ਜੀ! ਮੈਨੂੰ ਘਰ ਆਈ ਨੂੰ ਵੇਖ ਕੇ ਸਰਦਾਰ ਹੋਰਾਂ 'ਸੱਤ ਸ੍ਰੀ ਅਕਾਲ' ਕਹੀ। ਮੈਂ ਸਤਕਾਰ ਵਜੋਂ ਉਠ ਕੇ ਸੱਤ ਸ੍ਰੀ ਅਕਾਲ ਦਾ ਉੱਤਰ ਦਿੱਤਾ, ਤੇ ਬੱਸ। ਉਹ ਰਾਜ਼ੀ ਹੋ ਗਈ। ਮੈਂ ਕਿਹਾ, 'ਬੀਬੀ ਰਾਣੀ ! ਹੁਣ ਤੂੰ ਠੀਕ ਠਾਕ ਹੈਂ। ਆਪਣਾ ਘਰ ਸੰਭਾਲ। ਮੈਂ ਚੱਲੀ ਆਂ।"ਉਹਨੇ ਕਿਹਾ, 'ਸਰਦਾਰ ਹੋਰਾਂ ਨੂੰ ਤਾਂ ਆ ਲੈਣ ਦਿਹੋ। ਉਹਨਾਂ ਤੋਂ ਪੁੱਛ ਕੇ ....।' ਮੈਂ ਉੱਤਰ ਦਿੱਤਾ, 'ਉਹ ਮੈਨੂੰ ਲੈਣ ਨਹੀਂ ਸੀ ਗਏ। ਨਾ ਹੀ ਮੈਂ ਏਸ ਬਹਾਨੇ ਇਸ ਘਰ ਵਿਚ ਰਹਿਣ ਵਾਸਤੇ ਆਈ ਸਾਂ। ਤੇਰੇ ਬਦਲੇ, ਤੈਨੂੰ ਛੋਟੀ ਭੈਣ ਸਮਝ ਕੇ, ਮੈਂ ਆਪਣੇ ਆਪ ਆਈ ਸਾਂ, ਤੇ ਆਪਣੇ ਆਪ ਚੱਲੀ ਹਾਂ।' ......ਗਿਆਨੀ ਜੀ ! ਅੱਜ ਵੀ ਅਸੀਂ ਕਦੇ ਕਦਾਈਂ ਮਿਲਦੇ ਹਾਂ, ਤਾਂ ਸੱਤ ਸ੍ਰੀ ਅਕਾਲ ਜ਼ਰੂਰ ਕਹਿੰਦੇ ਹਾਂ। ਹੋਰ ਸਾਡਾ ਕੋਈ ਸੰਬੰਧ ਨਹੀਂ ਰਿਹਾ। ਮੈਨੂੰ ਸੌਂਕਣ ਨਾਲ ਵੀ ਕੋਈ ਗਿਲ੍ਹਾ ਨਹੀਂ। ਉਹਦਾ ਕੋਈ ਕਸੂਰ ਨਹੀਂ। ਮੈਨੂੰ ਉਹਨਾਂ ਉੱਤੇ ਵੀ ਕੋਈ ਗਿਲ੍ਹਾ ਨਹੀਂ। ਉਨ੍ਹਾਂ ਦਾ ਮਨ ਮੈਥੋਂ ਉਕਤਾ ਗਿਆ ਸੀ। ਕਾਰਨ ਮੈਂ ਨਹੀਂ ਜਾਣਦੀ। ਮੈਨੂੰ ਸਿਰਫ਼ ਇਕੋ ਗੱਲ ਦਾ ਦੁੱਖ ਹੈ, ਕਿ ਉਹ ਹੁਣ ਵੀ ਸੁਖੀ ਨਹੀਂ। ਵਾਹਵਾ !........."

ਉਹ ਹੈ 'ਜੁੱਗ ਬਦਲ ਗਿਆ' ਦੀ ਬਸੰਤ ਕੌਰ।

ਇਸ ਨਾਵਲ ਦੇ ਅੰਤ ਉਤੇ ਇਤਰਾਜ਼ ਕੀਤਾ ਜਾਂਦਾ ਹੈ, ਕਿ ਇਹ ਸਿਰਫ਼ 'ਸਾਹਿਤਕ ਨਿਆਂ' ਹੈ। ਮੇਰਾ ਜਵਾਬ ਹੈ, ਕਿ ਇਸ ਤੋਂ ਵੱਧ ਹੋਰ ਕੁਛ ਹੋ ਹੀ ਨਹੀਂ ਸੀ ਸਕਦਾ। ਸਰਵਣ ਸਿੰਘ, ਲੱਖਾ ਸਿੰਘ ਦਾ ਪੁੱਤਰ ਨਹੀਂ। (ਇਸ ਸਚਾਈ ਨੂੰ ਲੱਖਾ ਸਿੰਘ ਵੀ ਜਾਣਦਾ ਹੈ।) ਪਰ ਸਰਵਣ ਦੀ ਮਾਂ—ਸਵਰਨੀ—ਲੱਖਾ ਸਿੰਘ ਦੀ ਵਿਆਹੁਤਾ ਹੈ। ਇਸ ਵਾਸਤੇ ਸਰਵਣ ਸਿੰਘ ਲੱਖਾ ਸਿੰਘ ਦੀ ਜਾਇਦਾਦ ਦਾ ਕਾਨੂੰਨੀ ਹੱਕਦਾਰ ਹੈ। ਜਰਨੈਲ ਸਿੰਘ ਹਕੀਕਤ ਵਿਚ ਲੱਖਾ ਸਿੰਘ ਦਾ ਪੁੱਤਰ ਹੈ ਪਰ ਜਰਨੈਲ ਸਿੰਘ ਦੀ ਮਾਂ—ਰਾਜੋ—ਲੱਖਾ ਸਿੰਘ ਦੀ ਨਹੀਂ, ਡੱਡੇ ਦੀ ਵਹੁਟੀ ਹੈ। ਇਸ ਲਈ ਜਰਨੈਲ ਸਿੰਘ ਲੱਖਾ ਸਿੰਘ ਦੀ

ਜਾਇਦਾਦ ਵਿਚ ਹੱਕਦਾਰ ਨਹੀਂ । ਲੱਖਾ ਸਿੰਘ ਆਪਣੀ ਜਾਇਦਾਦ ਵਿਚੋਂ ਉਸਨੂੰ ਕੁਛ ਦੇਣਾ ਵੀ ਚਾਹੁੰਦਾ, ਤਾਂ ਸਮੇਂ ਦੇ ਕਾਨੂੰਨ ਅਨੁਸਾਰ ਹਰਨਾਮ ਸਿੰਘ ਤੇ ਸਰਵਣ ਸਿੰਘ ਉਸਨੂੰ ਰੋਕ ਸਕਦੇ ਸਨ ।

(ਇਸ ਨਾਵਲ ਦੀ ਕਾਫ਼ੀ ਚਰਚਾ ਹੋ ਚੁੱਕੀ ਹੈ, ਸੋ ਵਧੇਰੇ ਲਿਖਣ ਦੀ ਲੋੜ ਨਹੀਂ । ਹੋਰ ਵੇਖਣ ਵਾਸਤੇ ਪੜ੍ਹੋ 'ਨਾਵਲਕਾਰ ਸੋਹਣ ਸਿੰਘ ਸੀਤਲ' ।)

16. **ਜਵਾਲਾ ਮੁਖੀ** :

ਇਹ ਇਕ ਮਜਬੂਰ ਲੜਕੀ ਦੀ ਛੋਟੀ ਜੇਹੀ ਕਹਾਣੀ ਹੈ, ਪਰ ਬਿਲਕੁਲ ਸੱਚੀ । ਮੇਰੇ ਦੂਸਰੇ ਨਾਵਲਾਂ ਵਾਂਗ ਇਸ ਵਿਚ ਆਏ ਸਾਰੇ ਪਾਤਰਾਂ ਦੇ ਨਾਮ ਫ਼ਰਜ਼ੀ ਹਨ । ਕਹਾਣੀ ਵੀ ਪਿੰਡ 'ਖਾਰਾ' ਦੀ ਨਹੀਂ, ਕਿਸੇ ਹੋਰ ਨੱਗਰ ਦੀ ਹੈ ।

ਕਿਸੇ ਖ਼ਾਸ ਆਦਮੀ 'ਤੇ ਚੋਟ ਕਰਨੀ ਮੇਰਾ ਨਿਸ਼ਾਨਾ ਨਹੀਂ । ਸਮੁੱਚੇ ਤੌਰ ਤੇ ਮਾਨਵਤਾ ਦੀ ਪੀੜ ਹੀ ਮੇਰੇ ਦਿਲ ਦਾ ਦਰਦ ਹੈ, ਜੋ ਮੇਰੀ ਕਲਮ ਰਾਹੀਂ ਆਪ-ਮੁਹਾਰਾ ਪਰਗਟ ਹੁੰਦਾ ਹੈ ।

ਕਹਾਣੀ ਇਉਂ ਹੈ :—ਮੱਖਣ ਸਿੰਘ ਚੋਖੀ ਜ਼ਮੀਨ ਦਾ ਮਾਲਕ ਸੀ । ਔਲਾਦ ਨਾ ਹੋਣ ਕਾਰਨ ਉਸਨੇ ਕਈ ਵਿਆਹ ਕਰਾਏ । ਗੁਰਨਾਮ ਕੌਰ ਉਸਦੀ ਤੀਸਰੀ ਪਤਨੀ ਸੀ । ਪਹਿਲੀਆਂ ਦੋਵੇਂ ਮਰ ਚੁਕੀਆਂ ਸਨ । ਇਸ ਲਈ ਗੁਰਨਾਮ ਕੌਰ ਉਸ ਨਾਲੋਂ ਉਮਰ ਵਿਚ ਕਾਫ਼ੀ ਛੋਟੀ ਸੀ । ਰੱਬ ਦਾ ਕੋਈ ਸ਼ਰੀਕ ਨਹੀਂ । ਔਲਾਦ ਗੁਰਨਾਮ ਕੌਰ ਦੇ ਘਰ ਵੀ ਨਾ ਹੋਈ । ਬਾਲਕ ਦੀ ਥੁੜ ਪੂਰੀ ਕਰਨ ਬਦਲੇ ਗੁਰਨਾਮ ਕੌਰ ਆਪਣੀ ਛੋਟੀ ਭੈਣ ਸ਼ਾਮੋਂ ਨੂੰ ਕੋਲ ਲੈ ਆਈ । ਸ਼ਾਮੋਂ ਉਸ ਤੋਂ ਚੌਥੇ ਥਾਂ ਛੋਟੀ ਸੀ । ਉਹ ਛੇ-ਕੁ ਸਾਲ ਦੀ ਸੀ, ਜਦੋਂ ਭੈਣ ਕੋਲ ਆਈ । ਤੇ ਲਗਭਗ ਛੇ ਸਾਲ ਭੈਣ ਕੋਲ ਰਹੀ । ਉਹ ਓਸੇ ਪਿੰਡ ਨੂੰ ਆਪਣਾ ਪੇਕਾ ਪਿੰਡ ਸਮਝਦੀ ਸੀ । ਕਈ ਵਾਰ ਉਹਨੇ ਭੈਣ-ਭਣਵਈਏ ਦਾ ਮਾਣ ਰੱਖਣ ਵਾਸਤੇ ਕਹਿਣਾ, "ਮੈਂ ਤਾਂ ਤੁਹਾਡੀ ਧੀ ਆਂ" ।

ਭਾਗ ਸਿੰਘ, ਮੱਖਣ ਸਿੰਘ ਦੇ ਚਾਚੇ ਦਾ ਪੁੱਤਰ ਸੀ । ਦੋਵੇਂ ਘਰ ਇਕੋ ਜੇਹੇ ' ਹਣੇ ਦੇ ਸਨ । ਮਗਰ ਭਾਗ ਸਿੰਘ ਦੇ ਘਰ ਔਲਾਦ ਸੀ, ਤੇ ਮੱਖਣ ਸਿੰਘ ਨਿਰ-ਸੰਤਾਨ ਸੀ, ਇਸ ਵਾਸਤੇ ਮਗਰਲਾ ਪਹਿਲੇ ਨਾਲ ਈਰਖਾ ਕਰਦਾ ਸੀ ।

ਮੱਖਣ ਸਿੰਘ ਦੀ ਮਰਜ਼ੀ ਦੇ ਉਲਟ ਗੁਰਨਾਮ ਕੌਰ ਤੇ ਉਸਦੀ ਮਾਂ ਨੇ ਸ਼ਾਮੋ ਦਾ ਰਿਸ਼ਤਾ ਭਾਗ ਸਿੰਘ ਦੇ ਪੁੱਤਰ ਬੂਟਾ ਸਿੰਘ ਨੂੰ ਕਰ ਦਿੱਤਾ । ਮੱਖਣ ਸਿੰਘ ਇਸ ਗੱਲ ਤੋਂ ਬਹੁਤ ਨਾਰਾਜ਼ ਹੋ ਗਿਆ ।

ਮੱਖਣ ਸਿੰਘ ਦੀ ਹਉਮੈ 'ਤੇ ਬਹੁਤ ਚੋਟ ਲੱਗੀ । ਉਸ ਨੇ ਕਸਮ ਖਾ ਲਈ, ਕਿ ਇਹ ਰਿਸ਼ਤਾ ਨੇਪਰੇ ਨਹੀਂ ਚੜ੍ਹਨ ਦੇਣਾ । ਪਹਿਲਾਂ ਉਹਨੇ ਭਾਗ ਸਿੰਘ ਦੇ ਖਲਵਾੜੇ ਨੂੰ ਅੱਗ ਲੁਆ ਦਿੱਤੀ ! ਪਰ ਭਾਗ ਸਿੰਘ ਨੇ ਖਲਵਾੜਾ ਸਾੜਨ ਬਾਰੇ ਕਿਸੇ ਸਿਰ ਇਲਜ਼ਾਮ ਨਾ ਲਾਇਆ ।

ਫਿਰ ਮੱਖਣ ਸਿੰਘ ਨੇ ਆਪਣੇ ਘਰ ਨੂੰ ਆਪ ਸੰਨ੍ਹ ਲੁਆਈ, ਤੇ ਭਾਗ ਸਿੰਘ ਤੇ ਉਸਦੇ ਜਵਾਈ ਵਿਰੁੱਧ ਚੋਰੀ ਦੀ ਰੀਪੋਰਟ ਲਿਖਵਾਈ । ਪੁਲੀਸ ਆ ਗਈ । ਪਰ ਪਿੰਡ ਦੀ ਪੰਚਾਇਤ ਨੇ ਇਸ ਕੇਸ ਨੂੰ ਝੂਠਾ ਮੰਨਿਆਂ । ਸੋ ਗੱਲ ਏਥੇ ਹੀ ਮੁੱਕ ਗਈ ।

ਫਿਰ ਮੱਖਣ ਸਿੰਘ ਨੇ ਭਾਗ ਸਿੰਘ, ਉਸਦੇ ਨਾਬਾਲਗ ਪੁੱਤਰ ਤੇ ਜਵਾਈ ਦੇ ਵਿਰੁੱਧ ਜ਼ਮਾਨਤਾਂ ਦੀ ਅਰਜ਼ੀ ਦਿੱਤੀ। ਪਿੰਡ ਨੇ ਸੁਲ੍ਹਾ ਕਰਾ ਦਿੱਤੀ।

ਛਿੱਥੇ ਪੈ ਕੇ ਮੱਖਣ ਸਿੰਘ ਨੇ ਆਪਣੇ ਹੱਥੀਂ ਸਰੀਰ ਉਤੇ ਉਸਤਰੇ ਦੇ ਫੱਟ ਲਾ ਕੇ, ਭਾਗ ਸਿੰਘ, ਉਸਦੇ ਪੁੱਤਰ ਤੇ ਜਵਾਈ ਦੇ ਖਿਲਾਫ਼ ਇਰਾਦਾ ਕਤਲ ਦਾ ਮੁਕੱਦਮਾ ਬਣਾ ਦਿੱਤਾ। ਮੁਕੱਦਮੇ ਵਿਚੋਂ ਭਾਗ ਸਿੰਘ ਕੇ ਸਾਰੇ ਬਰੀ ਹੋ ਗਏ। ਪਰ ਨਤੀਜੇ ਵਜੋਂ ਸ਼ਾਮੋ ਤੇ ਬੂਟਾ ਸਿੰਘ ਦਾ ਰਿਸ਼ਤਾ ਟੁੱਟ ਗਿਆ। ਉਹਨਾਂ ਦੋਹਾਂ ਦੇ ਦਿਲਾਂ 'ਤੇ ਇਸਦਾ ਬਹੁਤ ਬੁਰਾ ਅਸਰ ਪਿਆ, ਕਿਉਂਕਿ ਬਾਲ ਉਮਰੇ ਇਕਠੇ ਖੇਡਣ ਕਰਕੇ ਦੋਹਾਂ ਦਾ ਪਿਆਰ ਸੀ।

ਅੰਤ ਅਨੇਕਾਂ ਵਲ ਫ਼ਰੇਬ ਕਰਕੇ, ਘਰ ਦੀ ਤੇ ਸੌਹਰਿਆਂ 'ਤੇ ਦਬਾਅ ਪਾ ਕੇ ਮੱਖਣ ਸਿੰਘ ਸ਼ਾਮੋ ਨੂੰ ਵਿਆਹ ਕੇ ਆਪਣੇ ਘਰ ਲੈ ਆਇਆ। ਉਸ ਸਮੇਂ ਮੱਖਣ ਸਿੰਘ ਦੀ ਉਮਰ ਸੱਠ ਸਾਲ ਦੇ ਲਗਭਗ ਸੀ। ਤੇ ਵਿਚਾਰੀ ਸ਼ਾਮੋ ਪੰਦਰਾਂ-ਸੋਲਾਂ ਸਾਲ ਦੀ ਸੀ। ਇਉਂ ਸਮਝੋ, ਦਾਦੇ ਪੋਤਰੀ ਦਾ ਵਿਆਹ ਹੋ ਗਿਆ, ਤੇ ਸਮਾਜ ਨੇ ਉਸ ਨੂੰ ਪਰਵਾਨ ਕਰ ਲਿਆ।

'ਕੁਰਬਾਨੀ ਦਾ ਬਕਰਾ' ਸ਼ਾਮੋ, ਜਿਸ ਪਿੰਡ ਨੂੰ ਆਪਣਾ ਪੇਕਾ ਸਮਝਦੀ ਸੀ, ਸਹੇ-ਲੀਆਂ ਨਾਲ ਦੁੜੰਗੇ ਲਾਉਂਦਿਆਂ ਜਿੱਥੇ ਉਸ ਨੇ ਬਾਲ-ਵਰੇਸ ਗੁਜ਼ਾਰੀ ਸੀ, ਉਹ ਬਦ-ਕਿਸਮਤ ਓਸੇ ਪਿੰਡ ਵਿਚ 'ਵਹੁਟੀ' ਬਣ ਕੇ ਆ ਗਈ, ਤੇ ਵਹੁਟੀ ਵੀ ਹਾਣ-ਪ੍ਰਵਾਣ ਸੁਹਾਗ ਦੀ ਨਹੀਂ, ਸਗੋਂ ਦਾਦੇ ਦੇ ਹਾਣੀ ਬੁੱਢੇ ਦੀ।

ਛੋਟੀਆਂ ਛੋਟੀਆਂ ਬਾਲੜੀਆਂ ਖੇਡਦਿਆਂ ਬੋਲੀ ਪਾਇਆ ਕਰਦੀਆਂ ਹਨ : 'ਜਿਹੜੀ ਗਿੱਧਾ ਨਾ ਪਾਵੇ, ਰੰਨ ਬਾਬੇ ਦੀ।' ਉਹਨਾਂ ਦੀ ਬੋਲੀ ਵਿਚ 'ਬਾਬੇ ਦੀ ਰੰਨ' ਬਣਨਾ ਬਹੁਤ ਵੱਡੀ ਗਾਹਲ ਹੈ। ਤੇ ਨਿਕਰਮਣ ਸ਼ਾਮੋ ਨੂੰ 'ਬਾਬੇ ਦੀ ਰੰਨ' ਬਣ ਕੇ ਜਿਉਣ ਲਈ ਮਜਬੂਰ ਹੋਣਾ ਪੈ ਗਿਆ। ਸਹੁਰੇ ਘਰ ਉਹਨੇ ਇਕ ਸਾਲ ਕਟਿਆ, ਪਰ ਪਤੀ ਤੋਂ, ਜਾਂ ਕਿਸੇ ਜ਼ਨਾਨੀ ਤੋਂ ਵੀ ਘੁੰਡ ਨਹੀਂ ਲਾਹਿਆ। ਸ਼ਾਇਦ ਉਸ ਦਾ ਵੱਸ ਚਲਦਾ, ਤਾਂ ਉਹ ਧਰਤੀ ਦੇ ਥੱਲੇ ਗ਼ਰਕ ਹੋ ਕੇ ਸਾਰੀ ਦੁਨੀਆਂ ਤੋਂ ਆਪਣਾ ਮੂੰਹ ਛੁਪਾ ਲੈਂਦੀ।

ਮੱਖਣ ਸਿੰਘ ਦੋਹਾਂ ਪਤਨੀਆਂ ਨੂੰ ਨਾਲ ਲੈ ਕੇ ਤਰਨ ਤਾਰਨ ਸੁੱਖਣਾ ਸੁੱਖਣ ਗਿਆ। ਅਗਲੇ ਦਿਨ ਉਹ ਮਰੀ ਹੋਈ ਸ਼ਾਮੋ ਨੂੰ ਨਾਲ ਲੈ ਕੇ ਪਰਤੇ। ਸਤ੍ਹਾਰਵੇਂ ਸਾਲ ਵਿਚ ਹੀ ਸੋਹਲ ਸੁਨੱਖੀ ਸ਼ਾਮੋ ਅੰਦਰੇ ਅੰਦਰ ਮਲ੍ਹੀ ਵਾਂਗ ਧੁਖਦੀ, ਸਿਵੇ ਵਿਚ ਸੜ ਕੇ ਭਸਮ ਹੋ ਗਈ।

ਘਰ ਦੇ ਕਹਿੰਦੇ ਸਨ, 'ਉਸ ਨੂੰ ਹੈਜ਼ਾ ਹੋ ਗਿਆ ਸੀ।'

ਇਕ ਦਿਨ ਸੁੱਤੇ ਹੀ ਮੈਨੂੰ ਉਸ ਦੀ ਯਾਦ ਆ ਗਈ। ਜ਼ਨਾਨੀਆਂ ਨੇ ਦੱਸਿਆ ਸੀ, ਕਿ ਸ਼ਾਮੋਂ ਦੇ ਸਾਰੇ ਰਾਹੀਂ ਲਹੂ ਵਗਿਆ ਹੋਇਆ ਸੀ। ਮੇਰੇ ਮਨ ਵਿਚ ਆਈ, 'ਉਹ ਹੈਜ਼ੇ ਨਾਲ ਨਹੀਂ ਸੀ ਮਰੀ, ਸਗੋਂ ਉਸ ਨੇ ਆਤਮ-ਘਾਤ ਕੀਤਾ ਸੀ।'

ਇਸ ਖ਼ਿਆਲ ਦੇ ਅਸਰ ਥੱਲੇ ਮੈਂ ਦਸ-ਪੰਦਰਾਂ ਦਿਨ ਬਹੁਤ ਬੇਚੈਨ ਰਿਹਾ। ਕਿਸੇ ਵੇਲੇ ਵੀ ਉਹ ਮੇਰੀਆਂ ਨਜ਼ਰਾਂ ਤੋਂ ਓਹਲੇ ਨਾ ਹੋਵੇ। ਅੰਤ ਮੈਂ ਇਹ ਨਾਵਲ ਲਿਖਿਆ, ਤਾਂ ਮੇਰੀ ਆਤਮਾ ਨੂੰ ਚੈਨ ਆਇਆ।

ਇਸ ਕਹਾਣੀ ਦਾ ਕੁਛ ਹਿੱਸਾ ਮੇਰੀ ਆਪਣੀ ਕਹਾਣੀ ਨਾਲ ਮਿਲਦਾ ਹੈ। ਪਰ ਮੈਂ ਬੂਟਾ ਸਿੰਘ ਨਹੀਂ ਹਾਂ। ਬਾਕੀ ਸਾਰੇ ਪਾਤਰ ਮੇਰੇ ਵੇਖੇ ਡਿੱਠੇ ਹਨ। 'ਰਾਜ' ਕੁਛ ਵੇਖਿਆ ਡਿੱਠਾ, ਤੇ ਕੁਛ ਕੁਛ ਕਲਪਤ ਪਾਤਰ ਹੈ। ਬੂਟਾ ਸਿੰਘ ਵਧੇਰੇ ਕਲਪਤ ਪਾਤਰ ਹੈ। ਜਿਸ ਸੱਜਣ (ਕਵੀ) ਤੋਂ ਮੈਂ ਉਹ ਪਾਤਰ ਚਿਤਰਿਆ ਹੈ, ਉਹ ਉਸ ਤੋਂ ਬਿਲਕੁਲ ਵੱਖਰਾ ਰੂਪ ਧਾਰਨ ਕਰ ਗਿਆ ਹੈ।

'ਰਾਜ' ਬਾਰੇ ਮੈਨੂੰ ਕੁਛ ਜਜ਼ਬਾਤੀ ਗਭਰੂਆਂ ਦੀਆਂ ਚਿੱਠੀਆਂ ਵੀ ਆਈਆਂ, 'ਕਾਸ਼ ! ਮੈਨੂੰ ਰਾਜ ਵਰਗੀ ਸਾਥਣ ਮਿਲ ਜਾਂਦੀ।'

17. **ਸੁੰਞਾ ਆਲ੍ਹਣਾ**

ਇਹ ਇਕ ਛੋਟਾ ਨਾਵਲ ਹੈ। ਇਸਦਾ ਮੁੱਖ ਪਾਤਰ ਮੇਰਾ ਚੰਗੀ ਤਰ੍ਹਾਂ ਵੇਖਿਆ ਡਿੱਠਾ ਹੈ। ਵਿਸ਼ੇ ਵਸਤੂ ਹੈ : ਇਕ ਇਕੱਲਾ ਮਨੁੱਖ, ਜਿਸਦੀ ਨਾ ਕੋਈ ਜ਼ਾਇਦਾਦ ਹੈ, ਤੇ ਨਾ ਹੀ ਕੋਈ ਆਪਣਾ, ਨਾ ਪਤਨੀ, ਨਾ ਪੁੱਤਰ, ਨਾ ਭਰੱ, ਨਾ ਕੋਈ ਹੋਰ ਸੰਬੰਧੀ। ਉਹ ਪਿੰਡ ਵਿਚ ਕਿਵੇਂ ਜ਼ਿੰਦਗੀ ਗੁਜ਼ਾਰਦਾ ਹੈ। ਉਹਦੇ ਹਾਸਿਆਂ ਥੱਲੇ ਕਿਨੀਆਂ ਉਦਾ-ਸੀਆਂ ਲੁਕੀਆਂ ਹੋਈਆਂ ਹਨ।

ਇਹ ਨਾਵਲ ਮੈਂ ਲਿਖਣਾ ਸ਼ੁਰੂ ਕੀਤਾ ਸੀ 'ਜੁੱਗ ਬਦਲ ਗਿਆ' ਤੋਂ ਪਹਿਲਾਂ, ਤੇ ਛਪਣ ਦੀ ਵਾਰੀ ਆਈ ਸਭ ਤੋਂ ਪਿੱਛੋਂ। ਸਹੀ ਅਰਥਾਂ ਵਿਚ (ਹੁਣ ਤਕ) ਮੇਰਾ ਆਖ਼ਰੀ ਨਾਵਲ 'ਜਵਾਲਾਮੁਖੀ' ਹੈ।

ਦੋ ਇਤਿਹਾਸਕ ਨਾਵਲ

1. ਮਹਾਰਾਣੀ ਜਿੰਦਾਂ
2. ਮਹਾਰਾਜਾ ਦਲੀਪ ਸਿੰਘ।

ਇਹਨਾਂ ਬਾਰੇ ਏਨਾ ਹੀ ਕਹਿਣਾ ਹੈ, ਕਿ ਇਹਨਾਂ ਦਾ ਰੰਗ, ਇਹਨਾਂ ਦੀ ਭਾਸ਼ਾ ਨਾਵਲੀ ਹੈ, ਪਰ ਕਹਾਣੀ ਇਤਿਹਾਸ ਦੇ ਨਾਲ ਨਾਲ ਚਲਦੀ ਹੈ। ਜਿੱਥੇ ਕਿਤੇ ਕੁਛ ਕਲਪਣਾ ਵੀ ਹੈ, ਉਹ ਇਤਿਹਾਸਕ ਸਚਾਈ ਦਾ ਵਿਰੋਧ ਨਹੀਂ ਕਰਦੀ।

ਤਿੰਨ ਛੋਟੇ ਨਾਵਲ

1. ਸੁਰਗ ਸਵੇਰਾ, 1961
2. ਹਿਮਾਲੀਆ ਦੇ ਰਾਖੇ, 1963
3. ਸੱਭੇ ਸਾਂਝੀਵਾਲ ਸਦਾਇਨ, 1965

ਭਾਰਤ ਸਰਕਾਰ ਦੀ ਐਜੂਕੇਸ਼ਨ ਮਨਿਸਟਰੀ, ਨੌਂ-ਸਿੱਖਿਅਕਾਂ ਵਾਸਤੇ ਸਾਹਿਤ ਲਿਖਵਾਉਂਦੀ ਹੈ। ਇਨ੍ਹਾਂ ਪੁਸਤਕਾਂ 'ਤੇ ਹਰ ਸਾਲ ਮੁਕਾਬਲੇ 'ਤੇ ਇਨਾਮ ਦਿੱਤੇ ਜਾਂਦੇ ਹਨ। ਕੋਈ ਵੀ ਲੇਖਕ ਵੱਧ ਤੋਂ ਵੱਧ ਤਿੰਨ ਵਾਰ ਇਨਾਮ ਲੈ ਸਕਦਾ ਹੈ। ਮੇਰੇ ਇਹਨਾਂ ਤਿੰਨਾਂ ਨਾਵਲਾਂ ਨੂੰ ਇਨਾਮ ਮਿਲ ਚੁੱਕਾ ਹੈ।

ਦੋ ਅਧੂਰੇ ਨਾਵਲ

1974 ਵਿਚ ਮੇਰੇ ਨਾਵਲ 'ਜੁੱਗ ਬਦਲ ਗਿਆ' ਨੂੰ 'ਸਾਹਿਤ ਅਕਾਡਮੀ' ਦਾ ਸਨਮਾਨ ਮਿਲ ਗਿਆ। ਉਹਨਾਂ ਲੋਕਾਂ ਨੂੰ ਬੜੀ ਹੈਰਾਨੀ (ਸਗੋਂ ਪਰੇਸ਼ਾਨੀ) ਹੋਈ, ਜੋ ਪੂਰੀ ਦ੍ਰਿੜ੍ਹਤਾ ਨਾਲ ਕਹਿੰਦੇ ਸਨ, ਕਿ ਹੋਰ ਸਭ ਕੁਛ ਹੋ ਸਕਦਾ ਹੈ, ਪਰ ਇਕ ਦਾੜ੍ਹੀ

ਨਾਵਲਕਾਰ ਨਹੀਂ ਹੋ ਸਕਦਾ। (ਪਤਾ ਨਹੀਂ, ਉਹਨਾਂ ਦਾ ਇਹ ਭਰਮ ਕਦੋਂ ਤਕ ਕਾਇਮ ਰਹੇਗਾ।)

ਉਸ ਤੋਂ ਪਿਛੋਂ ਮੈਂ ਇਕ ਨਾਵਲ ਲਿਖਣਾ ਸ਼ੁਰੂ ਕੀਤਾ, "ਉਹ ਪਾਗਲ ਨਹੀਂ।" ਪਰ ਹੋਰ ਕੰਮ ਵਿਚ ਰੁਝ ਜਾਣ ਕਰਕੇ ਉਹ ਅਜੇ ਅਧੂਰਾ ਹੀ ਪਿਆ ਹੈ।

ਰੂਸੀ ਨਾਵਲਕਾਰ 'ਸ਼ੋਲੋਖੋਵ' ਦੀ ਮਹਾਨ ਰਚਨਾ "ਤੇ ਡਾਨ ਵਹਿੰਦਾ ਰਿਹਾ" ਮੈਂ ਦੋ-ਤਿੰਨ ਵਾਰ ਪੜ੍ਹੀ। ਉਹ ਮੈਨੂੰ ਬਹੁਤ ਪਸੰਦ ਆਈ। ਮੈਂ ਕਈ ਦਿਨ ਸੋਚਦਾ ਰਿਹਾ, ਕਿ ਸਿੱਖ ਇਤਿਹਾਸ ਦਾ ਉਹ ਸਮਾਂ (ਬੰਦਾ ਸਿੰਘ ਤੋਂ ਲੈ ਕੇ ਮ. ਰਣਜੀਤ ਸਿੰਘ ਦੇ ਲਾਹੌਰ ਦਾ ਤਖ਼ਤ ਲੈਣ ਤਕ) ਤਾਂ ਇਸ ਨਾਲੋਂ ਬਹੁਤ ਬਲਵਾਨ ਹੈ। ਮੈਂ ਨਾਵਲ ਲਿਖਣਾ ਸ਼ੁਰੂ ਕੀਤਾ 'ਸਿੰਘ ਬੁੱਕੇ'। ਥੋੜਾ ਹੀ ਲਿਖਿਆ ਸੀ, ਜਾਂ ਮੈਂ ਸਿੱਖ ਇਤਿਹਾਸ ਦੀ ਖੋਜ ਵਿਚ ਰੁਝ ਗਿਆ। ਪਰ ਮੇਰੀ ਰੀਝ ਹੈ, ਕਿ ਕਦੇ ਉਹ ਨਾਵਲ ਪੂਰੇ ਕਰ ਸਕਾਂ।

'ਸਿੱਖ ਇਤਿਹਾਸ ਦੇ ਸੋਮੇ' ਬਾਰੇ ਕਹਿਣ ਤੋਂ ਪਹਿਲਾਂ ਮੈਂ ਆਲੋਚਕਾਂ ਬਾਰੇ ਕੁਛ ਕਹਿਣਾ ਚਾਹੁੰਦਾ ਹਾਂ। ਮਗਰ ਮੈਂ ਆਲੋਚਕਾਂ ਦੇ ਵਿਰੁੱਧ ਨਹੀਂ। ਇਕਬਾਲ ਦਾ ਇਕ ਸ਼ੇਅਰ ਹੈ:

"ਬੁਰਾ ਸਮਝੂੰ ਇਨ੍ਹੇ, ਮੁਝ ਸੇ ਤੋ ਐਸਾ ਹੋ ਨਹੀਂ ਸਕਤਾ,
ਕਿ ਮੈਂ ਖ਼ੁਦ ਭੀ ਤੋ ਹੂੰ ਇਕਬਾਲ ਅਪਨੇ ਨੁਕਤਾਚੀਨੋਂ ਮੇਂ।"

ਕਾਫ਼ੀ ਸਮੇਂ ਤਕ ਤਾਂ ਵਿੱਦਵਾਨਾਂ ਨੇ ਮੇਰੀਆਂ ਲਿਖਤਾਂ ਵੱਲ ਧਿਆਨ ਹੀ ਨਾ ਦਿੱਤਾ। ਇਕ ਢਾਡੀ ਕੀ, ਤੇ ਨਾਵਲਕਾਰ ਕੀ। ਤੇ ਜੇ ਕਿਸੇ ਨੇ ਮੇਰਾ ਕੋਈ ਨਾਵਲ ਪੜ੍ਹਿਆ ਵੀ, ਤਾਂ ਉਹ ਇਸ ਝਿਜਕ ਵਿਚ ਰਿਹਾ, ਕਿ ਇਕ ਢਾਡੀ ਨੂੰ ਨਾਵਲਕਾਰ ਵਜੋਂ ਲਿਖਿਆ, ਤਾਂ ਲੋਕ ਕੀ ਕਹਿਣਗੇ। (ਹੁਣ ਇਹ ਝਿਜਕ ਦੂਰ ਹੋ ਗਈ ਹੈ।)

ਸ਼ਾਇਦ ਸਭ ਤੋਂ ਪਹਿਲਾਂ ਮੇਰੇ ਨਾਵਲਾਂ ਬਾਰੇ ਪ੍ਰੋ. ਕਿਰਪਾਲ ਸਿੰਘ 'ਕਸੇਲ' ਨੇ 'ਪੰਜਾਬੀ ਸਾਹਿਤ ਦੇ ਇਤਿਹਾਸ' ਵਿਚ ਲਿਖਿਆ। (ਇਸਦਾ ਜ਼ਿਕਰ ਪਿੱਛੇ ਆ ਚੁੱਕਾ ਹੈ।)

ਮਾਸਕ ਪੱਤਰ 'ਸਾਹਿਤ ਸਮਾਚਾਰ' ਵਿਚ ਮੇਰੇ ਬਾਰੇ ਲੇਖ ਲਿਖਣ ਦੀ ਦਲੇਰੀ ਸਭ ਤੋਂ ਪਹਿਲਾਂ ਸ. ਸੁਖਪਾਲਵੀਰ ਸਿੰਘ 'ਹਸਰਤ' ਨੇ ਕੀਤੀ। ਫਿਰ ਡਾ. ਗੁਰਚਰਨ ਸਿੰਘ, ਡਾ. ਅਮਰਜੀਤ ਸਿੰਘ, ਸ. ਕਰਤਾਰ ਸਿੰਘ ਕਾਲੜਾ ਨੇ ਲੇਖ ਲਿਖੇ। ਸਹਿਜ ਸਹਿਜ ਆਲੋਚਕਾਂ ਦਾ ਝਕ ਲਹਿੰਦਾ ਗਿਆ। 1973 ਵਿਚ ਸ. ਕਰਨਜੀਤ ਸਿੰਘ ਨੇ ਇਕ ਪੁਸਤਕ ਸੰਪਾਦਿਤ ਕੀਤੀ 'ਨਾਵਲਕਾਰ ਸੋਹਣ ਸਿੰਘ ਸੀਤਲ', ਜੋ 'ਨਵਯੁਗ ਪ੍ਰੈਸ' ਦਿੱਲੀ ਨੇ ਛਾਪੀ। ਉਸ ਵਿਚ ਜਿਨ੍ਹਾਂ ਵਿੱਦਵਾਨ ਸੱਜਣਾਂ ਦੇ ਲੇਖ ਸ਼ਾਮਲ ਸਨ, ਉਹਨਾਂ ਦੇ ਨਾਂ ਇਸ ਪ੍ਰਕਾਰ ਹਨ—ਸ. ਸੋਹਣ ਸਿੰਘ ਜੋਸ਼, ਪ੍ਰਿੰ. ਸੰਤ ਸਿੰਘ ਸੇਖੋਂ, ਡਾ. ਹਰਭਜਨ ਸਿੰਘ ਦਿੱਲੀ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਗੁਰਚਰਨ ਸਿੰਘ ਅਰਸ਼ੀ, ਸ. ਕਰਤਾਰ ਸਿੰਘ ਕਾਲੜਾ, ਪ੍ਰੋ. ਵਿਨੋਦ, ਸ. ਸੁਖਪਾਲਵੀਰ ਸਿੰਘ ਹਸਰਤ, ਡਾ. ਅਤਰ ਸਿੰਘ, ਸ. ਕਰਨਜੀਤ ਸਿੰਘ। ਸ. ਕਰਨਜੀਤ ਸਿੰਘ ਵੱਲੋਂ ਇਕ ਇੰਟਰਵਿਊ ਵੀ ਹੈ। ਪੁਸਤਕ ਦਾ ਮੁਖ ਬੰਦ ਲਿਖਿਆ ਹੈ ਸ. ਪ੍ਰੀਤਮ ਸਿੰਘ ਸਫ਼ੀਰ ਨੇ। ਮੈਂ ਇਹਨਾਂ ਸਾਰਿਆਂ ਸੱਜਣਾਂ ਦਾ ਧੰਨਵਾਦੀ ਹਾਂ।

'ਜੁੱਗ ਬਦਲ ਗਿਆ' ਬਾਰੇ ਇਕ ਲੇਖ ਸ. ਈਸ਼ਰ ਸਿੰਘ ਅਟਾਰੀ ਦਾ 'ਦ੍ਰਿਸ਼ਟੀ, ਵਿਚ ਛਪਿਆ ਸੀ, ਪਰ ਉਹ ਇਸ ਵੇਲੇ ਮੇਰੇ ਸਾਮ੍ਹਣੇ ਨਹੀਂ। ਮੈਂ ਉਹਨਾਂ ਦਾ ਧੰਨਵਾਦੀ ਹਾਂ।

ਇਹਨਾਂ ਸਾਰੇ ਸੱਜਣਾਂ ਨੇ ਜੋ ਨਾਵਲਾਂ ਦੀ ਤਾਰੀਫ਼ ਕੀਤੀ ਹੈ, ਉਸ ਬਦਲੇ ਮੈਂ ਸਾਰਿਆਂ ਦਾ ਧੰਨਵਾਦੀ ਹਾਂ। ਪਰ ਕੁਛ ਸੱਜਣਾਂ ਨੇ ਜੋ ਸੁਝਾਉ ਦਿੱਤੇ ਹਨ (ਜਾਂ ਸ਼ੰਕੇ ਪਰਗਟ ਕੀਤੇ ਹਨ) ਉਹਨਾਂ ਬਾਰੇ ਆਪਣੇ ਕੁਛ ਵਿਚਾਰ ਪਰਗਟ ਕਰਦਾ ਹਾਂ।

ਸੁਖਪਾਲਵੀਰ ਸਿੰਘ ਹਸਰਤ ਲਿਖਦਾ ਹੈ, "ਉਹ ਪਿਆਰ ਤੇ ਕਾਮ-ਸੰਬੰਧਾਂ ਦਾ ਆਦਰਸ਼ੀ-ਕਰਨ ਕਰਦਾ ਪ੍ਰਤੀਤ ਹੁੰਦਾ ਹੈ। ਅਤੇ ਮਨੁੱਖ ਦੀ ਇਜ ਮੁੱਢਲੀ ਮਹਾਨ ਲੱਚਾ ਨੂੰ ਦਬੱਾ ਕੇ ਖ਼ਤਮ ਕਰਨ ਦੇ ਅਸਫਲ ਜਤਨਾ ਵਿਚ ਦਿਖਾਈ ਦੇਂਦਾ ਹੈ। ਇਸ ਸੰਬੰਧ ਵਿਚ ਮੈਂ ਸੀਤਲ ਸਾਹਿਬ ਨੂੰ ਜ਼ੋਲਾ, ਲਾਰੰਸ ਅਤੇ ਵਾਲਟੇਅਰ ਦੀਆਂ ਰਚਨਾਵਾਂ ਧਿਆਨ ਨਾਲ ਪੜ੍ਹਨ ਦੀ ਸਿਫ਼ਾਰਸ਼ ਕਰਾਂਗਾ। ਜੇ ਉਹ ਅਜੇਹਾ ਕਰਨਗੇ, ਤਾਂ ਉਹਨਾਂ ਦਾ ਇਸਤ੍ਰੀ ਤੇ ਮਰਦ ਦੇ ਕਾਮ ਸੰਬੰਧੀ ਨਜ਼ਰੀਆ ਨਿਸਚੇ ਹੀ ਤੰਦਰੁਸਤ ਹੋ ਜਾਵੇਗਾ।"

ਉੱਤਰ : ਮੈਂ ਇਹ ਸਾਰੇ ਪੜ੍ਹੇ ਹਨ। ਸਗੋਂ ਇਹਨਾਂ ਨਾਲੋਂ ਵੀ ਵਧੇਰੇ ਖੁੱਲ੍ਹਾਂ ਲੈਣ ਵਾਲੇ ਪੱਛਮੀ ਨਾਵਲਕਾਰ ਪੜ੍ਹੇ ਹਨ। ਪਰ ਮੈਂ ਪੱਛਮੀ ਤੇ ਭਾਰਤੀ ਸੱਭਯਤਾ ਦੇ ਫ਼ਰਕ ਨੂੰ ਵੀ ਸਮਝਦਾ ਹਾਂ। ਜੋ ਕਰਮ ਓਧਰ ਸਾਧਾਰਨ ਹੈ, ਏਧਰ ਉਹ 'ਪਾਪ' ਜਾਂ ਆਚਰਣ ਦਾ ਧੁਰਾ ਮੰਨਿਆਂ ਜਾਂਦਾ ਹੈ। ਮਿਸਾਲ ਵਜੋਂ : ਰੂਸੋ ਜਿਸ ਇਸਤਰੀ ਦਾ ਸਭ ਤੋਂ ਵਧੇਰੇ ਸਤਕਾਰ ਕਰਦਾ ਹੈ, ਤੇ ਉਸਨੂੰ ਮਾਂ (ਮਾਮਾ) ਕਹਿੰਦਾ ਹੈ, ਤੇ ਉਹ ਵੀ ਰੂਸੋ ਨੂੰ ਕਾਕਾ (ਪੁੱਤਰ) ਕਹਿੰਦੀ ਹੈ, ਰੂਸੋ ਕਾਮ-ਪੂਰਤੀ ਵੀ ਓਸੇ ਨਾਲ ਕਰਦਾ ਹੈ। ਕੀ ਇਸ ਕਰਮ ਨੂੰ ਭਾਰਤ ਵਿਚ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾ ਸਕਦਾ ਹੈ? ਲੇਖਕ ਦਾ ਧਰਮ ਸਮਾਜ ਦੀਆਂ ਬੁਰਾਈਆਂ ਦਾ ਸੁਧਾਰ ਕਰਨਾ ਹੈ, ਸਮਾਜ ਨੂੰ ਵਿਗਾੜਨਾ ਨਹੀਂ। ਮੈਂ ਜੋ ਲਿਖਦਾ ਹਾਂ, ਸੋਚ ਸਮਝ ਕੇ ਲਿਖਦਾ ਹਾਂ।"

ਡਾ. ਗੁਰਚਰਨ ਸਿੰਘ ਹੋਰ ਨਾਵਲਾਂ ਬਾਰੇ ਵੀ ਲਿਖਦੇ ਹਨ, ਪਰ ਵਧੇਰੇ 'ਜੰਗ ਜਾਂ ਅਮਨ' ਬਾਰੇ ਖ਼ਿਆਲ ਪਰਗਟ ਕਰਦੇ ਹਨ। (ਓਦੋਂ ਅਜੇ ਆਖ਼ਰੀ ਨਾਵਲ 'ਜੰਗ ਜਾਂ ਅਮਨ' ਹੀ ਸੀ) ਉਹ ਨਾਵਲ ਦੀਆਂ ਆਖ਼ਰੀ ਸਤਰਾਂ ਵੱਲ ਧਿਆਨ ਦੁਆਉਂਦੇ ਹਨ। "ਹੁਣ ਕਿਰਪਾਲ ਕੀਹਦੀ ਬਣ ਕੇ ਰਹੇ? ਕਿੰਨੀ ਅਖੱਲ੍ਹ ਗੁੰਝਲ ਨੂੰ ਜਨਮ ਦੇਂਦੀ ਹੋਈ ਕਹਾਣੀ ਪਰਸੂਤ ਰੋਗ ਨਾਲ ਖ਼ਤਮ ਹੋ ਜਾਂਦੀ ਹੈ।"

ਉਤਰ : ਸਾਡੀ ਸੱਭਯਤਾ ਵਿਚ ਇਸ ਗੁੰਝਲ ਦਾ ਕੋਈ ਹੱਲ ਨਹੀਂ। ਤੇ ਏਹਾ ਮੈਂ ਦੱਸਣਾ ਚਾਹੁੰਦਾ ਸਾਂ। ਇੰਦਰ ਸਿੰਘ ਨੂੰ ਕਿਰਪਾਲ ਨੇ ਕਦੇ ਪਤੀ ਮੰਨਿਆਂ ਹੀ ਨਹੀਂ। ਉਹ ਉਸਦੀ ਇੱਜ਼ਤ ਦਾ ਲੁਟੇਰਾ ਹੈ। ਉਸ ਤੋਂ ਬਦਲਾ ਲੈਣ ਦੇ ਇਰਾਦੇ ਨਾਲ ਉਹ ਵਿਭਚਾਰ ਦੇ ਨਰਕ ਵਿਚ ਏਥੋਂ ਤਕ ਗਿਰ ਚੁਕੀ ਹੈ, ਕਿ ਹੁਣ ਉਹ ਆਪਣੇ ਆਪ ਨੂੰ ਮਹਿੰਦਰ ਸਿੰਘ ਦੇ ਯੋਗ ਨਹੀਂ ਸਮਝਦੀ। ਤੇ ਇਹ ਸਭ ਕੁਛ ਹੋਇਆ ਜੰਗ ਦੇ ਕਾਰਨ।

ਡਾ. ਅਮਰਜੀਤ ਸਿੰਘ ਲਿਖਦਾ ਹੈ, "ਮੇਰੇ ਸਾਥੀਆਂ ਨੇ ਗਿਲ੍ਹਾ ਕੀਤਾ ਹੈ, ਕਿ ਮੈਂ 'ਸੀਤਲ' ਨੂੰ ਆਪਣੇ ਵਿਚਾਰਾਂ ਦਾ ਵਿਸ਼ਯ ਬਣਾ ਕੇ ਆਪਣੇ ਆਪ ਨੂੰ ਨੀਵਾਂ ਕੀਤਾ ਹੈ।"

ਉੱਤਰ : "ਅਮਰਜੀਤ ਸਿੰਘ ਮੇਰੇ ਲੜਕੇ ਦਾ ਦੋਸਤ ਹੈ। ਇਸ ਲਈ ਮੈਨੂੰ ਉਸ

ਨਾਲ ਹਮਦਰਦੀ ਹੈ, ਕਿ ਮੇਰੇ ਬਾਰੇ ਲਿਖ ਕੇ ਉਹ 'ਨੀਵਾਂ' ਹੋਇਆ ਹੈ। ਮੈਂ ਉਸ ਨੂੰ ਸਲਾਹ ਦਿਆਂਗਾ, ਕਿ ਉਹ ਫੇਰ ਐਸੀ ਗਲਤੀ ਕਦੇ ਨਾ ਕਰੇ।''

ਅਮਰਜੀਤ ਸਿੰਘ ਅਖ਼ੀਰ ਵਿਚ ਲਿਖਦਾ ਹੈ, ''ਨਾਵਲ (ਜੰਗ ਜਾਂ ਅਮਨ) ਇਸ ਪ੍ਰਸ਼ਨ ਉਤੇ ਆ ਕੇ ਖ਼ਤਮ ਹੋ ਜਾਂਦਾ ਹੈ, ਕਿ ਹੁਣ ਕੀ ਬਣੇਗਾ। ਨਾਵਲ ਦਾ ਅੰਤ ਇਕ ਦੋਸ਼ ਹੈ।''

ਉੱਤਰ : ਮੈਂ ਪਿੱਛੇ ਲਿਖ ਆਇਆਂ ਹਾਂ। ਪਰ ਇਸ 'ਅੰਤ' ਨੂੰ ਦੋਸ਼ ਮੰਨਣ ਵਾਲਾ ਕੋਈ ਇਹ ਵੀ ਦਲੇਰੀ ਕਰਦਾ, ਕਿ ਇਸ ਗੁੰਝਲ ਦਾ ਹੱਲ ਕੀ ਹੈ।

ਸ. ਸੋਹਣ ਸਿੰਘ ਜੋਸ਼ ਨੇ 'ਤੂਤਾਂ ਵਾਲਾ ਖੂਹ' ਤੇ 'ਜੁੱਗ ਬਦਲ ਗਿਆ' ਦੇ ਹੱਕ ਵਿਚ ਬਹੁਤ ਕੁਝ ਲਿਖਿਆ ਹੈ, ਅੰਤ ਵਿਚ ਕੁਛ ਸੁਝਾਉ ਦਿੱਤੇ ਹਨ, ਜੋ ਲਿਖਣੇ ਚਾਹੀਦੇ ਸਨ, ਪਰ ਮੈਂ ਲਿਖਣੇ ਭੁੱਲ ਗਿਆ ਹਾਂ।

ਉੱਤਰ : ਚਲੋ, ਜੋ ਮੈਂ ਲਿਖਿਆ ਹੈ, ਉਹ ਉਹਨਾਂ ਨੂੰ ਪਸੰਦ ਆਇਆ। ਕੋਈ ਕਿੰਨਾ ਵੀ ਲਿਖੇ, ਕੁਛ ਨਾ ਕੁਛ ਤਾਂ ਰਹਿ ਹੀ ਜਾਇਗਾ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਵਿੱਦਵਾਨ ਸੱਜਣ ਹਨ। ਉਹ ਆਲੋਚਕ ਵੀ ਹਨ, ਤੇ ਮੌਲਕ ਲੇਖਕ ਵੀ। ਉਹ ਲਿਖਦੇ ਹਨ, ''ਇਸ ਨਾਵਲ ('ਜੁੱਗ ਬਦਲ ਗਿਆ') ਵਿਚ ਸੀਤਲ ਫ਼ਾਰਮੂਲੇ ਤੋਂ ਉਪਰ ਉਠ ਕੇ, 'ਜੰਗ ਜਾਂ ਅਮਨ' ਵਾਂਗਰ ਫਿਰ ਇਕ ਸਫਲ ਨਾਵਲ ਲਿਖ ਸਕਿਆ ਹੈ।''

ਉੱਤਰ : ਜ਼ਿੰਦਗੀ ਕਿਸੇ ਵੀ 'ਫ਼ਾਰਮੂਲੇ' ਦੇ ਅਧੀਨ ਨਹੀਂ ਚਲਦੀ। ਸਭ ਫ਼ਾਰ-ਮੂਲੇ ਆਲੋਚਕਾਂ ਦੀ ਘਾੜਤ ਹਨ। ਜੇਹੋ ਜੇਹੀ ਜ਼ਿੰਦਗੀ ਮੈਂ ਵੇਖਦਾ ਹਾਂ, ਉਹੋ ਜੇਹੀ ਚਿਤਰਨ ਦਾ ਯਤਨ ਕਰਦਾ ਹਾਂ।

ਪ੍ਰਿੰ. ਸੰਤ ਸਿੰਘ ਸੇਖੋਂ ''ਸੀਤਲ ਦੇ ਨਾਵਲਾਂ ਵਿਚ ਰੋਮਾਂਸ ਦਾ ਅੰਸ਼ ਉਤਨਾ ਨਹੀਂ ਉਘੜਦਾ।'' (ਭਾਵ ਰੋਮਾਂਸ ਦੀ ਘਾਟ ਹੈ।)

ਉੱਤਰ : ਮੇਰੀ ਨਿੱਜੀ ਰਾਏ ਹੈ, ਕਿ ਜਿਸ ਲੇਖਕ ਦਾ ਗ੍ਰਿਸਤੀ ਜੀਵਨ ਘਰ ਵਿਚ ਸੰਤੁਸ਼ਟ ਨਹੀਂ, ਉਹ ਵੱਧ ਤੋਂ ਵੱਧ ਬੇਲੋੜੇ ਰੋਮਾਂਸ ਦੀ ਚਰਚਾ ਕਰੇਗਾ। ਬੱਚੇ ਦੇ ਅੰਗੂਠਾ ਚੂਸਣ ਵਾਂਗ ਉਹ ਏਸੇ ਤਰ੍ਹਾਂ ਆਪਣਾ ਝੱਸ ਪੂਰਾ ਕਰੇਗਾ।

ਪ੍ਰਿੰ. ਸੰਤ ਸਿੰਘ ਸੇਖੋਂ : ''ਮੈਂ ਇਹ ਨਹੀਂ ਮੰਨਦਾ, ਕਿ ਸਾਡੇ ਦੇਸ ਵਿਚ ਜੁੱਗ ਸੱਚ ਹੀ ਬਦਲ ਗਿਆ ਹੈ, ਜਿਵੇਂ ਸੀਤਲ ਆਖਦਾ ਪ੍ਰਤੀਤ ਹੁੰਦਾ ਹੈ।''

ਉੱਤਰ : ਜੇਹੇ ਜੇਹੇ ਜੁੱਗ ਦੇ ਸੇਖੋਂ ਸਾਹਿਬ ਸੁਪਨੇ ਲੈ ਰਹੇ ਹਨ, ਉਹ ਕਦੇ ਵੀ ਨਹੀਂ ਆਵੇਗਾ। ਹਰ ਰਾਜ ਬਣਤਰ ਵਿਚ ਕੁਛ ਬੁੱਧੀਜੀਵੀ ਅਸੰਤੁਸ਼ਟ ਰਹਿਣਗੇ ਹੀ। ਮਨੁੱਖ ਜਿਸ ਹਾਲਤ ਵਿਚ ਵੀ ਹੋਵੇ, ਉਸਨੂੰ ਬਦਲਣ ਦਾ ਇੱਛਕ ਰਹੇਗਾ।

ਮੈਂ ਇਸ ਨਾਵਲ ਦਾ ਨਾਮ 'ਜੁੱਗ ਬਦਲ ਗਿਆ' ਰਖਿਆ ਹੈ। ਕਿਸੇ ਦੇਸ ਦਾ ਗ਼ੁਲਾਮ ਤੋਂ ਆਜ਼ਾਦ ਹੋ ਜਾਣਾ ਕੀ ਇਹ ਸਭ ਤੋਂ ਵੱਡਾ ਜੁੱਗ-ਪਲਟਾ ਨਹੀਂ ? ਫਿਰ ਪਛੜੀਆਂ ਸ਼੍ਰੇਣੀਆਂ ਤੋਂ ਪੁੱਛੋ, ਜੁੱਗ ਬਦਲਿਆ ਹੈ, ਜਾਂ ਨਹੀਂ।

ਡਾ. ਹਰਭਜਨ ਸਿੰਘ ਨੇ ਸੁਝਾਉ ਥੋੜੇ ਦਿੱਤੇ ਹਨ ਤੇ ਵਡਿਆਈ ਬਹੁਤੀ ਕੀਤੀ ਹੈ। ਧੰਨਵਾਦ : ਉਹ ਅੰਤ ਵਿਚ ਲਿਖਦੇ ਹਨ, ''ਸੀਤਲ ਸੁਚੇਤ ਮਾਰਕਸਵਾਦੀ ਨਹੀਂ।''

ਉੱਤਰ : ਨਾ 'ਸੁਚੇਤ' ਨਾ'ਅਚੇਤ'ਮੈਂ ਮਾਰਕਸਵਾਦੀ ਹਾਂ ਹੀ ਨਹੀਂ। ਮੈਂ ਮਾਰਕਸ, ਏਂਗਲਜ਼, ਲੈਨਿਨ ਆਦਿ ਦੀਆਂ ਕਈ ਰਚਨਾਵਾਂ ਪੜ੍ਹੀਆਂ ਹਨ। ਪਰ ਜੋ ਮੈਨੂੰ ਗੁਰਬਾਣੀ ਵਿਚੋਂ ਮਿਲਿਆ ਹੈ, ਮਾਰਕਸਇਜ਼ਮ ਵਿਚੋਂ ਨਹੀਂ। ਮਾਰਕਸਇਜ਼ਮ ਸਿਰਫ਼ ਸਰੀਰ ਦੀਆਂ ਲੋੜਾਂ ਦੀ ਗੱਲ ਕਰਦਾ ਹੈ, ਪਰ ਗੁਰਬਾਣੀ ਸਰੀਰ ਤੇ ਆਤਮਾ, ਦੋਹਾਂ ਦੀ ਲੋੜ ਦੀ ਗੱਲ ਕਰਦੀ ਹੈ। ਇਹ ਗੱਲ ਵਖਰੀ ਹੈ, ਕਿ ਅਸਾਂ ਗੁਰਬਾਣੀ ਦਾ ਅਧੈਨ ਤੇ ਵਿਆਖਿਆ ਵਿਗਿਆਨਕ ਢੰਗ ਨਾਲ ਨਹੀਂ ਕੀਤੀ। ਅਸੀਂ ਆਮ ਕਰਕੇ ਅੰਧ-ਵਿਸ਼ਵਾਸ ਦੇ ਅਸਰ ਥੱਲੇ ਗੁਰਬਾਣੀ ਪੜ੍ਹਦੇ ਤੇ ਉਸਦਾ ਸਤਿਕਾਰ ਕਰਦੇ ਹਾਂ।

ਸ. ਕਰਨਜੀਤ ਸਿੰਘ ਨੇ ਆਪਣੇ ਲੰਮੇ ਲੇਖ ਵਿਚ ਮੇਰੀ ਨਾਵਲ-ਕਲਾ ਦੀ ਵਧੇਰੇ ਉਪਮਾ ਹੀ ਕੀਤੀ ਹੈ। ਧੰਨਵਾਦ।

ਡਾ. ਗੁਰਚਰਨ ਸਿੰਘ ਅਰਸ਼ੀ ਦਾ ਲੇਖ "ਜੰਗ ਜਾਂ ਅਮਨ" ਵਿਚ ਸਮਾਂ ਅਤੇ ਪਸਾਰ (ਵੇਖੋ ਨਾਵਲਕਾਰ ਸੋਹਣ ਸਿੰਘ ਸੀਤਲ) ਮੇਰੀ ਸਮਝ ਵਿਚ ਨਹੀਂ ਆਇਆ। ਇਸ ਲਈ ਧੰਨਵਾਦ।

ਕਰਤਾਰ ਸਿੰਘ ਕਾਲੜਾ ਮੇਰਾ ਬਰਖ਼ੁਰਦਾਰ ਹੈ, ਮੇਰੇ ਛੋਟੇ ਲੜਕੇ ਦਾ ਦੋਸਤ। ਉਸ ਦਾ ਧੰਨਵਾਦ ਕਰਨਾ ਨਹੀਂ ਫੱਬਦਾ, ਉਹ ਮੇਰੇ ਪਿਆਰ ਦਾ ਹੱਕਦਾਰ ਹੈ।

ਪ੍ਰੋ. ਟੀ. ਆਰ. ਵਿਨੋਦ : ਉਹਨਾਂ ਨੂੰ ਮੇਰਾ 'ਤੂਤਾਂ ਵਾਲਾ ਖੂਹ' ਬਹੁਤ ਪਸੰਦ ਹੈ। ਧੰਨਵਾਦ।

ਮੈਂ ਕਈ ਵਾਰ ਸੋਚਦਾ ਹਾਂ, ਕਿ ਮੇਰੇ ਚੋਹਾਂ ਨਾਵਲਾਂ (ਜੰਗ ਜਾਂ ਅਮਨ, ਈਚੋਗਿੱਲ ਨਹਿਰ ਤਕ, ਤੂਤਾ ਵਾਲਾ ਖੂਹ, ਜੁੱਗ ਬਦਲ ਗਿਆ) ਵਿਚੋਂ 'ਮਾਸਟਰ ਪੀਸ' ਕਿਸਨੂੰ ਮੰਨਿਆਂ ਜਾਵੇ, ਸ਼ਾਇਦ ਆਲੋਚਕ ਕਦੇ ਵੀ ਇਕ ਗੱਲ 'ਤੇ ਸਹਿਮਤ ਨਾ ਹੋ ਸਕਣ। 'ਜਵਾਲਾਮੁਖੀ' ਇਕ ਪ੍ਰੀਤ ਕਹਾਣੀ ਹੈ। ਹੋ ਸਕਦਾ ਹੈ, ਕਿਸੇ ਨੂੰ ਉਹ ਵਧੇਰੇ ਪਸੰਦ ਆ ਜਾਵੇ।

ਡਾ. ਅਤਰ ਸਿੰਘ ਵਲੋਂ 'ਜਵਾਲਾਮੁਖੀ' ਬਾਰੇ ਇਕ ਟਿੱਪਣੀ ਹੈ। ਧੰਨਵਾਦ।

ਪੁਸਤਕ 'ਨਾਵਲਕਾਰ ਸੋਹਣ ਸਿੰਘ ਸੀਤਲ' ਦੇ ਅੰਤ ਵਿਚ ਸ. ਕਰਨਜੀਤ ਸਿੰਘ ਵੱਲੋਂ ਇਕ 'ਮੁਲਾਕਾਤ' ਦਰਜ ਹੈ। ਮੇਰੇ ਉਤਰ ਉਹਨਾਂ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤੇ ਹਨ।

ਲਗਭਗ ਸਾਰੇ ਹੀ ਵਿਚਾਰਵਾਨਾਂ ਨੇ ਇਕ ਗੱਲ ਮੰਨੀ ਹੈ, ਕਿ ਮੈਨੂੰ 'ਪੰਜਾਬੀ ਬੋਲੀ ਆਉਂਦੀ ਹੈ।' ਇਹ ਬੋਲੀ ਮੇਰੀ ਜੀਵਨ ਭਰ ਦੀ ਘਾਲਣਾ ਦਾ ਫਲ ਹੈ। ਇਹ ਮੈਂ ਕਿਤਾਬਾਂ ਤੋਂ ਨਹੀਂ ਸਿੱਖੀ। (ਅੱਜ ਕਲ੍ਹ ਪੂਰਬੀ ਪੰਜਾਬ ਦੇ ਵਿੱਦਵਾਨਾਂ ਨੇ ਤਾਂ ਪੰਜਾਬੀ ਦਾ ਹੁਲੀਆ ਵਿਗਾੜ ਕੇ ਰੱਖ ਦਿੱਤਾ ਹੈ। ਪਾਕਸਤਾਨੀ ਪੰਜਾਬ ਦੇ ਸਾਹਿੱਤਕਾਰਾਂ ਨੇ ਉਰਦੂ ਦਾ ਅਸਰ ਨਹੀਂ ਕਬੂਲਿਆ, ਪਰ ਸਾਡੇ ਬੁੱਧੀਜੀਵੀਆਂ ਨੇ ਹਿੰਦੀ ਦੀ ਗ਼ੁਲਾਮੀ ਤਨੋਂ-ਮਨੋਂ ਕਬੂਲ ਕਰ ਲਈ ਹੈ। ਮੁਬਾਰਕ ਹੋਵੇ।) ਪੰਜਾਬੀ ਮੈਂ ਉਹਨਾਂ ਜਿਉਂਦੇ ਜਾਗਦੇ ਨਰੋਏ ਪੰਜਾਬੀਆਂ ਤੋਂ ਸਿੱਖੀ ਹੈ. ਜਿਨ੍ਹਾਂ ਦੀ ਇਹ ਮਾਂ-ਬੋਲੀ ਹੈ।

ਜਦ ਮੈਂ ਢਾਡੀ ਜਥਾ ਸ਼ੁਰੂ ਕੀਤਾ, ਮੈਨੂੰ ਉਰਦੂ ਦੇ ਸ਼ੇਅਰ ਬਹੁਤ ਯਾਦ ਸਨ। ਕੁਝ ਸ਼ੇਅਰ ਫ਼ਾਰਸੀ ਦੇ ਵੀ ਯਾਦ ਕੀਤੇ ਹੋਏ ਸਨ। ਏਥੋਂ ਤਕ ਕਿ ਕੁਛ ਅੰਗਰੇਜ਼ੀ ਸ਼ੇਅਰਾਂ

ਨੂੰ ਵੀ ਘੋਟਾ ਲਾਇਆ ਹੋਇਆ ਸੀ। ਜਾਣ ਬੁੱਝ ਕੇ ਮੈਂ ਲੈਕਚਰ ਵਿਚ ਇਹ ਸ਼ੇਅਰ ਬੋਲਣੇ, ਤੇ ਔਖੇ ਔਖੇ ਸ਼ਬਦ ਵਰਤਣੇ। ਮਨੋਰਥ ਇਹ ਸੀ, ਕਿ ਸੁਣਨ ਵਾਲੇ ਮੈਨੂੰ 'ਵਿੱਦਵਾਨ' ਸਮਝਣ। (ਅਣਜਾਣਪੁਣੇ ਦੀ ਹਉਮੈਂ ਸੀ।)

ਸਮੁੰਦਰੀ (ਜ਼ਿਲਾ ਲਾਇਲਪੁਰ) ਦੀਵਾਨ ਸੀ। ਕੀਰਤਨ ਪਿੱਛੋਂ ਅਸੀਂ ਇਕ ਬੈਠਕ ਵਿਚ ਆਰਾਮ ਕਰ ਰਹੇ ਸਾਂ। ਇਕ ਬਜ਼ੁਰਗ ਆਏ। ਮੇਰੇ ਕੋਲ ਬੈਠ ਕੇ ਉਹਨਾਂ ਬੜੇ ਪਿਆਰ ਦੀਆਂ ਗੱਲਾਂ ਕੀਤੀਆਂ। ਬੜੀ ਮਿੱਠੀ ਬੋਲੀ ਵਿਚ ਉਹਨਾਂ ਕਿਹਾ, 'ਮੈਂ ਬੀ.ਏ. ਤਕ ਫ਼ਾਰਸੀ ਪੜ੍ਹੀ ਹੈ। ਤੁਹਾਡੇ ਮੂੰਹੋਂ ਉਰਦੂ ਫ਼ਾਰਸੀ ਦੇ ਸ਼ੇਅਰ ਸੁਣ ਕੇ ਬੜਾ ਸੁਆਦ ਆਉਂਦਾ ਹੈ। ਪਰ ਮੇਰਾ ਖ਼ਿਆਲ ਹੈ, ਕਿ ਚੌਦਾਂ, ਪੰਦਰਾਂ ਹਜ਼ਾਰ ਦੀ ਹਾਜ਼ਰੀ ਵਿਚੋਂ ਮਸਾਂ ਪੰਜ ਫ਼ੀ ਸਦੀ ਸਰੋਤੇ ਤੁਹਾਡੀਆਂ ਸਾਰੀਆਂ ਗੱਲਾਂ ਸਮਝਦੇ ਹੋਣਗੇ। ਤੁਹਾਡੇ ਵਰਗੇ ਵਿੱਦਵਾਨ ਨੂੰ ਮੈਂ ਸਲਾਹ ਤਾਂ ਨਹੀਂ ਦੇ ਸਕਦਾ, ਪਰ ਬੇਨਤੀ ਹੈ, ਜੇ ਆਪ ਆਪਣੀ ਬੋਲੀ ਨੂੰ ਸਾਰਿਆਂ ਦੇ ਸਮਝਣ ਯੋਗ ਬਣਾ ਲਵੋ, ਤਾਂ ਪ੍ਰਭਾਵ ਹੋਰ ਵੀ ਵਧ ਜਾਏਗਾ।'

ਉਹਨਾਂ ਦੇ ਕਹਿਣ ਢੰਗ 'ਤੇ ਮੈਂ ਮੋਹਿਆ ਗਿਆ। ਮੈਂ ਹੱਥ ਜੋੜ ਕੇ ਪੂਰੇ ਸਤਿਕਾਰ ਨਾਲ ਕਿਹਾ, ''ਬਜ਼ੁਰਗਵਾਰ! ਆਪ ਜੀ ਦੀ 'ਬੇਨਤੀ' ਨੂੰ ਮੈਂ 'ਹੁਕਮ' ਸਮਝ ਕੇ ਮੰਨਾਂਗਾ, ਤੇ ਬੋਲੀ ਨੂੰ ਸਰਲ ਤੇ ਠੇਠ ਬਣਾਉਣ ਦਾ ਯਤਨ ਕਰਾਂਗਾ।''

ਓਸੇ ਦਿਨ ਤੋਂ ਮੈਂ ਲੋਕਾਂ ਦੇ ਮੂੰਹੋਂ ਸੁਣੇ ਸ਼ਬਦਾਂ ਨੂੰ ਬੜੇ ਧਿਆਨ ਨਾਲ ਵਿਚਾਰਿਆ, ਮਾਂਜਿਆ, ਸੁਆਰਿਆ ਤੇ ਦਿਲ ਵਿਚ ਵਸਾਇਆ। ਦਿਨੋ ਦਿਨ ਮੇਰੀ ਬੋਲੀ ਠੇਠ ਹੁੰਦੀ ਗਈ। ਓਹਾ ਨਿੱਖਰੀ ਹੋਈ ਬੋਲੀ ਮੇਰੇ ਨਾਵਲਾਂ ਦਾ ਸ਼ਿੰਗਾਰ ਬਣੀ।

14

ਜਿਵੇਂ ਮੈਂ ਮੁੱਖ ਰੂਪ ਤੇ 'ਢਾਡੀ' ਹਾਂ, ਤੇ ਹੋਰ ਸਭ ਕੁਛ ਉਸ ਤੋਂ ਪਿੱਛੋਂ। ਇਸ ਤਰ੍ਹਾਂ ਸਭ ਤੋਂ ਵਧੇਰੇ ਮੇਰ ਅੰਦਰ 'ਸਿੱਖ ਇਤਿਹਾਸ ਦੀ ਲਗਨ' ਹੈ। ਮੈਂ 'ਸਿਦਕ ਖ਼ਾਲਸਾ' ਤੋਂ ਸ਼ੁਰੂ ਕੀਤਾ, ਤੇ ਫਿਰ ਹੋਰ ਬਹੁਤ ਸਾਰੇ ਗ੍ਰੰਥ ਪੜ੍ਹੇ।

ਯਾਦ ਆ ਗਿਆ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਜੋੜ ਮੇਲੇ ਸਮੇਂ ਲਾਹੌਰ ਬਹੁਤ ਸਾਰੇ ਢਾਡੀ ਜਿਥੇ ਇਕੱਠੇ ਹੋਏ ਹੋਏ ਸਨ। ਦੋ ਢਾਡੀ ਆਪਸ ਵਿਚ ਬਹਿਸ ਪਏ। ਇਕ ਨੇ ਕਿਹਾ, ''ਉਇ, ਤੂੰ ਕਿਹੜਾ 'ਸੂਰਜ ਪ੍ਰਕਾਸ਼' ਪੜ੍ਹਿਆ ਹੋਇਆ ਹੈ, ਜੋ ਮੈਥੋਂ ਰਹਿ ਗਿਆ ਹੈ।'' ਭਾਵ, ਜੋ 'ਸੂਰਜ ਪ੍ਰਕਾਸ਼' ਪੜ੍ਹ ਲਵੇ, ਉਹ ਸਿੱਖ ਇਤਿਹਾਸ ਦਾ ਪੂਰਨ ਗਿਆਤਾ ਸਮਝਿਆ ਜਾਂਦਾ ਸੀ। ਗੁਰਦੁਆਰਿਆਂ ਵਿਚ ਕਥਾ ਵੀ ਵਧੇਰੇ ਸੂਰਜ ਪ੍ਰਕਾਸ਼ ਦੀ ਹੀ ਹੁੰਦੀ ਹੈ।

ਸੂਰਜ ਪ੍ਰਕਾਸ਼, ਮਹਿਮਾ ਪ੍ਰਕਾਸ਼, ਗੁਰ ਬਿਲਾਸ ਆਦਿ ਇਤਿਹਾਸ, ਜੋ ਸਿੱਖਾਂ ਦੇ ਨਾਮ ਥੱਲੇ ਲਿਖੇ ਗਏ ਹਨ, ਉਹਨਾਂ ਵਿਚ ਸਿੱਖ ਸਿਧਾਂਤ ਦੇ ਵਿਰੁੱਧ ਬਹੁਤ ਕੁਛ ਲਿਖਿਆ ਪਿਆ ਹੈ।

ਸਿੱਖ ਇਤਿਹਾਸ ਦੇ ਪੁਰਾਤਨ ਲੇਖਕਾਂ ਨੂੰ ਤਿੰਨਾਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

1. ਉਸ ਸਮੇਂ ਦੇ ਮੁਸਲਮਾਨ ਲੇਖਕ। ਉਨ੍ਹਾਂ ਨੇ ਸਿੱਖਾਂ ਦੇ ਵਿਰੁੱਧ ਬੜੀ ਸਖ਼ਤ

ਤੇ ਕੌੜੀ ਬੋਲੀ ਵਰਤੀ ਹੈ, ਗਾਹਲਾਂ ਤਕ ਕੱਢੀਆਂ ਹਨ। ਉਹਨਾਂ ਸਾਡੀਆਂ ਬਹਾਦਰੀਆਂ ਨੂੰ ਘਟਾ, ਤੇ ਅੰਕੜਾਂ ਨੂੰ ਵਧਾ ਕੇ ਲਿਖਿਆ ਹੈ। ਫਿਰ ਵੀ ਉਹਨਾਂ ਦੀਆਂ ਲਿਖਤਾਂ ਵਿਚੋਂ ਸਚਾਈ ਛੇਤੀ ਲਭ ਪੈਂਦੀ ਹੈ।

2. ਦੂਸਰੀ ਸ਼੍ਰੇਣੀ ਹੈ ਪੰਡਤਾਂ, ਜਾਂ ਪੰਡਤ-ਨਿਵਾਜ਼ ਸਿੱਖਾਂ ਦੀ। ਉਹਨਾਂ ਨੇ ਸਿੱਖਾਂ ਦੇ ਸੱਚੇ, ਸੁੱਚੇ ਤੇ ਨਿਰੋਲ ਇਤਿਹਾਸ ਨੂੰ ਪੁਰਾਣਕ ਕਥਾਵਾਂ ਬਣਾ ਕੇ ਧਰ ਦਿੱਤਾ ਹੈ। ਬੜੀ ਚਲਾਕੀ ਨਾਲ ਉਹਨਾਂ ਸਿੱਖੀ ਦੇ ਜੜ੍ਹੀਂ ਤੇਲ ਦਿੱਤਾ ਹੈ।

3. ਤੀਸਰੀ ਸ਼੍ਰੇਣੀ ਹੈ ਪੱਛਮੀ (ਅੰਗਰੇਜ਼) ਵਿੱਦਵਾਨ। ਉਹਨਾਂ ਕੁਛ ਤਾਂ ਸਾਡੇ ਇਤਿਹਾਸ ਨੂੰ ਆਪਣੇ ਮਨੋਰਥ ਵਾਸਤੇ ਵਿਗਾੜਿਆ ਹੈ, ਕਈਆਂ ਮਸਲਿਆਂ ਵਿਚ ਸਾਡੀ ਸੱਭਯਤਾ ਤੋਂ ਅਣਜਾਣ ਹੋਣ ਕਰਕੇ ਉਹਨਾਂ ਭੁੱਲਾਂ ਕੀਤੀਆਂ ਹਨ। ਵਧੇਰੇ ਮਸਾਲਾ ਉਹਨਾਂ ਸਾਡੇ ਪੁਰਾਤਨ ਲਿਖਾਰੀਆਂ ਤੋਂ ਹੀ ਲਿਆ ਹੈ।

ਸਵਾਲ ਪੈਦਾ ਹੁੰਦਾ ਹੈ, ਕਿ ਸਿੱਖਾਂ ਦੇ ਨਾਮ ਥੱਲੇ ਲਿਖੇ ਗਏ ਗ੍ਰੰਥਾਂ ਵਿਚ ਅਜੇਹਾ ਰਲਾ ਕਿੱਥੋਂ ਆ ਗਿਆ।

1716 ਈ. ਵਿਚ ਬਾਬਾ ਬੰਦਾ ਸਿੰਘ ਜੀ ਸ਼ਹੀਦ ਹੋ ਗਏ। ਉਹਨਾਂ ਪਿੱਛੋਂ ਸਿੱਖ ਦੋ ਧੜਿਆਂ ਵਿਚ ਵੰਡੇ ਗਏ। ਗਰਮ ਖਿਆਲੀਏ ਸਿੱਖਾਂ ਨੇ ਤਾਂ ਮਨ ਬਣਾ ਲਿਆ, ਕਿ ਕਿਸੇ ਵੀ ਕੀਮਤ ਉਤੇ ਸਰਕਾਰ ਨਾਲ ਸਮਝੌਤਾ ਨਹੀਂ ਕਰਨਾ। ਜਿਹੜੀ ਉਹਨਾਂ ਚਾਰ ਦਿਹਾੜੇ ਆਜ਼ਾਦੀ ਮਾਣੀ ਸੀ, ਉਹਨਾਂ ਨੂੰ ਭੁੱਲਦੀ ਨਹੀਂ ਸੀ। ਉਹਨਾਂ ਨੂੰ ਗਿਆਨ ਹੋ ਗਿਆ ਸੀ, ਕਿ ਆਜ਼ਾਦੀ ਤੇ ਗ਼ੁਲਾਮੀ ਵਿਚ ਕਿੰਨਾ ਕੁ ਫ਼ਰਕ ਹੈ। ਉਹ ਘਰ ਘਾਟ ਛਡ ਕੇ ਜੰਗਲਾਂ ਵਿਚ ਜਾ ਵੜੇ। ਭੁੱਖੇ ਤਿਹਾਏ ਤੇ ਵੈਰੀ ਦੀਆਂ ਗੋਲੀਆਂ ਖਾਂਦੇ, ਚਰਖੜੀਆਂ 'ਤੇ ਚੜ੍ਹਦੇ, ਤੇ ਬੰਦ-ਬੰਦ ਕਟਾਉਂਦੇ ਉਹ ਆਪਣੀ ਮਨਜ਼ਲ ਵੱਲ ਵਧਦੇ ਗਏ। ਅੰਤ ਉਹਨਾਂ ਪੰਜਾਬ ਦੇ ਹਾਕਮ ਬਣ ਕੇ ਹੀ ਦਮ ਲਿਆ।

ਦੂਸਰੇ ਪਾਸੇ ਨਰਮ-ਖ਼ਿਆਲੀਏ ਸਿੱਖ ਗੁਰਦੁਆਰਿਆਂ ਦੀ ਸੇਵਾ ਤਕ ਹੀ ਸੰਤੁਸ਼ਟ ਹੋ ਗਏ। ਸਹਿਜ ਸਹਿਜ ਸਾਰੇ ਗੁਰਦੁਆਰਿਆਂ ਉਤੇ ਪੁਜਾਰੀ ਕਾਬਜ਼ ਹੋ ਗਏ। ਪੁਜਾਰੀਆਂ ਨੂੰ ਧਰਮ ਨਾਲੋਂ ਧਨ ਪਿਆਰਾ ਸੀ। ਤੱਤ ਖ਼ਾਲਸਾ ਜੰਗਲਾਂ ਵਿਚ ਚਲਾ ਗਿਆ। ਗੁਰਦੁਆਰਿਆਂ ਵਿਚ ਚੜ੍ਹਾਵਾ ਕਿੱਥੋਂ ਆਵੇ। ਸੋ, ਪੰਡਤਾਂ ਨੂੰ ਖ਼ੁਸ਼ ਰੱਖਣ ਵਾਸਤੇ ਪੁਜਾਰੀਆਂ ਨੇ ਸਿੱਖ ਧਰਮ ਦੇ ਅਸੂਲ ਕੁਛ ਢਿੱਲੇ ਕਰ ਦਿੱਤੇ, ਤੇ ਪੰਡਤਾਂ ਦੇ ਇਸ਼ਾਰੇ ਉਤੇ ਬ੍ਰਹਿਮਣੀ ਮਰਜਾਦਾ ਵੀ ਸਿੱਖੀ ਵਿਚ ਮਿਲਾਉਣੀ ਸ਼ੁਰੂ ਕਰ ਦਿੱਤੀ।

'ਸ੍ਰੀ ਗੁਰੂ ਸੋਭਾ' ਤੋਂ ਲੈ ਕੇ 'ਸੂਰਜ ਪ੍ਰਕਾਸ਼' ਤਕ ਸਿੱਖਾਂ ਦੇ ਨਾਮ ਥੱਲੇ ਜਿੰਨੇ ਵੀ ਇਤਿਹਾਸ ਲਿਖੇ ਗਏ, ਉਹ ਪੰਡਤ ਦੇ ਅਸਰ ਥੱਲੇ ਲਿਖੇ ਗਏ ਹਨ।

ਇਕ ਦਿਨ ਮੇਰੇ ਮਨ ਵਿਚ ਖ਼ਿਆਲ ਆਇਆ, ਕਿ ਇਹਨਾਂ ਇਤਿਹਾਸਾਂ ਬਾਰੇ ਖੋਜ ਕਰਨੀ ਚਾਹੀਦੀ ਹੈ। ਸਿੱਖੀ ਦੇ ਖ਼ਿਲਾਫ਼ ਜੋ ਅਸਰ ਪਾਉਣ ਦਾ ਕੋਝਾ ਯਤਨ ਕੀਤਾ ਗਿਆ ਹੈ, ਉਸ ਉਤੇ ਚਾਨਣਾ ਪਾਉਣਾ ਚਾਹੀਦਾ ਹੈ। ਮੈਂ ਮਨ ਬਣਾਇਆ, ਕਿ 'ਸ੍ਰੀ ਗੁਰੂ ਸੋਭਾ' ਤੋਂ ਲੈ ਕੇ 'ਸੂਰਜ ਪ੍ਰਕਾਸ਼' ਤਕ ਖੋਜ ਕੀਤੀ ਜਾਵੇ। ਇਹਨਾਂ ਇਤਿਹਾਸਾਂ ਦੀ ਬੋਲੀ ਕਾਫ਼ੀ ਔਖੀ (ਬ੍ਰਜ ਭਾਸ਼ਾ) ਹੈ, ਜੋ ਆਮ ਪੰਜਾਬੀ ਦੀ ਸਮਝ ਤੋਂ ਬਾਹਰ ਹੈ। ਇਹ ਸਾਰੇ ਗ੍ਰੰਥ ਕਵਿਤਾ ਵਿਚ ਲਿਖੇ ਗਏ ਹਨ, ਤੇ ਬੋਲੀ ਜਾਣ ਬੁਝ ਕੇ ਔਖੀ ਵਰਤੀ ਗਈ

ਹੈ। ਓਦੋਂ ਰਿਵਾਜ ਹੀ ਇਹ ਸੀ, ਕਿ ਕੋਈ ਜਿੰਨੀ ਔਖੀ ਬੋਲੀ ਵਰਤੇ, ਓਨਾ ਹੀ ਵਿੱਦਵਾਨ ਮੰਨਿਆਂ ਜਾਂਦਾ ਸੀ।

ਫਿਰ ਸੰਮਤ ਤਾਂ ਐਸੇ ਬਿਖੜੇ ਢੰਗ ਨਾਲ ਦਿਤੇ ਹਨ, ਕਿ ਜੋ ਪੁਰਾਣਕ ਕਥਾਵਾਂ ਤੋਂ ਜਾਣੂ ਨਹੀਂ ਉਹਦੇ ਵਾਸਤੇ ਸਮਝਣੇ ਔਖੇ ਹਨ। ਮਿਸਾਲ ਵਜੋਂ :

"ਸੰਮਤ ਸੋਲਾਂ ਸੌ ਗ੍ਰਹਿ ਜਾਨੋ।" (1609 ਬਿ.)
"ਸਸਿ ਖਟ ਰਿਤ ਗ੍ਰਹਿ ਸੰਮਤੋ।" (1669)
"ਸਸਿ ਖਟ ਗ੍ਰਹਿ ਪੁਨ ਬੇਦ ਬਖਾਨੀਂ।" (1694)

ਸੰਮਤ ਦਾ ਇਹ ਢੰਗ ਲਿਖਣਾ ਸੌਖਾ ਹੈ, ਪਰ ਸਮਝਣਾ ਔਖਾ।

ਅਰਬੀ, ਫ਼ਾਰਸੀ (ਉਰਦੂ) ਵਿਚ ਵੀ ਸੰਨ ਲਿਖਣ ਵਾਸਤੇ 'ਅਬਜਦ'[1] ਦਾ ਤਰੀਕਾ ਹੈ। ਉਹ ਲਿਖਣਾ ਔਖਾ ਹੈ, ਪਰ ਸਮਝਣਾ ਸੌਖਾ। ਉਸ ਵਿਚ ਅੱਖਰਾਂ ਦੀਆਂ ਕੀਮਤਾਂ ਨਿਸਚਤ ਹਨ।

ਉਪ੍ਰੋਕਤ ਸਾਰੀਆਂ ਗੱਲਾਂ ਨੂੰ ਮੁਖ ਰਖ ਕੇ ਮੈਂ 'ਸਿੱਖ ਇਤਿਹਾਸ ਦੇ ਸੋਮੇ' ਨਾਮ ਦਾ ਗ੍ਰੰਥ ਲਿਖਿਆ ਹੈ, ਜਿਸ ਦੇ ਪੰਜ ਭਾਗ ਹਨ।

ਪਹਿਲੇ ਭਾਗ ਵਿਚ ਪੰਜ ਗ੍ਰੰਥ ਲਏ ਹਨ :—

1, ਸ੍ਰੀ ਗੁਰ ਸੋਭਾ, ਕਰਤਾ 'ਸੈਨਾਪਤੀ'।
2. ਗੁਰ ਬਿਲਾਸ, ਕਰਤਾ ਕੋਇਰ ਸਿੰਘ।
3. ਗੁਰ ਬਿਲਾਸ ਪਾਤਸ਼ਾਹੀ ਛੇਵੀਂ।
4. ਬੰਸਾਵਲੀਨਾਮਾ, ਕਰਤਾ ਕੇਸਰ ਸਿੰਘ ਛਿੱਬਰ।
5, ਗੁਰ ਬਿਲਾਸ, ਕਰਤਾ ਸੁੱਖਾ ਸਿੰਘ।

ਦੂਸਰੇ ਭਾਗ ਵਿਚ ਹਨ .

1. ਗੁਰੂ ਨਾਨਕ ਮਹਿਮਾ, ਕਰਤਾ ਸਰੂਪ ਦਾਸ ਭੱਲਾ।
2. ਮਹਿਮਾ ਪ੍ਰਕਾਸ਼, ਕਰਤਾ ਸਰੂਪ ਦਾਸ ਭੱਲਾ।
3. ਪਰਚੀਆਂ ਸੇਵਾ ਦਾਸ ਉਦਾਸ।
4. ਨੌਂ ਗੁਰਪ੍ਰਣਾਲੀਆਂ।

ਤੀਸਰੇ ਭਾਗ ਵਿਚ ਹਨ :

ਕਵੀ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਨਾਨਕ ਪ੍ਰਕਾਸ਼' ਹੈ।

ਚੌਥੇ ਭਾਗ ਵਿਚ : 'ਗੁਰ ਪ੍ਰਤਾਪ' ਸੂਰਜ' ਦੀਆਂ ਪਹਿਲੀਆਂ ਦਸ ਰਾਸਾਂ ਹਨ।

ਪੰਜਵੇਂ ਭਾਗ ਵਿਚ' ਗੁਰਪ੍ਰਤਾਪ ਸੂਰਜ' ਦਾ ਬਾਕੀ ਹਿੱਸਾ ਹੈ।

ਮੈਂ ਜੋ ਕੁਛ ਵੀ ਹਾਂ, ਪਾਠਕਾਂ ਦੀ ਸਹਾਇਤਾ ਨਾਲ ਹਾਂ। 'ਸਿੱਖ ਇਤਿਹਾਸ ਦੇ ਸੋਮੇਂ' ਪਹਿਲਾ ਭਾਗ ਅਕਤੂਬਰ, 1981 ਵਿਚ ਛਪਿਆ। ਮੇਰੇ ਪਾਠਕਾਂ ਨੇ ਬਹੁਤ ਪਸੰਦ ਕੀਤਾ। ਤੇ ਹੌਸਲਾ ਵਧਾਊ ਪੱਤਰ ਆਏ। ਕੁਛ ਪੱਤਰ ਅਜੇਹੇ ਵੀ ਆਏ, ਜਿੰਨ੍ਹਾਂ ਵਿਚ ਕੁਛ ਸਵਾਲ ਪੁੱਛੇ ਹੋਏ ਸਨ। ਮਿਸਾਲ ਵਜੋਂ' ਸ. ਗੁਰਮੀਤ ਸਿੰਘ ਰੰਧਾਵਾ ਐਮ. ਏ. ਨੇ

1. ਵੇਖੋ, 'ਵੇਖੀ ਮਾਣੀ ਦੁਨੀਆਂ, ਪੰਨਾ 338.

ਪੁਛਿਆ, ਕਿ 'ਸੱਤ ਸੁੱਧਾਂ' ਕੀ ਹਨ । ਤੇ ਛੇ ਜਤੀ, ਛੇ ਰਿਖੀ, ਪੰਚ ਦੋਖ ਕੀ ਹਨ ।

ਮੈਂ ਸੋਚਿਆ, ਕਿ ਹੋਰ ਵੀ ਕਈ ਪਾਠਕਾਂ ਦੇ ਮਨ ਵਿਚ ਇਹ ਸਵਾਲ ਆ ਸਕਦੇ ਹਨ। ਸੋ ਦੂਸਰੇ ਭਾਗ ਦੇ ਅੰਤ ਵਿਚ ਮੈਂ ਏਹੋ ਜੇਹੀਆਂ ਬਹੁਤ ਸਾਰੀਆਂ ਗਿਣਤੀਆਂ ਦੇ ਦਿੱਤੀਆਂ ।

ਫਿਰ ਕੁਛ ਸੱਜਣਾ ਨੇ ਮੰਗ ਕੀਤੀ, ਕਿ ਕਈ ਔਖੇ ਸ਼ਬਦਾਂ ਦੇ ਅਰਥ ਸਾਡੀ ਸਮਝ ਵਿਚ ਨਹੀਂ ਆਉਂਦੇ । ਸੋ ਮੈਂ ਮਗਰਲੇ ਭਾਗਾਂ ਦੇ ਅਖੀਰ ਉਤੇ ਅੱਖਰ ਕਰਮ ਅਨੁਸਾਰ ਸ਼ਬਦਾਂ ਦੇ ਅਰਥ ਵੀ ਦਿੱਤੇ ਹਨ। ਕਈ ਗੁੰਝਲਾਂ ਨੂੰ ਖੁਹਲਣ ਵਾਸਤੇ ਪੁਰਾਤਨ ਹਿੰਦੀ ਤੇ ਬ੍ਰਜ ਭਾਸ਼ਾ ਦੇ ਗ੍ਰੰਥਾਂ ਤੋਂ ਵੀ ਸਹਾਇਤਾ ਲਈ ਗਈ ਹੈ ।

ਇਹ ਪੰਜੇ ਭਾਗ ਇਉਂ ਛਪੇ ਹਨ ।

ਪਹਿਲ ਭਾਗ, ਅਕਤੂਬਰ, 1981. ਦੂਜਾ ਭਾਗ ਅਗਸਤ, 1982

ਤੀਜਾ ਭਾਗ ਅਗਸਤ, 1982. ਚੌਥਾ ਭਾਗ, ਨਵੰਬਰ, 1983

ਪੰਜਵਾਂ ਭਾਗ, ਜਨਵਰੀ 1984

ਕਈ ਸੱਜਣ ਸਵਾਲ ਕਰਦੇ ਹਨ, ਕਿ ਨਾਵਲ ਲਿਖਣੇ ਛੱਡ ਕੇ ਮੈਂ ਇਸ ਪਾਸੇ ਕਿਉਂ ਪੈ ਗਿਆ । ਛੋਟਾ ਜੇਹਾ ਉਤਰ ਹੈ : 'ਲਗਨ' । ਮੇਰਾ ਤਜਰਬਾ ਹੈ, ਕਿ 'ਲਗਨ' ਤੇ 'ਸਿਰੜ' ਤੋਂ ਬਿਨਾਂ ਕੰਮ ਨਹੀਂ ਹੋ ਸਕਦਾ । ਜਿਹੜਾ ਕੰਮ ਮਨੁੱਖ ਲੋੜ ਦੀ ਮਜਬੂਰੀ ਕਾਰਨ ਕਰਦਾ ਹੈ, ਉਹ ਲੋੜ ਪੂਰੀ ਹੋ ਜਾਣ 'ਤੇ ਛੱਡ ਦੇਂਦਾ ਹੈ। ਪਰ ਜੋ ਲਗਨ ਕਾਰਨ ਹੁੰਦਾ ਹੈ, ਉਹ ਜ਼ਿੰਦਗੀ ਦੇ ਨਾਲ ਨਿਭਦਾ ਹੈ । ਲਗਨ ਹੀ ਹੈ, ਕਿ ਉਮਰ ਦੇ ਪੰਝਤੱਰਵੇਂ ਸਾਲ ਵਿਚ ਇਹ ਗ੍ਰੰਥ ਪੂਰਾ ਕਰਨ ਵਾਸਤੇ ਮੈਂ ਲਗਾਤਾਰ ਅੱਠ-ਅੱਠ, ਨੌਂ-ਨੌਂ ਘੰਟੇ ਇਕੋ ਥਾਂ ਬੈਠਿਆਂ ਲਿਖਿਆ ਹੈ ।

'ਵੇਖੀ ਮਾਣੀ ਦੁਨੀਆਂ' ਮੇਰੀ ਸ੍ਵੈ-ਜੀਵਨੀ ਹੈ । ਉਸ ਵਿਚ ਮੈਂ ਜੀਵਨ ਵਿਚ ਵਾਪਰੀ ਹਰ ਚੰਗੀ-ਮਾੜੀ ਘਟਨਾ ਦਾ ਜ਼ਿਕਰ ਕੀਤਾ ਹੈ । ਸਹੀ ਅਰਥਾਂ ਵਿਚ ਮੇਰਾ ਜੀਵਨ ਬੜਾ ਸੰਘਰਸ਼ ਭਰਿਆ ਹੈ । ਕੁਛ ਸਰਧਾਲੂਆਂ ਦੇ ਜ਼ੋਰ ਦੇਣ 'ਤੇ ਉਪਰੋਕਤ ਗ੍ਰੰਥ ਦੇ ਦੌਰਾਨ ਹੀ ਇਹ ਮੈਂ ਲਿਖਿਆ ਤੇ ਸਤੰਬਰ, 1983 ਈ. ਵਿਚ ਛਾਪ ਦਿੱਤਾ ।

ਇਕ ਮੇਰੀ ਛੋਟੀ ਜੇਹੀ ਕਿਤਾਬ ਹੈ, "ਮੇਰੇ ਇਤਿਹਾਸਕ ਲੈਕਚਰ" । ਉਸ ਵਿਚ ਇਕ ਲੈਕਚਰ ਹੈ, 'ਗੁਰੂ ਅਰਜਨ ਪ੍ਰਤੱਖ ਹਰਿ' । ਮੈਂ ਉਸ ਵਿਚ ਇਹ ਦੱਸਣ ਦਾ ਯਤਨ ਕੀਤਾ ਹੈ, ਕਿ ਭੱਟਾਂ ਦੀ ਬਾਣੀ ਗੁਰੂ ਸਾਹਿਬਾਨ ਦੀ ਉਸਤਤ ਵਜੋਂ ਹੈ । ਪਰ 'ਗੁਰ ਮੁਖ ਵਾਕ' ਨਾਲ ਬਹੁਤ ਥਾਂਵਾਂ 'ਤੇ ਉਸ ਦਾ ਸਿੱਧਾਂਤ ਨਹੀਂ ਮਿਲਦਾ । ਕਈ ਥਾਂਵਾਂ 'ਤੇ ਭਗਤਾਂ ਦੀ ਬਾਣੀ ਵਿਚ ਵੀ ਸਿੱਖੀ ਸਿੱਧਾਂਤ ਦੇ ਉਲਟ ਵਿਚਾਰ ਹਨ । ਬਾਬਾ ਸੁੰਦਰ ਜੀ ਦਾ ਸੱਦ ਵੀ ਸਨਾਤਨੀ ਵਿਚਾਰਧਾਰਾ ਵੱਲ ਇਸ਼ਾਰਾ ਕਰਦਾ ਹੈ ।

ਇਹਨਾਂ ਵਿਚਾਰਾਂ ਦੇ ਉਲਟ ਕਈ ਸੱਜਣਾਂ ਨੇ ਕੁਛ ਰੋਸ ਪ੍ਰਗਟ ਕੀਤਾ । ਬਿਨਾਂ ਦਲੀਲ ਦੇ ਹੀ ਉਹ ਕਹਿਣ, ਕਿ ਮੈਨੂੰ ਐਸਾ ਨਹੀਂ ਸੀ ਕਰਨਾ ਚਾਹੀਦਾ ।

ਹੋ ਸਕਦਾ ਹੈ 'ਸੂਰਜ ਪ੍ਰਕਾਸ਼' ਉਤੇ ਕੀਤੀ ਟੀਕਾ-ਟਿੱਪਣੀ ਬਾਰੇ ਵੀ ਕੁਛ ਸੱਜਣ ਇਤਰਾਜ਼ ਕਰਨ, ਪਰ ਮੈਂ ਜੋ ਕੁਛ ਲਿਖਿਆ ਹੈ, ਕੇਵਲ ਸਿੱਖੀ ਭਾਵਨਾ ਨੂੰ ਮੁਖ ਰਖ ਕੇ ਲਿਖਿਆ ਹੈ। ਸਭ ਗੁਰੂ ਮਹਾਰਾਜ ਦੀ ਕਿਰਪਾ ਹੈ । ਫ਼ਤਹਿ ।

30. 6. 84